ਉਨੀਵਾਂ ਸਾਲ

# ਪਰਦੇਸ ਟਾਇਮਜ਼

ਮਾਂ ਬੋਲੀ ਨੂੰ ਸਮਰਪਿਤ

www.pardestimes.com

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 19 No. 465 January 23, 2025 E-mail : info@pardestimes.com Ph 510-938-7771

## ਗੁਰੂ ਘਰ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਦੀਆਂ ਚੋਣਾਂ 9 ਮਾਰਚ ਨੂੰ



ਫਰੀਮਾਂਟ- ਸਿੱਖ ਸੰਗਤ (ਬੇ-ਏਰੀਆ) ਵੱਲੋਂ ਸ. ਗੁਰਚਰਨ ਸਿੰਘ ਮਾਨ ਖਬਰ ਦਿੰਦੇ ਹਨ ਕਿ ਜਿਵੇਂ ਸੰਗਤ ਨੂੰ ਪਤਾ ਹੈ ਕਿ ਹਰ ਦੋ ਸਾਲ ਬਾਅਦ ਗੁਰੂ ਘਰ 'ਚ ਪ੍ਰਬੰਧਕਾਂ ਦੀ ਚੋਣ ਕੀਤੀ ਜਾਂਦੀ ਹੈ।

ਪਿਛਲੇ ਕਈ ਸਾਲਾਂ ਤੋਂ ਦੋ ਧਿਰਾਂ ਵੱਲੋਂ ਇਸ ਚੋਣ 'ਚ ਹਿੱਸਾ ਲਿਆ ਜਾਂਦਾ ਹੈ। ਇਸ ਸਾਲ ਵੀ ਇਹ ਚੋਣਾਂ ਮਾਰਚ 9, 2025 ਦਿਨ ਐਤਵਾਰ ਨੂੰ ਹੋ ਰਹੀਆਂ ਹਨ।

ਸੱਤ ਕਾਉਂਟੀਆਂ (ਸੱਤ ਜ਼ਿਲ੍ਹਿਆਂ) 'ਚ ਰਹਿੰਦੇ ਸਿੱਖਾਂ ਨੂੰ ਇਸ ਚੋਣ 'ਚ ਹਿੱਸਾ ਲੈਣ ਦੀ ਇਜਾਜ਼ਤ ਹੈ ਤੇ ਇਸ ਵਾਸਤੇ ਤੁਸੀਂ ਵੋਟ ਫਰੀਮਾਂਟ ਗੁਰੂ ਘਰ 'ਚ ਜ਼ਰੂਰ ਰਜਿਸਟਰਡ ਕੀਤੀ ਹੋਣੀ ਚਾਹੀਦੀਹੈ। ਇਸ ਵਾਸਤੇ ਦਸੰਬਰ 2024 ਤੱਕ ਵੋਟਾਂ ਬਣਾਉਣ ਦੀ ਵਿਧੀ ਚਲਦੀ ਰਹੀ ਹੈ।

ਯਾਦ ਰਹੇ ਸਿਰਫ ਸੱਤ ਕਾਉਂਟੀਆਂ ਦੇ ਸਿੱਖ ਪਰਿਵਾਰਾਂ, ਜਿਹਨਾਂ ਦੀਆਂ ਵੋਟਾਂ ਬਣੀਆਂ ਹੋਣਗੀਆਂ, ਉਹ ਹੀ ਆਪਣੀ ਵੋਟ ਪਾ ਸਕਣਗੇ।

ਆਲਮੀਡਾ, ਸੈਂਟਾ ਕਲਾਰਾ, ਕੌਂਟਰਾ ਕੋਸਟਾ, ਸੋਲਾਨੋ ਕਾਉਂਟੀ, ਸੈਨ ਮਾਟੀਓ, ਸੈਂਟਾ ਕਰੂਜ, ਸਾਨ ਫਰਾਂਸਿਸਕੋ ਕਾਉਂਟੀਆਂ ਹੀ ਵੋਟਾਂ 'ਚ ਹਿੱਸਾ ਲੈ ਸਕਣਗੀਆਂ।

ਗੁਰੂ ਘਰ ਦੀ ਪ੍ਰਬੰਧ ਸੰਭਾਲਦੀ ਕਮੇਟੀ, ਜੋ ਸਿੱਖ ਪੰਚਾਇਤ ਦੇ ਨਾਂ ਹੇਠ ਗੁਰੂ ਘਰ ਦਾ ਪ੍ਰਬੰਧ ਪਿਛਲੇ 10 ਸਾਲਾਂ ਤੋਂ ਉਪਰ ਦੇ ਸਮੇਂ ਤੋਂ ਸੰਭਾਲਦੀ ਆ ਰਹੀ ਹੈ। ਉਹਨਾਂ ਵੱਲੋਂ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਵੋਟਾਂ ਪਾਉਣ ਦੀ ਤਾਰੀਖ ਮਾਰਚ 9, 2025 ਹੀ ਹੋਵੇਗੀ।

ਉਸੇ ਦਿਨ ਰਾਤ ਨੂੰ ਨਤੀਜਾ ਵੀ ਐਲਾਨਿਆ ਜਾਵੇਗਾ ਤੇ ਜੋ ਵੀ ਧਿਰ ਜਿੱਤੇਗੀ, ਉਹ ਅਗਲੇ ਦੋ ਸਾਲਾਂ ਲਈ ਗੁਰੂ ਘਰ ਦੀ ਸੇਵਾ ਵਾਸਤੇ ਕੰਮ ਕਰੇਗੀ।

## ਸ਼ੰਭੂ ਮੋਰਚੇ ਤੋਂ ਦਿੱਲੀ ਕੂਚ ਕਰੇਗਾ 101 ਕਿਸਾਨਾਂ ਦਾ ਚੌਥਾ ਜਥਾ

ਸ਼ੰਭੂ ਬਾਰਡਰ (ਪਟਿਆਲਾ)- ਪਟਿਆਲਾ ਜ਼ਿਲ੍ਹੇ ਅੰਦਰ ਸ਼ੰਭੂ ਅਤੇ ਢਾਬੀ ਗੁੱਜਰਾਂ (ਖਨੌਰੀ) ਬਾਰਡਰ 'ਤੇ ਜਾਰੀ ਪੱਕੇ ਕਿਸਾਨ ਮੋਰਚਿਆਂ ਦੀ ਅਗਵਾਈ ਕਰ ਰਹੀਆਂ ਧਿਰਾਂ ਨੇ 101 ਕਿਸਾਨਾਂ ਦੇ ਜਥਿਆਂ ਵੱਲੋਂ ਦਿੱਲੀ ਕੂਚ ਕਰਨ ਦੇ ਪ੍ਰੋਗਰਾਮ ਨੂੰ ਅਗਾਂਹ ਤੋਰਦਿਆਂ ਅਜਿਹਾ ਚੌਥਾ ਜਥਾ ਦਿੱਲੀ ਰਵਾਨਾ ਕਰਨ ਦਾ ਫੈਸਲਾ ਲਿਆ ਗਿਆ ਹੈ। ਇਹ ਜਾਣਕਾਰੀ ਸਵਰਨ ਸਿੰਘ ਪੰਧੇਰ ਤੇ ਹੋਰ ਕਿਸਾਨ ਆਗੂਆਂ ਨੇ ਸ਼ੰਭੂ ਬਾਰਡਰ ਉਤੇ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਦਿੱਤੀ। ਇਧਰ ਖਨੌਰੀ ਬਾਰਡਰ 'ਤੇ ਡੱਲੇਵਾਲ ਦਾ ਮਰਨ ਵਰਤ ਜਾਰੀ ਹੈ। ਵਰਣਨਯੋਗ ਹੈ ਕਿ ਦੇਸ਼ ਦੀ ਹਕੂਮਤ ਤੋਂ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਮੰਨੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਕਿਸਾਨ ਮਜ਼ਦੂਰ ਮੋਰਚਾ (ਭਾਰਤ) ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਦੀ ਅਗਵਾਈ ਹੇਠਾਂ ਗਿਆਰਾਂ ਮਹੀਨਿਆਂ ਤੋਂ ਜਾਰੀ 'ਕਿਸਾਨ ਅੰਦੋਲਨ-2' ਦੀ ਕੜੀ ਵਜੋਂ ਸ਼ੰਭੂ ਮੋਰਚੇ ਤੋਂ ਪੈਦਲ 101 ਕਿਸਾਨਾਂ ਦੇ ਜਥੇ ਦਿੱਲੀ ਵੱਲ ਕੂਚ ਕਰਨ ਦੇ ਪ੍ਰੋਗਰਾਮ ਦੀ ਧਾਰ ਹੋਰ ਤਿੱਖੀ ਕਰਨ ਦੇ ਮਕਸਦ ਨਾਲ ਇਹ ਫ਼ੈਸਲਾ ਲਿਆ ਗਿਆ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਸ਼ੰਭੂ ਬਾਰਡਰ ਤੋਂ 6, 8 ਅਤੇ 14 ਦਸੰਬਰ ਨੂੰ ਵੀ ਕਿਸਾਨਾਂ ਨੇ ਪੈਦਲ ਅਤੇ ਸ਼ਾਂਤਮਈ ਤਰੀਕੇ ਨਾਲ ਦਿੱਲੀ ਵੱਲ ਨੂੰ ਕੂਚ ਕੀਤਾ ਸੀ। ਪਰ ਤਿੰਨੋਂ ਵਾਰੀ ਉਨ੍ਹਾਂ ਨੂੰ ਹਰਿਆਣਾ ਪੁਲਿਸ ਵੱਲੋਂ ਬਾਰਡਰ 'ਤੇ ਕੀਤੀ ਗਈ ਜ਼ਬਰਦਸਤ ਬੈਰੀਕੇਡਿੰਗ ਅਤੇ ਤਾਕਤ ਦੀ ਵਰਤੋਂ ਕਰਦਿਆਂ ਹੀ ਰੋਕ ਲਿਆ ਜਾਂਦਾ ਰਿਹਾ ਹੈ। ਇਸ ਦੌਰਾਨ ਹਰ ਵਾਰ ਪੁਲੀਸ ਵੱਲੋਂ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲ਼ੇ ਅਤੇ ਰਬੜ ਦੀਆਂ ਗੋਲੀਆਂ ਸਮੇਤ ਪਾਣੀ ਦੀਆਂ ਬੁਛਾੜਾਂ ਆਦਿ ਨਾਲ਼ ਵਾਰ ਕੀਤੇ ਜਾਂਦੇ ਰਹੇ ਹਨ। ਪੁਲਿਸ ਦੀ ਇਸ ਸਖ਼ਤੀ ਕਾਰਨ ਤਿੰਨਾਂ ਯਤਨਾਂ ਦੌਰਾਨ ਸੌ ਦੇ ਕਰੀਬ ਕਿਸਾਨ ਜ਼ਖ਼ਮੀ ਹੋਏ ਹਨ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਹਰਿਆਣਾ ਸਰਕਾਰ ਦੀ ਇਹ ਕਿੰਨੀ ਧੱਕੇਸ਼ਾਹੀ ਹੈ ਕਿ ਉਹ ਸ਼ਾਂਤਮਈ ਤੇ ਪੈਦਲ ਕਿਸਾਨਾਂ ਨੂੰ ਵੀ ਦੇਸ਼ ਦੀ ਰਾਜਧਾਨੀ ਵੱਲ ਜਾਣ ਦੀ ਇਜਾਜ਼ਤ ਨਹੀਂ ਦੇ ਰਹੀ। ਇਸ ਦੌਰਾਨ ਮਰਨ ਵਰਤ 'ਤੇ ਬੈਠੇ 111 ਕਿਸਾਨਾਂ ਵਿੱਚੋਂ ਪ੍ਰਿਤਪਾਲ ਸਿੰਘ ਨੂੰ ਮਿਰਗੀ ਦਾ ਦੌਰਾ ਪੈਣ ਕਰ ਕੇ ਬਾਰਡਰ 'ਤੇ ਹਫੜਾ-ਦਫੜੀ ਮੱਚ ਗਈ। ਕਿਸਾਨਾਂ ਦੀ ਦੇਖਭਾਲ ਕਰਦੀ ਡਾਕਟਰ ਸਵੈਮਾਨ ਦੀ ਟੀਮ ਨੂੰ ਹੱਥਾਂ ਪੈਰਾਂ ਦੀਆਂ ਪੈ ਗਈਆਂ। ਡਾਕਟਰਾਂ ਵੱਲੋਂ ਕਿਸਾਨ ਦੇ ਹੱਥਾਂ ਪੈਰਾਂ ਦੀ ਮਾਲਸ਼ ਕਰਦਿਆਂ ਵਾਰ ਵਾਰ ਛਾਤੀ ਨੂੰ ਦੁਬਾਉਣ (ਭਾਵ ਸੀਪੀਆਰ ਦੇਣ) ਤੋਂ ਬਾਅਦ ਪ੍ਰਿਤਪਾਲ ਦੀ ਹਾਲਤ ਠੀਕ ਹੋਈ।



## ਇਸ ਵਾਰ ਜ਼ਿਆਦਾ ਹੀ ਦਿਲਚਸਪ ਹੋਈਆਂ ਦਿੱਲੀ ਦੀਆਂ ਚੋਣਾਂ

ਨਵੀਂ ਦਿੱਲੀ- 5 ਫਰਵਰੀ ਨੂੰ ਹੋਣ ਜਾ ਰਹੀਆਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਇਸ ਵਾਰ ਕੁਝ ਜ਼ਿਆਦਾ ਹੀ ਦਿਲਚਸਪ ਹੋ ਗਈਆਂ ਹਨ।ਇਹਨਾਂ ਚੋਣਾਂ ਲਈ ਪੰਜਾਬ ਤੋਂ ਵੀ ਕਾਫੀ ਵੱਡੀ ਗਿਣਤੀ ਵਿਚ ਲੋਕ ਪਹੁੰਚ ਰਹੇ ਹਨ। ਦੂਜੇ ਪਾਸੇ ਇਸ ਵਾਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਅਲੱਗ-ਅਲੱਗ ਚੋਣਾਂ ਲੜ ਰਹੀਆਂ ਹਨ, ਜਿਹਨਾਂ ਦਾ ਮੁੱਖ ਮੁਕਾਬਲਾ ਭਾਜਪਾ ਨਾਲ ਹੈ। ਪਿਛਲੀਆਂ ਚੋਣਾਂ ਵਿਚ ਕਾਂਗਰਸ ਨੇ ਅਸਿੱਧੇ ਤੌਰ ਤੇ ਕੇਜਰੀਵਾਲ ਦਾ ਸਾਥ ਦੇ ਕੇ ਉਹਨਾਂ ਨੂੰ ਜਿਤਾਇਆ ਸੀ ਪਰ ਇਸ ਵਾਰ ਕਾਂਗਰਸ ਵੀ ਆਪਣੀ ਗੁਆਚੀ ਸਾਖ ਨੂੰ ਬਚਾਉਣ ਲਈ ਪੂਰੀ ਤਾਕਤ ਨਾਲ ਚੋਣਾਂ ਲੜ ਰਹੀ ਹੈ, ਜਿਸ ਕਰਕੇ ਇਸ ਵਾਰ ਕੇਜਰੀਵਾਲ ਦਾ ਰਾਹ ਬਹੁਤ ਔਖਾ ਹੋ ਗਿਆ ਹੈ। ਇਸ ਵਾਰ ਦਿੱਲੀ ਵਿਚ ਕੇਜਰੀਵਾਲ ਦੇ ਮੁਕਾਬਲੇ ਜਿੱਥੇ ਕਾਂਗਰਸ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਦੇ ਮੁੰਡੇ ਨੂੰ ਉਤਾਰਨ ਦੀ ਤਿਆਰੀ ਵਿਚ ਹੈ, ਉਥੇ ਹੀ ਭਾਜਪਾ ਨੇ ਸਾਬਕਾ ਮੁੱਖ ਮੰਤਰੀ ਵਰਮਾ ਦੇ ਮੁੰਡੇ ਨੂੰ ਮੈਦਾਨ ਵਿਚ ਉਤਾਰ ਦਿੱਤਾ ਹੈ। ਤਿੰਨ ਕੋਨੇ ਮੁਕਾਬਲੇ ਵਿਚ ਕੇਜਰੀਵਾਲ ਦੀਆਂ ਮੁਸ਼ਕਿਲਾਂ ਵਧਣਗੀਆਂ ਹੀ ਨਹੀਂ ਬਲਕਿ ਇਸ ਵਾਰ ਦਿੱਲੀ ਵਿਚ ਕਿਸੇ ਵੀ ਪਾਰਟੀ ਨੂੰ ਬਹੁਮਤ ਮਿਲਦਾ ਨਜ਼ਰ ਨਹੀਂ ਆ ਰਿਹਾ, ਜੇਕਰ ਤਿੰਨੇ ਧਿਰਾਂ ਆਪੋ-ਆਪਣੇ ਦਮ 'ਤੇ ਚੋਣ ਲੜਦੀਆਂ ਹਨ। ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਨਵੀਂ ਦਿੱਲੀ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਅਰਵਿੰਦ ਕੇਜਰੀਵਾਲ ਨੇ 5 ਫਰਵਰੀ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰ ਦਿੱਤੇ ਹਨ। ਨਾਮਜ਼ਦਗੀ ਦਾਖਲ ਕਰਨ ਤੋਂ ਬਾਅਦ ਕੇਜਰੀਵਾਲ ਨੇ ਵੋਟਰਾਂ ਨੂੰ 'ਗਾਲੀ ਗਲੋਚ ਕਰਨ ਵਾਲੀ' ਭਾਜਪਾ ਦੀ ਥਾਂ 'ਆਪ' ਨੂੰ ਚੁਣਨ ਦੀ ਅਪੀਲ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਨੇ ਦਿੱਲੀ ਲਈ ਕੁਝ ਨਹੀਂ ਕੀਤਾ ਅਤੇ ਕੌਮੀ ਰਾਜਧਾਨੀ ਦੇ ਲੋਕਾਂ ਲਈ ਉਨ੍ਹਾਂ ਕੋਲ ਕੋਈ ਦ੍ਰਿਸ਼ਟੀਕੋਣ ਨਹੀਂ ਹੈ। ਨਾਮਜ਼ਦਗੀ ਦਾਖ਼ਲ ਕਰਨ ਤੋਂ ਪਹਿਲਾਂ ਕੇਜਰੀਵਾਲ ਨੇ ਕਨਾਟ ਪਲੇਸ ਵਿੱਚ ਮਹਾਰਿਸ਼ੀ ਵਾਲਮੀਕਿ ਮੰਦਰ ਅਤੇ ਪ੍ਰਾਚੀਨ ਹਨੂੰਮਾਨ ਮੰਦਰ 'ਚ ਮੱਥਾ ਟੇਕਿਆ। ਮੰਦਰਾਂ ਦੇ ਦਰਸ਼ਨ ਮਗਰੋਂ ਉਹ ਪਾਰਟੀ ਦਫ਼ਤਰ ਗਏ ਤੇ ਫਿਰ ਨਾਮਜ਼ਦਗੀ ਦਾਖਲ ਕਰਨ ਲਈ ਅੱਗੇ ਵਧੇ। ਕੇਜਰੀਵਾਲ ਨਵੀਂ ਦਿੱਲੀ ਹਲਕੇ ਤੋਂ ਭਾਜਪਾ ਦੇ ਪਰਵੇਸ਼ ਵਰਮਾ ਅਤੇ ਕਾਂਗਰਸ ਦੇ ਸੰਦੀਪ ਦੀਕਸ਼ਿਤ ਦੇ ਵਿਰੁੱਧ ਚੋਣ ਲੜ ਰਹੇ ਹਨ। ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੇ ਜਾਣ ਬਾਰੇ ਕੇਜਰੀਵਾਲ ਨੇ ਕਿਹਾ, 'ਭਗਵਾਨ ਮੇਰੇ ਨਾਲ ਹੈ। ਜਿੰਨਾ ਚਿਰ ਮੇਰੀ ਜੀਵਨ ਰੇਖਾ ਹੈ, ਮੈਂ ਜ਼ਿੰਦਾ ਰਹਾਂਗਾ। ਮੈਂ ਇਸ ਜੀਵਨ ਰੇਖਾ ਦੇ ਖਤਮ ਹੋਣ ਨਾਲ ਹੀ ਮਰਾਂਗਾ।' ਕੇਂਦਰ ਵੱਲੋਂ ਕਥਿਤ ਸ਼ਰਾਬ ਘੁਟਾਲੇ ਦੇ ਮਾਮਲੇ ਵਿੱਚ ਉਨ੍ਹਾਂ ਤੇ ਮਨੀਸ਼ ਸਿਸੋਦੀਆ ਵਿਰੁੱਧ ਮੁਕੱਦਮਾ ਚਲਾਉਣ ਲਈ ਈਡੀ ਨੂੰ ਮਨਜ਼ੂਰੀ ਦੇਣ ਬਾਰੇ ਕੇਜਰੀਵਾਲ ਨੇ ਕਿਹਾ ਕਿ ਇਸ ਤਰ੍ਹਾਂ ਉਹ (ਭਾਜਪਾ) ਦਿੱਲੀ ਵਿਧਾਨ ਸਭਾ ਚੋਣਾਂ ਲੜ ਰਹੇ ਹਨ।



MST INS SERV INC
Long Haul
A Rated Market
Licensed



Washington/CA/Indiana/Texas/nevada/New Jersey ਦੇ ਲਈ Insurance ਜੋ ਬਹੁਤ ਵਧੀਆ ਰੇਟ 'ਤੇ ਕਰਵਾ ਸਕਦੇ ਹੋ।
ਹਰ ਤਰ੍ਹਾਂ ਦੇ ਟਰੱਕਾਂ ਦੇ ਕੰਮ ਕਰਨ ਵਾਲਿਆਂ ਲਈ
ਲੋਕਲ/ 48 ਸਟੇਟਾਂ/ ਸੈਂਡ/ ਗਰੇਵੱਲ/ ਕੰਟੇਨਰ
Mandeep Thiara
Owner/Broker-Agent
Lic #600363
Tel (209) 407-4236
Fax (209) 666-1428
Cell (209) 666-0032
info@mstinsurance.net
3941 Holly Drive Suite #1 Tracy, CA 95304

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ
ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ



TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

Turning 65 Years Old?



If you've got questions,
I've got answers!
Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!
Let's talk about it!
Gurcharan Singh Mann
Licensed Insurance Agent
CA License No. 0C70672
(510) 487-1000 TTY:711
MANN@GGIABA.COM
By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

# ਅਮਰੀਕਾ ’ਚ ਭਾਰਤੀਆਂ ਬਾਰੇ ਬਹਿਸ



ਸ਼ਸ਼ੀ ਥਰੂਰ

ਸ਼ਾਇਦ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ‘ਅਮਰੀਕਾ ਨੂੰ ਮੁੜ ਮਹਾਨ ਬਣਾਉਣ’ (Make Ameirca Great Agian -MAGA) ਦੀ ਲਹਿਰ ਅੰਦਰ ਉੱਭਰੀ ‘ਖ਼ਾਨਾਜੰਗੀ’ ਵਿੱਚ ਭਾਰਤ ਉੱਭਰ ਕੇ ਸਾਹਮਣੇ ਆ ਗਿਆ ਹੈ। ਹੈਰਤ ਦੀ ਗੱਲ ਹੈ ਜਾਂ ਨਹੀਂ ਪਰ ਜੋ ਕੁਝ ਵਾਪਰ ਰਿਹਾ ਹੈ, ਉਹ ਇਹੀ ਹੈ ਜਿਸ ਦਰਮਿਆਨ ‘ਮਾਗਾ’ ਦੇ ਆਪੋ ’ਚ ਲੜ ਰਹੇ ਖੇਮਿਆਂ ਅੰਦਰ ਭਾਰਤ ਨੁਮਾ ਇੱਕ ਦਰਾੜ ਬਣ ਗਈ ਹੈ। ਇੱਕ ਪਾਸੇ ਉਹ ਲੋਕ ਖੜ੍ਹੇ ਹਨ ਜੋ ਇਹ ਵਿਸ਼ਵਾਸ ਰੱਖਦੇ ਹਨ ਕਿ ਅਮਰੀਕੀ ਮਹਾਨਤਾ ਬਹਾਲ ਕਰਨ ਦੀ ਕੁੰਜੀ ਆਇਸੋਲੇਸ਼ਨਿਜ਼ਮ (ਦੂਜਿਆਂ ਦੇ ਝੰਜਟਾਂ ਤੋਂ ਦੂਰ ਰਹਿਣ), ਟੈਕਸ ਰਿਆਇਤਾਂ ਅਤੇ ਨੇਮਾਂ ਤੋਂ ਮੁਕਤੀ ਵਿੱਚ ਪਈ ਹੈ ਜਿਸ ਨਾਲ ਲਾਜ਼ਮੀ ਤੌਰ ’ਤੇ ਅਮਰੀਕਾ ਦੀਆਂ ਬਾਹਰੀ ਵਚਨਬੱਧਤਾਵਾਂ ਘਟ ਜਾਣਗੀਆਂ, ਸਰਕਾਰ ਦਾ ਆਕਾਰ ਸੁੰਗੜ ਜਾਵੇਗਾ ਅਤੇ ਦੁਨੀਆ ਭਰ ’ਚੋਂ ਬਿਹਤਰੀਨ ਪ੍ਰਤਿਭਾਵਾਂ ਨੂੰ ਨੌਕਰੀਆਂ ਦੇਣ ਨਾਲ ਕਾਰੋਬਾਰ ਫਰਾਟੇ ਮਾਰਨ ਲੱਗ ਪਵੇਗਾ। ਦੂਜੇ ਪਾਸੇ ਉਹ ਲੋਕ ਹਨ ਜਿਨ੍ਹਾਂ ਲਈ ਮਾਗਾ ਦਾ ਮਤਲਬ ਹਮੇਸ਼ਾ ਤੋਂ ਇਹ ਰਿਹਾ ਹੈ ਕਿ ਇਹ ਅਮਰੀਕਾ ਵਿੱਚ ਆਲਮੀਅਤ, ਬਹੁ-ਸੱਭਿਆਚਾਰਵਾਦ ਅਤੇ ਬਹੁਵਾਦ ਦੀ ਇੱਕ ਪ੍ਰਤੀਕਿਰਿਆ ਹੈ। ਉਨ੍ਹਾਂ ਦੇ ਵਿਚਾਰ ਮੁਤਾਬਿਕ ਅਮਰੀਕੀ



ਮਹਾਨਤਾ ਅਮਰੀਕੀ ਗੋਰੇਪਣ ਵਰਗੀ ਹੀ ਹੈ।

ਭਾਰਤ ਇਨ੍ਹਾਂ ਦੋਵੇਂ ਧੜਿਆਂ ਵਿੱਚ ਮੋਹਰੀ ਮੁਕਾਮ ਬਣ ਗਿਆ ਹੈ। ਕਈ ਪੈਮਾਨਿਆਂ ਤੋਂ ਭਾਰਤੀ ਆਦਰਸ਼ ਘੱਟਗਿਣਤੀ ਹਨ: ਅਮਰੀਕਾ ਵਿੱਚ 72 ਫ਼ੀਸਦੀ ਭਾਰਤੀ ਅਮਰੀਕੀ ਪਰਵਾਸੀ ਯੂਨੀਵਰਸਿਟੀ ਗ੍ਰੈਜੂਏਟਸ ਹਨ ਅਤੇ ਭਾਰਤੀ ਸਭ ਤੋਂ ਵੱਧ ਆਮਦਨ ਵਾਲੇ ਪਰਵਾਸੀ ਗਰੁੱਪਾਂ ’ਚ ਸ਼ਾਮਿਲ ਹਨ। ਪਿਛਲੇ ਪੰਝੀ ਸਾਲਾਂ ਦੌਰਾਨ ਸਿਲੀਕਾਨ ਵੈਲੀ ਵਿੱਚ ਕਰੀਬ 25 ਫ਼ੀਸਦੀ ਸਟਾਰਟਅਪਸ ਅਤੇ ਨਾਲ ਅਲਫਾਬੈਟ ਗੂਗਲ, ਮਾਈਕਰੋਸਾਫਟ, ਅਡੋਬ ਅਤੇ ਆਈਬੀਐੱਮ ਜਿਹੀਆਂ ਅਮਰੀਕਾ ਦੀਆਂ ਦਿਓਕੱਦ ਕੰਪਨੀਆਂ ਦੀ ਅਗਵਾਈ ਭਾਰਤੀ (ਭਾਰਤੀ-ਅਮਰੀਕੀਆਂ ਸਮੇਤ) ਕਰ ਰਹੇ ਹਨ। ਇਸ ਤੋਂ ਇਹ ਸਮਝਣ ਵਿੱਚ ਮਦਦ ਮਿਲਦੀ ਹੈ ਕਿ ਕਿਉਂ ਮਾਗਾ ਵਿੱਚ ਅਰਥਚਾਰੇ ਨੂੰ ਪ੍ਰਮੁੱਖ ਗਿਣਨ ਵਾਲਾ ਖੇਮਾ ਇਸ ਗੱਲੋਂ ਬਾਗ਼ੋਬਾਗ ਹੈ ਕਿ ਟਰੰਪ ਨੇ ਆਪਣੇ ਪ੍ਰਸ਼ਾਸਨ ਦੀਆਂ ਬਹੁਤ ਸਾਰੇ ਪ੍ਰਮੁੱਖ ਅਹੁਦਿਆਂ ’ਤੇ ਭਾਰਤੀ ਅਮਰੀਕੀਆਂ ਨੂੰ ਨਿਯੁਕਤ ਕੀਤਾ ਹੈ ਜਿਨ੍ਹਾਂ ਵਿੱਚ ਜੇ। ਭੱਟਾਚਾਰੀਆ ਕੌਮੀ ਸਿਹਤ ਸੰਸਥਾਵਾਂ ਦਾ ਸੰਚਾਲਨ ਕਰਨ ਲਈ ਅਤੇ ਕਸ਼ਯਪ ’ਕੈਸ਼’ ਪਟੇਲ (ਐੱਫਬੀਆਈ ਦਾ ਨਿਰਦੇਸ਼ਨ ਕਰਨ ਲਈ) ਸ਼ਾਮਿਲ ਹਨ। ਟਰੰਪ ਨੇ ਫੈਡਰਲ ਬਜਟ ਵਿੱਚ ਕਮੀ ਲਿਆਉਣ ਲਈ ਇੱਕ ਸਲਾਹਕਾਰੀ ਕਮਿਸ਼ਨ ਸਰਕਾਰੀ ਕੁਸ਼ਲਤਾ ਦੇ ਵਿਭਾਗ (ਡੀਓਜੀਈ) ਵਿੱਚ ਐਲਨ ਮਸਕ ਦੇ ਨਾਲ ਵਿਵੇਕ ਰਾਮਾਸਵਾਮੀ ਨੂੰ ਵੀ ਥਾਪਿਆ ਹੈ।

ਉਂਝ, ਮਾਗਾ ਲਹਿਰ ਦਾ ਗੋਰਾ ਪਿਆ ਕੌਮਪ੍ਰਸਤ ਧੜਾ ਇਨ੍ਹਾਂ ਨਿਯੁਕਤੀਆਂ ਤੋਂ ਅੱਗ ਬਗੂਲਾ ਹੋਇਆ ਪਿਆ ਹੈ। ਚੇਨਈ ਦੇ ਜੰਮਪਲ ਵੈਂਚਰ ਕੈਪੀਟਲਿਸਟ ਸ੍ਰੀਰਾਮ ਕ੍ਰਿਸ਼ਨਨ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਬਾਰੇ ਨੀਤੀਆਂ ਦਾ ਸਲਾਹਕਾਰ ਥਾਪਿਆ ਗਿਆ ਹੈ ਜਿਸ ਕਰ ਕੇ ਇਸ ਧੜੇ ਨੂੰ ਗਹਿਰਾ ਧੱਕਾ ਲੱਗਿਆ ਹੈ। ਇੱਕ ਵਰਤੋਂਕਾਰ ਨੇ ਐਕਸ ’ਤੇ ਲਿਖਿਆ “ਕੀ ਤੁਹਾਡੇ ’ਚੋਂ ਕਿਸੇ ਨੇ ਵੀ ਇਸ ਭਾਰਤੀ ਨੂੰ ਅਮਰੀਕਾ ਦੀ ਅਗਵਾਈ ਕਰਨ ਲਈ ਵੋਟ ਪਾਈ ਸੀ?” ਅਸਲ ਵਿੱਚ ਮਾਗਾ ਦੇ ਗੋਰੇ ਕੌਮਪ੍ਰਸਤ ਕੱਟੜਪੰਥੀਆਂ ਦੀ ਸਮੱਸਿਆ “ਇਸ ਭਾਰਤੀ” ਤੋਂ ਕਿਤੇ ਅਗਾਂਹ ਤੱਕ ਜਾਂਦੀ ਹੈ। ਐਲਨ ਮਸਕ, ਜਿਸ ਨੇ 2022 ਵਿੱਚ ਟਵਿਟਰ (ਹੁਣ ਐਕਸ) ਨੂੰ ਖਰੀਦਣ ਤੋਂ ਬਾਅਦ ਇਸ ਦੇ ਸੰਚਾਲਨ ਲਈ ਕ੍ਰਿਸ਼ਨਨ ਨੂੰ ਭਰਤੀ ਕੀਤਾ ਸੀ, ਨੇ ਲੰਘੀ 14 ਨਵੰਬਰ ਨੂੰ ਡੀਓਜੀਈ ਵਿੱਚ ਸੁਝਾਅ ਮੰਗੇ ਸਨ। ਕ੍ਰਿਸ਼ਨਨ ਨੇ ਜਵਾਬ ਵਿੱਚ ਲਿਖਿਆ ਸੀ “ਗਰੀਨ ਕਾਰਡਾਂ ਲਈ ਦੇਸ਼ਵਾਰ ਬੰਦਿਸ਼ਾਂ ਹਟਾਉਣ ਤੋਂ ਲੈ ਕੇ ਹੁਨਰਮੰਦ ਆਵਾਸ ਨੂੰ ਖੋਲ੍ਹਣ ਤੱਕ ਜੋ ਕੁਝ ਵੀ ਕੀਤਾ ਜਾਵੇ, ਉਹ ਬਹੁਤ ਹੀ ਵਧੀਆ ਰਹੇਗਾ।” ਜਦੋਂ ਅਗਲੇ ਮਹੀਨੇ ਟਰੰਪ ਨੇ ਉਸ ਦੀ ਨਿਯੁਕਤੀ ਦਾ ਐਲਾਨ ਕਰ ਦਿੱਤਾ ਤਾਂ ਇਸ ਦਾ ਫ਼ੌਰੀ ਤੌਰ ’ਤੇ ਵਿਰੋਧ ਹੋਇਆ। ਮਾਗਾ ਦੀ ਇੱਕ ਪ੍ਰਮੁੱਖ ਕਾਰਕੁਨ ਲੌਰਾ ਲੂਮਰ ਨੇ ਐਕਸ ’ਤੇ ਐਲਾਨ ਕੀਤਾ ਕਿ “ਇਹ ਬਹੁਤ ਹੀ ਪ੍ਰੇਸ਼ਾਨਕੁਨ ਗੱਲ ਹੈ।” ਸਿਰੇ ਦੀ ਚੀਕ ਪੁਕਾਰ ਦੇ ਲਹਿਜ਼ੇ ਵਿੱਚ ਉਸ ਨੇ ਆਖਿਆ: “ਇੱਕ ਅਜਿਹਾ ਬੰਦਾ ਜੋ ਗਰੀਨ ਕਾਰਡ ਦੀਆਂ ਸਾਰੀਆਂ ਰੋਕਾਂ ਹਟਾਉਣਾ ਚਾਹੁੰਦਾ ਹੈ, ਉਸ ਦੀ ਅਗਵਾਈ ਹੇਠ ਅਮਰੀਕਾ ਪਰਵਾਸ ਨੂੰ ਸੰਭਾਵੀ ਤੌਰ ’ਤੇ ਕਿਵੇਂ ਕੰਟਰੋਲ ਕਰ ਸਕਦਾ ਹੈ ਅਤੇ ਅਮਰੀਕਾ ਮੁਖੀ ਮੌਲਿਕਤਾ ਨੂੰ ਹੱਲਾਸ਼ੇਰੀ ਕਿਵੇਂ ਦੇ ਸਕਦਾ ਹੈ?” ਉਸ ਨੇ ਦਾਅਵਾ ਕੀਤਾ ਕਿ “ਇਸ ਨਾਲ ਵਿਦੇਸ਼ੀ ਵਿਦਿਆਰਥੀਆਂ ਨੂੰ ਅਮਰੀਕਾ ਜਾ ਕੇ ਨੌਕਰੀਆਂ ਨੂੰ ਲੈਣ ਦੀ ਹੱਲਾਸ਼ੇਰੀ ਹੀ ਮਿਲੇਗੀ ਜੋ ਅਮਰੀਕੀਆਂ ਨੂੰ ਮਿਲਣੀਆਂ ਚਾਹੀਦੀਆਂ ਹਨ।”

ਉਂਝ, ਕ੍ਰਿਸ਼ਨਨ ਨੇ ਦੇਸ਼ਾਂ ਨਾਲ ਜੁੜੀਆਂ ਉਨ੍ਹਾਂ ਗਰੀਨ ਕਾਰਡ (ਅਮਰੀਕੀ ਪੀਆਰ ਵੀਜ਼ੇ) ਬੰਦਿਸ਼ਾਂ ਨੂੰ ਹਟਾਉਣ ਦੀ ਗੱਲ ਕੀਤੀ ਹੈ ਜੋ ਹਰ ਸਾਲ ਕਿਸੇ ਖ਼ਾਸ ਮੁਲਕ ਦੇ ਵਿਅਕਤੀਆਂ ਨੂੰ ਜਾਰੀ ਕੀਤੇ ਜਾ ਸਕਦੇ ਹਨ। ਦੇਸ਼ਾਂ ਦੀਆਂ ਰੋਕਾਂ ਕਰ ਕੇ ਭਾਰਤ ਜਿਹੇ ਵੱਡੇ ਮੁਲਕਾਂ ਤੋਂ ਜਾਣ ਵਾਲੇ ਨੌਜਵਾਨਾਂ ਉੱਪਰ ਅਸਰ ਪੈਂਦਾ ਹੈ। ਟਰੰਪ ਵੱਲੋਂ ਵਾਈਟ ਹਾਊਸ ਵਿੱਚ ਏਆਈ (ਮਸਨੂਈ ਬੌਧਿਕਤਾ) ਮਾਮਲਿਆਂ ਬਾਰੇ ਨਿਯੁਕਤ ਕੀਤੇ ਡੇਵਿਡ ਸਾਕਸ ਨੇ ਧਿਆਨ ਦਿਵਾਇਆ ਕਿ “ਹਰੇਕ ਦੇਸ਼ ਨੂੰ ਇੱਕੋ ਜਿੰਨੇ ਗਰੀਨ ਕਾਰਡ ਜਾਰੀ ਕੀਤੇ ਜਾਂਦੇ ਹਨ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਸ ਕੋਲ ਯੋਗ ਬਿਨੈਕਾਰ ਕਿੰਨੇ ਜ਼ਿਆਦਾ ਹਨ। ਸਿੱਟੇ ਵਜੋਂ ਭਾਰਤ ਤੋਂ ਆਉਣ ਵਾਲੇ ਬਿਨੈਕਾਰਾਂ ਨੂੰ 11 ਸਾਲਾਂ ਦੀ ਉਡੀਕ ਕਰਨੀ ਪੈਂਦੀ ਹੈ ਜਦੋਂਕਿ ਹੋਰਨਾਂ ਮੁਲਕਾਂ ਤੋਂ ਆਉਣ ਵਾਲਿਆਂ ਨੂੰ ਕੋਈ ਉਡੀਕ ਨਹੀਂ ਕਰਨੀ ਪੈਂਦੀ।”

ਦਰਅਸਲ, ਉੱਚ ਪੱਧਰੀ ਹੁਨਰਮੰਦ ਕਾਮਿਆਂ ਦੇ ਐਚ1ਬੀ ਵੀਜ਼ੇ ਹਾਸਿਲ ਕਰਨ ਵਾਲਿਆਂ ’ਚੋਂ ਬਹੁਤੀ ਜ਼ਿਆਦਾ ਤਾਦਾਦ (ਲਗਭਗ 78 ਫ਼ੀਸਦੀ) ਭਾਰਤੀਆਂ ਦੀ ਹੀ ਹੈ ਹਾਲਾਂਕਿ ਕਿਸੇ ਵੀ ਦੇਸ਼ ਲਈ ਲੱਗੀ ਹੱਦਬੰਦੀ ਮੁਤਾਬਿਕ ਉਨ੍ਹਾਂ ਨੂੰ ਸਿਰਫ਼ 7 ਫ਼ੀਸਦੀ ਗਰੀਨ ਕਾਰਡ ਹੀ ਜਾਰੀ ਕੀਤੇ ਜਾਂਦੇ ਹਨ। ਸਾਕਸ, ਮਸਕ ਅਤੇ ਮਾਗਾ ਦੇ ਅਰਥਚਾਰੇ ਪੱਖੀ ਇਸ ਖੇਮੇ ਦੇ ਹੋਰ ਲੋਕ ਇਹ ਚਾਹੁੰਦੇ ਹਨ ਕਿ ਦੁਨੀਆ ਭਰ ’ਚੋਂ ਬਿਹਤਰੀਨ ਅਤੇ ਹੋਣਹਾਰ ਵਿਅਕਤੀਆਂ ਨੂੰ ਆਕਰਸ਼ਿਤ ਕਰ ਕੇ ਅਮਰੀਕਾ ਦੀ ਮਹਾਨਤਾ ਦੀ ਸੇਵਾ ਹਿੱਤ ਲਾਇਆ ਜਾਵੇ।

ਪਰ ਲੂਮਰ ਤੇ ਉਸ ਵਰਗੇ ਕਈ ਹੋਰਨਾਂ ਲਈ, ਹਰ ਤਰ੍ਹਾਂ ਦਾ ਆਵਾਸ ਸਮੱਸਿਆ ਹੈ ਕਿਉਂਕਿ ਅਸਲ ’ਚ ਇਹ ਅਮਰੀਕਾ ਦੇ ਈਸਾਈ, ਯੂਰਪੀਅਨ ਕੌਮੀ ਕਿਰਦਾਰ ਲਈ ਖ਼ਤਰਾ ਹੈ ਅਤੇ ਵਿਦੇਸ਼ੀਆਂ ਨੂੰ ਅਮਰੀਕੀਆਂ ਤੋਂ “ਨੌਕਰੀਆਂ ਖੋਹਣ” ਦੇ ਸਮਰੱਥ ਬਣਾਉਂਦਾ ਹੈ। ਭਾਰਤ ਤੋਂ ਹੋਣ ਵਾਲਾ ਆਵਾਸ ਜਿਸ ’ਚ ਮੁਸ਼ਕਿਲ ਨਾਲ 2-3 ਪ੍ਰਤੀਸ਼ਤ ਹੀ ਈਸਾਈ ਹੋਣਗੇ, ਤੇ ਸ਼ਾਇਦ ਹੀ ਕੋਈ ਗੋਰਾ ਹੋਵੇ- ਬਿਲਕੁਲ ਇਵੇਂ ਹੀ ਹੈ। ਜਿਸ ਤਰ੍ਹਾਂ ਕੱਟੜ ਸੱਜੇ ਪੱਖੀ ਟਿੱਪਣੀਕਾਰ ਐਨ। ਕੋਲਟਰ ਨੇ ਪਿਛਲੇ ਸਾਲ ਰਿਪਬਲਿਕਨਾਂ ਵੱਲੋਂ ਰਾਸ਼ਟਰਪਤੀ ਉਮੀਦਵਾਰ ਦੀ ਦੌੜ ’ਚ ਰਹੇ ਰਾਮਾਸਵਾਮੀ ਨੂੰ ਕਿਹਾ ਸੀ, ਕਿ ਉਹ ਉਸ (ਰਾਮਾਸਵਾਮੀ) ਦੇ ਕਈ ਵਿਚਾਰਾਂ ਨਾਲ ਸਹਿਮਤ ਹੋਣ ਦੇ ਬਾਵਜੂਦ ਉਸ ਨੂੰ ਕਦੇ ਵੋਟ ਨਾ ਪਾਉਂਦਾ ਕਿਉਂਕਿ ਉਹ ਭਾਰਤੀ ਹੈ।

ਹਾਲ ਹੀ ਵਿੱਚ ਅਮਰੀਕੀ ਕਾਂਗਰਸ (ਪ੍ਰਤੀਨਿਧ ਸਦਨ) ਵਿੱਚ ਭਾਰਤੀ ਮੂਲ ਦੇ ਦੋ ਡੈਮੋਕਰੈਟ ਮੈਂਬਰਾਂ, ਰੋ ਖੰਨਾ ਤੇ ਸ੍ਰੀ ਥਾਨੇਦਾਰ ਨਾਲ ਤਜਰਬੇ ਵੀ ਇਸੇ ਤਰ੍ਹਾਂ ਦੇ ਰਹੇ ਹਨ। ਖੰਨਾ ਨੇ ਉਭਾਰਿਆ ਕਿ ਅਮਰੀਕੀਆਂ ਨੂੰ ਇਸ ਗੱਲ ਲਈ ਖੁਸ਼ ਹੋਣਾ ਚਾਹੀਦਾ ਹੈ ਕਿ ਕ੍ਰਿਸ਼ਨਨ ਵਰਗੇ ਦੁਨੀਆ ਭਰ ਦੇ ਪ੍ਰਤਿਭਾਵਾਨ ਵਿਅਕਤੀ ਚੀਨ ਜਾਣ ਦੀ ਬਜਾਏ, ਅਮਰੀਕਾ ਆਉਣਾ ਚਾਹੁੰਦੇ ਹਨ। ਉਸ ਨੂੰ ਮਿਲੇ ਜਵਾਬਾਂ ਦੇ ਸ਼ਬਦ ਸਨ, “ਜੇ ਉਹ ਐਨੇ ਹੀ ਮਹਾਨ ਹਨ ਤਾਂ ਫਿਰ ਆਪਣੇ ਮੂਲ ਦੇਸ਼ (ਭਾਵ ਭਾਰਤ) ਨੂੰ ਹੀ ਠੀਕ ਕਿਉਂ ਨਹੀਂ ਕਰਦੇ?!, “ਸਾਨੂੰ ਗੋਰੀ ਨਸਲ ਦੇ ਆਵਾਸੀ ਚਾਹੀਦੇ ਹਨ ਨਾ ਕਿ ਘੁਸਪੈਠ ਕਰਦੀਆਂ ਭੂਰੀਆਂ ਧਾੜਾਂ।”

ਇਸੇ ਤਰ੍ਹਾਂ ਜਦ ਥਾਨੇਦਾਰ ਨੇ ਐੱਚ-1ਬੀ ਵੀਜ਼ਾ ਬਹਿਸ ’ਚ ਭਾਰਤੀ-ਅਮਰੀਕੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਜਾ ਰਹੀ ‘ਅਫ਼ਸੋਸਨਾਕ ਬਿਆਨਬਾਜ਼ੀ’ ਦੀ ਨਿਖੇਧੀ ਕੀਤੀ ਤਾਂ, ਉਸ ਉੱਤੇ ਵੀ ਨਸਲੀ ਗਾਲੀ ਗਲੋਚ ਦੀ ਬੁਛਾੜ ਹੋਈ। ਇਕ ‘ਐਕਸ’ ਵਰਤੋਂਕਾਰ ਨੇ ਲਿਖਿਆ, “ਕੀ ਮੈਂ ਤੈਨੂੰ ਮੁੰਬਈ ਦੀ ਟਿਕਟ ਖ਼ਰੀਦ ਕੇ ਦੇ ਸਕਦਾ ਹਾਂ? ਬੇਸ਼ੱਕ, ਇੱਕ ਪਾਸੇ ਦੀ।” ਇੱਕ ਹੋਰ ਨੇ ਲਿਖਿਆ, “ਵਾਹ, ਤੂੰ ਇੱਕ ਵਿਦੇਸ਼ੀ ਬੰਦਾ ਮੇਰੇ ਮੁਲਕ ’ਚ ਆਪਣੇ ਵਤਨ ਦੇ ਹੋਰਨਾਂ ਲੋਕਾਂ ਨੂੰ ਸੱਦਣ ਦੀ ਹਮਾਇਤ ਕਰ ਰਿਹਾ ਏਂ ਤਾਂ ਕਿ ਉਹ ਮੇਰੇ ਲੋਕਾਂ ਦਾ ਮੁਕਾਬਲਾ ਕਰਨ?”

ਇਹ ਗੱਲ ਪੱਕੀ ਹੈ, ਨਸਲਵਾਦ ਇੱਕੋ-ਇੱਕ ਕਾਰਨ ਨਹੀਂ ਹੈ ਕਿ ਕੁਝ ਟਰੰਪ ਹਮਾਇਤੀ ਆਵਾਸ ਨੀਤੀ ਦਾ ਵਿਰੋਧ ਕਰ ਰਹੇ ਹਨ। ਖੰਨਾ ਤੇ ਥਾਨੇਦਾਰ ਨੂੰ ਮਿਲੇ ਜਵਾਬ ਦਰਸਾਉਂਦੇ ਹਨ ਕਿ ਬਹੁਤੇ ਅਮਰੀਕੀਆਂ ਨੂੰ ਨੌਕਰੀਆਂ ’ਚ ਵਧੇ ਮੁਕਾਬਲੇ ਦਾ ਡਰ ਸਤਾ ਰਿਹਾ ਹੈ, ਖ਼ਾਸ ਤੌਰ ’ਤੇ ਉਦੋਂ ਜਦੋਂ ਏਆਈ ਤੇਜ਼ੀ ਨਾਲ ਕਈ ਤਰ੍ਹਾਂ ਦੇ ਸਨਅਤੀ ਖੇਤਰਾਂ ’ਚ ਕਾਮਿਆਂ ਦੀ ਥਾਂ ਲੈਣ ਵੱਲ ਵਧ ਰਹੀ ਹੈ। ਪਰ ਇੱਕ ਸੌਖਾ ਜਿਹਾ ਹੱਲ ਉਪਲਬਧ ਹੈ ਜਿਹੜਾ ‘ਮਾਗਾ’ ਬਹਿਸ ਦੀਆਂ ਦੋਵਾਂ ਧਿਰਾਂ ਨੂੰ ਪ੍ਰਵਾਨ ਹੋਣਾ ਚਾਹੀਦਾ ਹੈ: ਭਾਰਤੀ ਵਰਕਰਾਂ ਨੂੰ ਬੁਲਾਉਣ ਦੀ ਥਾਂ, ਅਮਰੀਕਾ ਨੂੰ ਕਾਢ-ਖੋਜ ਦਾ ਕਾਰਜ ਭਾਰਤ ’ਚ ਆਊਟਸੋਰਸ ਕਰ ਦੇਣਾ ਚਾਹੀਦਾ ਹੈ। ਜੇ ਅਮਰੀਕੀ ਨਿਵੇਸ਼ਕ ਅਤਿ-ਆਧੁਨਿਕ ਖੋਜ ਤੇ ਵਿਕਾਸ ਕਾਰਜਾਂ ਦੇ ਸਮਰੱਥ ਭਾਰਤੀ ਕੰਪਨੀਆਂ ਵਿੱਚ ਪੈਸਾ ਲਾਉਣ ਤਾਂ ਅਮਰੀਕਾ ਆਵਾਸ ’ਚ ਵਾਧਾ ਕੀਤੇ ਬਿਨਾਂ ਨਵੀਆਂ ਖੋਜਾਂ ਤੇ ਗਤੀਸ਼ੀਲਤਾ ਦਾ ਲਾਹਾ ਲੈ ਸਕਦਾ ਹੈ। ਪਰ- ਨਸਲਵਾਦੀ ਖ਼ਬਰਦਾਰ ਰਹਿਣ- ਇਸ ਦਾ ਵੀ ਭਾਰਤ ਨੂੰ ਹੀ ਲਾਹਾ ਮਿਲੇਗਾ, ਮਤਲਬ ਕਿ ਇੱਥੇ ‘MAGA’ ਨੂੰ ‘MAIGA’: ‘ਮੇਕ ਅਮੈਰਿਕਾ ਐਂਡ ਇੰਡੀਆ ਗ੍ਰੇਟ ਅਗੇਨ!’ ਲਈ ਥਾਂ ਬਣਾਉਣੀ ਪਏਗੀ।

# ਇਸ ਸਾਲ ਦੁਨੀਆ ਦੀਆਂ ਚੁਣੌਤੀਆਂ



ਹਰਸ਼ ਵੀ. ਪੰਤ

ਨਵੇਂ ਸਾਲ ਦੀ ਦਸਤਕ ਦੇ ਨਾਲ ਨਵੀਆਂ ਉਮੀਦਾਂ ਦਾ ਪਰਵਾਨ ਚੜ੍ਹਨਾ ਬਹੁਤ ਸੁਭਾਵਿਕ ਹੈ। ਕਿਉਂਕਿ ਪਿਛਲਾ ਸਾਲ ਤੇ ਉਸ ਤੋਂ ਪਿਛਲੇ ਕੁਝ ਸਾਲ ਭੂ-ਸਿਆਸੀ ਢਾਂਚੇ ’ਚ ਚੰਗੀ ਹਲਚਲ ਮਚਾਉਣ ਵਾਲੇ ਰਹੇ, ਇਸ ਲਈ ਇਸ ਸਾਲ ਤੋਂ ਸਭ ਨੂੰ ਵੱਡੀ ਉਮੀਦ ਤਾਂ ਇਹੀ ਹੈ ਕਿ ਦੁਨੀਆ ’ਚ ਠਹਿਰਾਓ ਅਤੇ ਸਥਿਰਤਾ ਦੀ ਭਾਵਨਾ ਵਧੇ। ਪਿਛਲੇ ਸਾਲ ’ਤੇ ਸਰਸਰੀ ਤੌਰ ’ਤੇ ਇਕ ਨਜ਼ਰ ਮਾਰੀ ਜਾਵੇ ਤਾਂ ਮਿਲੇਗਾ ਕਿ ਇਹ ਕਈ ਦੇਸ਼ਾਂ ’ਚ ਚੋਣਾਂ ਤੋਂ ਲੈ ਕੇ ਤਖ਼ਤਾ ਪਲਟ ਦੇ ਨਾਂ ਰਿਹਾ ਅਤੇ 2024 ਵੱਡੇ ਉਤਰਾਅ-ਚੜ੍ਹਾਅ ਨਾਲ ਲੰਘਿਆ।

ਯੂਰਪ ਤੋਂ ਲੈ ਕੇ ਏਸ਼ੀਆ ਤੇ ਦੱਖਣੀ ਅਮਰੀਕਾ ਤੋਂ ਲੈ ਕੇ ਅਫਰੀਕਾ ਤੱਕ ਸਿਆਸੀ ਵਰਗ ਜਨਤਾ ਦੀਆਂ ਉਮੀਦਾਂ ’ਤੇ ਖਰਾ ਨਹੀਂ ਉਤਰਿਆ। ਕਈ ਵਿਸ਼ਵ ਪੱਧਰੀ ਆਗੂਆਂ ਨੂੰ ਸਾਖ ਦੇ ਸੰਕਟ ਦਾ ਸਾਹਮਣਾ ਕਰਨਾ ਪਿਆ। ਅਮਰੀਕਾ ’ਚ ਡੋਨਾਲਡ ਟਰੰਪ ਦੀ ਨਾਟਕੀ ਰੂਪ ਨਾਲ ਸੱਤਾ ’ਚ ਵਾਪਸੀ ਤੇ ਸੀਰੀਆ ’ਚ ਬਸ਼ਰ ਅਲ-ਅਸਦ ਦੇ ਦਹਾਕਿਆਂ ਤੋਂ ਸਥਾਪਤ ਸ਼ਾਸਨ ਦਾ ਪਤਨ ਵਰਗੇ ਵੱਖ-ਵੱਖ ਸਿਆਸੀ ਰੰਗਾਂ ਨੂੰ ਦੇਖਦੇ ਹੋਏ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਵਿਸ਼ਵ ਪੱਧਰੀ ਢਾਂਚਾ ਦੂਜੀ ਆਲਮੀ ਜੰਗ ਤੋਂ ਬਾਅਦ ਤੋਂ ਸਭ ਤੋਂ ਨਾਜ਼ੁਕ ਦੌਰ ’ਚੋਂ ਲੰਘ ਰਿਹਾ ਹੈ। ਇਸ ਕਾਰਨ ਇਸ ਸਾਲ ਤੋਂ ਵੱਡੀਆਂ ਉਮੀਦਾਂ ਹਨ।

ਦੁਨੀਆ ਦੇ ਵੱਖ-ਵੱਖ ਕੋਨੇ ਸੰਘਰਸ਼ ਦਾ ਮੈਦਾਨ ਬਣੇ ਹੋਏ ਹਨ। ਇਹ ਕੋਈ ਦੱਬੀ-ਲੁਕੀ ਗੱਲ ਨਹੀਂ ਕਿ ਕਿਸੇ ਵੀ ਜੰਗ ਦੀ ਵੱਡੀ ਕੀਮਤ ਚੁਕਾਉਣੀ ਪੈਂਦੀ ਹੈ। ਸਿਆਸੀ, ਆਰਥਿਕ ਅਤੇ ਨੈਤਿਕ ਸਾਰੇ ਪੱਧਰਾ ’ਤੇ ਇਸ ਦਾ ਅਸਰ ਪੈਂਦਾ ਹੈ। ਜੋ ਲੋਕ ਪ੍ਰਤੱਖ ਤੌਰ ’ਤੇ ਜੰਗ ਦਾ ਹਿੱਸਾ ਨਹੀਂ ਹੁੰਦੇ, ਉਹ ਵੀ ਕਿਸੇ ਨਾ ਕਿਸੇ ਰੂਪ ਨਾਲ ਉਸ ਨਾਲ ਪ੍ਰਭਾਵਿਤ ਹੁੰਦੇ ਹਨ। ਵਿਕਸਿਤ ਦੇਸ਼ਾਂ ’ਚ ਲੰਬੇ ਸਮੇਂ ਤੋਂ ਇਹ ਧਾਰਨਾ ਸਥਾਪਤ ਹੋਈ ਕਿ ਦੂਰ-ਦੁਰਾਡੇ ਲੜੀਆਂ ਜਾਣ ਵਾਲੀਆਂ ਜੰਗਾਂ ਨਾਲ ਉਨ੍ਹਾਂ ’ਤੇ ਕੋਈ ਅਸਰ ਨਹੀਂ ਪਵੇਗਾ। ਬੀਤਿਆ ਸਾਲ ਉਸ ਧਾਰਨਾ ਨੂੰ ਤੋੜਨ ਵਾਲਾ ਸਿੱਧ ਹੋਇਆ।

ਇਸ ਕਾਰਨ, ਸੁਭਾਵਿਕ ਹੈ ਕਿ ਠਹਿਰਾਓ ਅਤੇ ਸਥਿਰਤਾ ਦੇ ਲਈ ਇਸ ਸਾਲ ਕੁਝ ਨਵਾਂ ਹਿਸਾਬ-ਕਿਤਾਬ ਕਰਨਾ ਪਵੇਗਾ। ਉਸ ਦੀ ਲੋੜ ਇਸ ਲਈ ਵੀ ਕਿਤੇ ਵਧ ਗਈ ਹੈ ਕਿਉਂਕਿ ਭੂ-ਸਿਆਸੀ ਮੁਕਾਬਲੇ ਦਾ ਨਵੇਂ ਸਿਰੇ ਤੋਂ ਵਧਣਾ ਚਿੰਤਾਜਨਕ ਹੈ। ਇਸੇ ਕੜੀ ’ਚ ਖ਼ਾਸ ਕਰ ਕੇ ਪੱਛਮੀ ਜਮਹੂਰੀ ਦੇਸ਼ਾਂ ਦਾ ਰੂਸ-ਚੀਨ ਵਰਗੀਆਂ ਤਾਨਾਸ਼ਾਹੀ ਤਾਕਤਾਂ ਦੇ ਨਾਲ ਸੰਘਰਸ਼ ਤਾਂ ਵਧਿਆ ਹੀ ਹੈ, ਯੂਰਪ ਅਤੇ ਪੱਛਮੀ ਏਸ਼ੀਆ ’ਚ ਜੰਗ ਦੇ ਨਵੇਂ ਮੋਰਚੇ ਵੀ ਬਣ ਗਏ ਹਨ। ਇਸ ਨੇ ਸੀਤ ਜੰਗ ਤੋਂ ਬਾਅਦ ਉਦਾਰ ਜਮਹੂਰੀ ਠਹਿਰਾ ਨਾਲ ਜੁੜੇ ਆਸ਼ਾਵਾਦ ਨੂੰ ਚੁਣੌਤੀ ਦਿੱਤੀ ਹੈ।



ਇਸ ਰੁਝਾਨ ਨੇ ਵਿਸ਼ਵ ਪੱਧਰੀ ਢਾਂਚੇ ਦੇ ਨਾਜ਼ੁਕ ਪਹਿਲੂਆਂ ਨੂੰ ਰੇਖਾਂਕਿਤ ਕਰਨ ਦੇ ਨਾਲ ਹੀ ਆਪਸੀ ਆਰਥਿਕ ਨਿਰਭਰਤਾ ਤੇ ਅੰਤਰਰਾਸ਼ਟਰੀ ਸੰਸਥਾਨਾਂ ਨੂੰ ਵੀ ਸਵਾਲਾਂ ਦੇ ਘੇਰੇ ’ਚ ਖੜ੍ਹਾ ਕਰ ਦਿੱਤਾ ਹੈ। ਰਵਾਇਤੀ ਸੱਤਾ-ਸ਼ਕਤੀ ਵਾਲੀ ਸਿਆਸਤ ਦੀ ਵਾਪਸੀ ਨੇ ਇਹੀ ਦਰਸਾਇਆ ਹੈ ਕਿ ਵਿਚਾਰਕ ਅਤੇ ਭੂ-ਰਾਜਨੀਤਕ ਟਕਰਾਅ ਦੀ ਗੁੰਜਾਇਸ਼ ਹੁਣ ਵੀ ਕਾਇਮ ਹੈ।

ਇਹ ਉਹੀ ਸਿਆਸਤ ਹੈ ਜੋ ਫ਼ੌਜ ਰਾਹੀਂ ਸਰਹੱਦਾਂ ਨੂੰ ਨਵੇਂ ਸਿਰੇ ਤੋਂ ਖਿੱਚਣ ’ਚ ਵਿਸ਼ਵਾਸ ਰੱਖਦੀ ਹੈ। ਤਕਨੀਕੀ ਤਰੱਕੀ ਵੀ ਫ਼ੌਜੀ ਰਣਨੀਤੀਆਂ ਤੋਂ ਲੈ ਕੇ ਜੰਗੀ ਖੇਤਰਾਂ ਨੂੰ ਵੱਡੇ ਪੱਧਰ ’ਤੇ ਪ੍ਰਭਾਵਿਤ ਕਰ ਰਹੀ ਹੈ।ਨਵੇਂ ਸਾਲ ਦੀ ਸ਼ੁਰੂਆਤ ਇਕ ਅਜਿਹੇ ਸਮੇਂ ’ਤੇ ਹੋ ਰਹੀ ਹੈ, ਜਦ ਦੁਨੀਆ ਜ਼ਮੀਨੀ ਸਿਆਸਤ ਦੀਆਂ ਤਾਕਤਾਂ ਦੇ ਵੱਖ-ਵੱਖ ਪਹਿਲੂਆਂ ਦੇ ਮੁਤਾਬਕ ਢਲ ਰਹੀ ਹੈ। ਯੂਕਰੇਨ ਜੰਗ, ਇਜ਼ਰਾਈਲ-ਹਮਾਸ ਟਕਰਾਅ, ਮੁੱਖ ਵਪਾਰਕ ਸਮੁੰਦਰੀ ਮਾਰਗਾਂ ਦੇ ਸਾਹਮਣੇ ਪੈਦਾ ਹੋ ਰਹੇ ਖ਼ਤਰਿਆਂ ਤੋਂ ਲੈ ਕੇ ਸੁਭਾਵਿਕ ਤੌਰ ’ਤੇ ਚੀਨੀ ਚੁਣੌਤੀ ਦੁਨੀਆ ਭਰ ਦੇ ਨੀਤੀ ਨਿਰਮਾਤਾਵਾਂ ਨੂੰ ਆਪਣੀ ਬੇੜੀ ਪਾਰ ਲਾਉਣ ਲਈ ਨਵੀਂ ਨਜ਼ਰ ਤੋਂ ਨੀਤੀਆਂ ਬਣਾਉਣ ਵੱਲ ਪ੍ਰੇਰਿਤ ਕਰ ਰਹੀ ਹੈ।

ਮੌਜੂਦਾ ਹਾਲਾਤ ਅਜਿਹੇ ਹਨ, ਜੋ ਆਰਥਿਕ ਪਹਿਲੂਆਂ ਰਾਹੀਂ ਵਿਸ਼ਵ ਪੱਧਰੀ ਸਿਆਸਤ ਨੂੰ ਪ੍ਰਭਾਵਿਤ ਕਰਨ ਵਾਲੀ ਧਾਰਨਾ ਨੂੰ ਲੈ ਕੇ ਦੁਬਾਰਾ ਵਿਚਾਰ ਕਰਨ ’ਤੇ ਮਜਬੂਰ ਕਰ ਰਹੇ ਹਨ। ਡੋਨਾਲਡ ਟਰੰਪ ਦਾ ਉਭਾਰ ਇਸੇ ਦਾ ਸੰਕੇਤ ਹੈ, ਜੋ ਵਿਸ਼ਵੀਕਰਨ ਦੇ ਨਾ-ਬਰਾਬਰ ਫ਼ਾਇਦਿਆਂ ਦਾ ਰਾਗ ਅਲਾਪ ਰਹੇ ਹਨ। ਉਨ੍ਹਾਂ ਨੇ ਅਮਰੀਕੀ ਸਿਆਸਤ ਦੀ ਧਾਰਾ ਨੂੰ ਇਸ ਮੁੱਦੇ ਰਾਹੀਂ ਨਾਟਕੀ ਰੂਪ ਨਾਲ ਬਦਲ ਵੀ ਦਿੱਤਾ।

ਆਰਥਿਕ ਅਤੇ ਰਣਨੀਤਕ ਮੋਰਚੇ ’ਤੇ ਟਰੰਪ ਦਾ ਪਹਿਲਾ ਕਾਰਜਕਾਲ ਬਾਕੀ ਵਿਸ਼ਵ ਦੇ ਨਾਲ ਅਮਰੀਕਾ ਦੀ ਸਰਗਰਮ ਹਿੱਸੇਦਾਰੀ ਦੇ ਪੱਧਰ ਨੂੰ ਨਵੇਂ ਸਿਰੇ ਤੋਂ ਤੈਅ ਕਰਨ ਵਾਲਾ ਰਿਹਾ ਹੈ। ਅਮਰੀਕੀ ਸਿਆਸਤ ਦਾ ਇਸ ਕਦਰ ਅੰਤਰਮੁਖੀ ਹੁੰਦੇ ਜਾਣਾ ਬਾਕੀ ਵਿਸ਼ਵ ਲਈ ਚਿਤਾਵਨੀ ਵਾਲੀ ਖ਼ਤਰੇ ਦੀ ਘੰਟੀ ਹੈ, ਜੋ ਵਿਸ਼ਵ ਪੱਧਰੀ ਸੁਰੱਖਿਆ ਦੇ ਮੁੱਖ ਗਾਰੰਟਰ ਦੇ ਰੂਪ ’ਚ ਅਮਰੀਕਾ ’ਤੇ ਹੱਦ ਤੋਂ ਵੱਧ ਨਿਰਭਰ ਰਿਹਾ ਹੈ। ਇਕ ਅਜਿਹੇ ਸਮੇਂ ਜਦ ਵੱਡੀਆਂ ਸ਼ਕਤੀਆਂ ਤੋਂ ਵਿਸ਼ਵ ਪੱਧਰੀ ਸਮੂਹ ਦਾ ਮੋਹ ਭੰਗ ਹੋ ਰਿਹਾ ਹੈ ਤਦ ਗਲੋਬਲ ਸਾਊਥ ਭਾਵ ਵਿਕਾਸਸ਼ੀਲ ਦੇਸ਼ਾਂ ਦੀ ਭੂਮਿਕਾ ਆਪਣੇ ਆਪ ਮਹੱਤਵਪੂਰਨ ਹੋ ਜਾਂਦੀ ਹੈ।

ਮੌਜੂਦਾ ਰੁਝਾਨਾਂ ਨੂੰ ਦੇਖਿਆ ਜਾਵੇ ਤਾਂ ਆਉਣ ਵਾਲੇ ਸਮੇਂ ’ਚ ਵਿਸ਼ਵ ਪੱਧਰੀ ਵਾਧੇ ਦੀ ਦਸ਼ਾ-ਦਿਸ਼ਾ ’ਚ ਗਲੋਬਲ ਸਾਊਥ ਦੀ ਅਹਿਮ ਭੂਮਿਕਾ ਹੋਵੇਗੀ, ਜਿਸ ’ਚ ਭਾਰਤ ਸਿਖਰ ’ਤੇ ਰਹਿਣ ਵਾਲੇ ਦੇਸ਼ਾਂ ’ਚੋਂ ਇਕ ਹੋਵੇਗਾ। ਇਸ ਲਈ ਵਿਕਾਸਸ਼ੀਲ ਦੇਸ਼ਾਂ ਲਈ ਇਹ ਜ਼ਰੂਰੀ ਹੀ ਨਹੀਂ, ਬਲਕਿ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਇਸ ਅਸਲੀਅਤ ਨੂੰ ਸਮਝ ਕੇ ਉਸ ਨੂੰ ਗਲੋਬਲ ਗਵਰਨੈਂਸ ਦੇ ਢਾਂਚੇ ’ਚ ਵੀ ਦਰਸਾਉਣ।

ਚਾਹੇ ਜਲਵਾਯੂ ਤਬਦੀਲੀ ਨਾਲ ਨਜਿੱਠਣ ਲਈ ਬਣਨ ਵਾਲੀਆਂ ਯੋਜਨਾਵਾਂ ਦੀ ਗੱਲ ਹੋਵੇ ਜਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਭਾਵ ਏਆਈ ਨੂੰ ਰੈਗੂਲੇਟ ਕਰਨ ਦੀ ਗੱਲ ਹੋਵੇ, ਅਜਿਹੇ ਕਾਲ ’ਚ ਗਲੋਬਲ ਸਾਊਥ ਤੇ ਭਾਰਤ ਵਰਗੇ ਦੇਸ਼ਾਂ ਦੀ ਭੂਮਿਕਾ ਫ਼ੈਸਲਾਕੁਨ ਹੋਣੀ ਚਾਹੀਦੀ ਹੈ। ਇਸ ਲਈ ਨਵਾਂ ਖ਼ਾਕਾ ਹੋਰ ਵੱਧ ਕੇਂਦਰਿਤ ਏਜੰਡਾ ਤਿਆਰ ਕਰਨਾ ਹੋਵੇਗਾ। ਮੌਜੂਦਾ ਹਾਲਾਤ ਭਾਰਤ ਲਈ ਇਕ ਵੱਡਾ ਮੌਕਾ ਪੇਸ਼ ਕਰ ਰਹੇ ਹਨ। ਇਸ ਨਵੇਂ ਸਾਲ ’ਚ ਜਦ ਚੀਨ ਆਪਣੀ ਚਮਕ ਗੁਆਉਂਦਾ ਦਿਖਾਈ ਦੇ ਰਿਹਾ ਹੈ, ਤਦ ਭਾਰਤ ਇਕ ਬਹੁਤ ਹੀ ਢੁੱਕਵੀਂ ਭੂ-ਸਿਆਸੀ ਤੇ ਭੂ-ਆਰਥਿਕ ਸਥਿਤੀ ’ਚ ਨਜ਼ਰ ਆ ਰਿਹਾ ਹੈ। ਭਾਰਤ ਨੇ ਦੁਨੀਆ ਦੇ ਨਕਸ਼ੇ ’ਤੇ ਆਪਣਾ ਨਾਂ ਬਣਾਇਆ ਤੇ ਚਮਕਾਇਆ ਹੈ। ਵਿਕਸਤ ਦੇਸ਼ ਹੁਣ ਭਾਰਤ ਨੂੰ ਵਿਕਾਸਸ਼ੀਲ ਦੇਸ਼ ਹੀ ਨਹੀਂ ਸਗੋਂ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਆਰਥਿਕਤਾ ਦੇ ਨੁਕਤੇ-ਨਿਗਾਹ ਨਾਲ ਵੇਖ ਰਹੇ ਹਨ। ਸੰਨ 1962 ਵਿਚ ਹਿੰਦ-ਚੀਨ ਜੰਗ ਵੇਲੇ ਭਾਰਤ ਦੀ ਪੈਦਲ ਫ਼ੌਜ, ਹਵਾਈ ਸੈਨਾ ਜਾਂ ਨੇਵੀ ਕਮਜ਼ੋਰ ਸੀ ਜਿਸ ਦਾ ਸਾਨੂੰ ਭਾਰੀ ਖ਼ਮਿਆਜ਼ਾ ਭੁਗਤਣਾ ਪਿਆ ਸੀ। ਚੀਨ ਨੇ ਭਾਰਤ ਦੇ ਨਾਲ ਲੱਗਦੇ ਵਿਸ਼ਾਲ ਖੇਤਰ ’ਤੇ ਕਬਜ਼ਾ ਕਰ ਲਿਆ ਸੀ। ਚੀਨ ਨਾਲ ਸਾਡੇ ਸਰਹੱਦੀ ਰੇੜਕੇ ਅੱਜ ਤੱਕ ਜਾਰੀ ਹਨ। ਇਸ ਦੇ ਬਾਵਜੂਦ ਚੀਨ ਦੀ ਜੁਰੱਅਤ ਨਹੀਂ ਕਿ ਉਹ ਭਾਰਤ ਦੀ ਧਰਤੀ ’ਤੇ ਇਕ ਇੰਚ ਹੋਰ ਕਬਜ਼ਾ ਕਰ ਸਕੇ। ਇਕ ਸਮਾਂ ਸੀ ਜਦ ਮੈਨੂਫੈਕਚਰਿੰਗ ਖੇਤਰ ਵਿਚ ਚੀਨ ਦੀ ਪੂਰੀ ਧਾਂਕ ਸੀ। ਹੁਣ ਭਾਰਤ ਵਿਚ ਵਿਸ਼ਵ ਪੱਧਰ ਦੇ ਪ੍ਰੋਡਕਟਸ ਬਣ ਰਹੇ ਹਨ ਜੋ ਕਈ ਵਿਕਸਤ ਦੇਸ਼ਾਂ ਨੂੰ ਵੀ ਨਿਰਯਾਤ ਕੀਤੇ ਜਾ ਰਹੇ ਹਨ।

ਜਦ ਵਿਕਸਤ ਦੇਸ਼ ਆਤਮ ਕੇਂਦਰਿਤ ਹੋ ਕੇ ਅੰਤਰਮੁਖੀ ਹੁੰਦੇ ਜਾ ਰਹੇ ਹਨ ਤਾਂ ਚੀਨ ਦਾ ਹੋਰ ਦੇਸ਼ਾਂ ਪ੍ਰਤੀ ਹਮਲਾਵਰ ਵਤੀਰਾ ਜੱਗ-ਜ਼ਾਹਿਰ ਹੈ, ਤਦ ਵਿਸ਼ਵ ਪੱਧਰੀ ਲੀਡਰਸ਼ਿਪ ਦੇ ਮੋਰਚੇ ’ਤੇ ਇਕ ਖਾਲੀ ਸਥਿਤੀ ਪੈਦਾ ਹੋ ਰਹੀ ਹੈ ਜਿਸ ਨੂੰ ਭਰਨਾ ਜ਼ਰੂਰੀ ਹੋਵੇਗਾ। ਇਹ ਕਾਫ਼ੀ ਹੱਦ ਤੱਕ ਨਵੀਂ ਦਿੱਲੀ ਦੇ ਵਤੀਰੇ ’ਤੇ ਨਿਰਭਰ ਹੋਵੇਗਾ ਕਿ ਉਹ ਬਾਕੀ ਵਿਸ਼ਵ ਦੇ ਨਾਲ ਕਿਵੇਂ ਤਾਲਮੇਲ ਬਿਠਾਉਂਦੀ ਹੈ। ਇਸ ’ਚ ਸਿਰਫ਼ ਆਪਣੀ ਚਿੰਤਾ ਤੇ ਹਿੱਤਾਂ ਦੀ ਪਰਵਾਹ ਹੀ ਨਹੀਂ, ਬਲਕਿ ਦੁਨੀਆ ਦੇ ਵੱਡੇ ਹਿੱਸਿਆਂ ਦੇ ਹਿੱਤਾਂ ਅਤੇ ਚਿੰਤਾਵਾਂ ਨੂੰ ਵੀ ਦੇਖਣਾ ਪਵੇਗਾ, ਜਿਨ੍ਹਾਂ ਦੀ ਅਜੇ ਤੱਕ ਵਿਸ਼ਵ ਪੱਧਰੀ ਵਿਚਾਰ-ਚਰਚਾ ’ਚ ਅਣਦੇਖੀ ਹੁੰਦੀ ਆਈ ਹੈ।

# ਟਰੰਪ ਦੇ ਤਾਜਪੋਸ਼ੀ ਸਮਾਗਮ ‘ਚ ਸ਼ਾਮਲ ਹੋਈਆਂ ਦੁਨੀਆਂ ਭਰ ਦੀਆਂ ਅਹਿਮ ਹਸਤੀਆਂ

ਵਾਸ਼ਿੰਗਟਨ- ਅਮਰੀਕਾ ਨੂੰ ਪਿਛਲੇ ਸਾਲ ਨਵੰਬਰ (ਨਵੰਬਰ 2024) ਵਿੱਚ ਡੋਨਾਲਡ ਟਰੰਪ ਦੇ ਰੂਪ ਵਿੱਚ ਇੱਕ ਨਵਾਂ ਰਾਸ਼ਟਰਪਤੀ ਮਿਲਿਆ। ਉਹ ਦੂਜੀ ਵਾਰ ਦੇਸ਼ ਦੇ ਰਾਸ਼ਟਰਪਤੀ ਚੁਣੇ ਗਏ ਹਨ ਅਤੇ 20 ਜਨਵਰੀ ਨੂੰ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਕੇ ਅਹੁਦਾ ਸੰਭਾਲ ਚੁੱਕੇ ਹਨ। ਪੂਰੀ ਦੁਨੀਆ ਟਰੰਪ ਦੇ ਸਹੁੰ ਚੁੱਕ ਸਮਾਗਮ ਦੀ ਉਡੀਕ ਕਰ ਰਹੀ ਸੀ, ਜਿਨ੍ਹਾਂ ਨੂੰ ਡੈਮੋਕ੍ਰੇਟਿਕ ਉਮੀਦਵਾਰ ਕਮਲਾ ਹੈਰਿਸ ਨੂੰ ਹਰਾ ਕੇ ਚੁਣੇ ਜਾਣ ਦਾ ਐਲਾਨ ਕੀਤਾ ਗਿਆ ਸੀ।

ਮਿਲੀ ਜਾਣਕਾਰੀ ਦੇ ਅਨੁਸਾਰ, ਐਲਨ ਮਸਕ, ਜੈਫ ਬੇਜੋਸ ਅਤੇ ਹੋਰਾਂ ਚੋਟੀ ਦੇ ਲੋਕਾਂ ਦੇ ਵਾਸ਼ਿੰਗਟਨ, ਡੀ.ਸੀ. ਵਿੱਚ ਨਵੇਂ ਚੁਣੇ ਗਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਹੁੰ ਚੁੱਕ ਸਮਾਰੋਹ ਵਿੱਚ ਸ਼ਾਮਲ ਹੋਣ ਜਾ ਰਹੇ ਹਨ। ਇਸ ਦੇ ਨਾਲ ਹੀ ਦੁਨੀਆ ਦੇ ਤਿੰਨ ਸਭ ਤੋਂ ਅਮੀਰ ਵਿਅਕਤੀ ਟਰੰਪ ਦੇ ਸਮਾਰੋਹ ਵਿੱਚ ਸ਼ਾਮਲ ਹੋਏ।

ਐਮਾਜ਼ਾਨ ਦੇ ਸੰਸਥਾਪਕ ਜੈਫ ਬੇਜੋਸ ($235.3 ਬਿਲੀਅਨ ਦੀ ਕੁੱਲ ਜਾਇਦਾਦ, ਫੋਰਬਸ ਦਾ ਅਨੁਮਾਨ) ਅਤੇ ਮੈਟਾ ਦੇ ਮਾਰਕ ਜ਼ੁਕਰਬਰਗ ($212.6 ਬਿਲੀਅਨ) ਕਥਿਤ ਤੌਰ 'ਤੇ ਉਦਘਾਟਨੀ ਸਟੇਜ 'ਤੇ ਇਕੱਠੇ ਹੋਏ, ਟੇਸਲਾ ਦੇ ਸੀਈਓ ਐਲਨ ਮਸਕ ($429.8 ਬਿਲੀਅਨ) ਦੇ ਨਾਲ, ਜੋ ਕਿ ਪਹਿਲੇ ਵਿਅਕਤੀ ਹੋਣਗੇ ਜੋ ਉਦਘਾਟਨੀ ਸਮਾਗਮ 'ਚ ਸ਼ਾਮਲ ਹੋਏ। ਦੁਨੀਆ ਦਾ ਸਭ ਤੋਂ ਅਮੀਰ ਆਦਮੀ ਅਤੇ ਰਾਸ਼ਟਰਪਤੀ ਦਾ ਵਿਸ਼ਵਾਸਪਾਤਰ, ਜਿਸਨੇ ਨਵੰਬਰ ਦੀਆਂ ਚੋਣਾਂ ਜਿੱਤਣ ਵਿੱਚ ਟਰੰਪ ਦੀ ਮਦਦ ਕਰਨ ਲਈ ਇੱਕ ਬਿਲੀਅਨ ਡਾਲਰ ਦੇ ਚੌਥਾਈ ਤੋਂ ਵੱਧ ਖ਼ਰਚ ਕੀਤੇ।

ਸਮਾਗਮ ਤੋਂ ਪਹਿਲਾਂ ਓਪਨਏਆਈ ਦੇ ਸੀਈਓ ਸੈਮ ਆਲਟਮੈਨ ($1.1 ਬਿਲੀਅਨ), ਜਿਨ੍ਹਾਂ ਨੇ ਉਦਘਾਟਨੀ ਸਮਾਗਮ ਲਈ ਦਾਨ ਦਿੱਤਾ ਸੀ, ਕਥਿਤ ਤੌਰ 'ਤੇ ਇਸ ਸਮਾਗਮ ਵਿੱਚ ਸ਼ਾਮਲ ਹੋਣ ਦੀ ਯੋਜਨਾ ਬਣਾ ਰਹੇ ਸਨ।



ਬਲੂਮਬਰਗ ਦੇ ਅਨੁਸਾਰ, ਕੋਇਨਬੇਸ ਦੇ ਸੀਈਓ ਬ੍ਰਾਇਨ ਆਰਮਸਟ੍ਰਾਂਗ ($11.9 ਬਿਲੀਅਨ) ਨੂੰ ਉਦਘਾਟਨ ਨਾਲ ਸਬੰਧਤ ਸਮਾਗਮਾਂ ਵਿੱਚ ਸੱਦਾ ਦਿੱਤਾ ਗਿਆ ਸੀ, ਹਾਲਾਂਕਿ ਉਨ੍ਹਾਂ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਉਹ ਸਹੁੰ ਚੁੱਕ ਸਮਾਰੋਹ ਵਿੱਚ ਸ਼ਾਮਲ ਹੋਣਗੇ ਜਾਂ ਨਹੀਂ। ਟਰੰਪ ਪ੍ਰਸ਼ਾਸਨ ਵਿੱਚ ਕਈ ਹੋਰ ਅਰਬਪਤੀਆਂ ਅਤੇ ਉਨ੍ਹਾਂ ਦੇ ਜੀਵਨ ਸਾਥੀਆਂ ਨੂੰ ਉੱਚ ਅਹੁਦਿਆਂ ਦੀ ਪੇਸ਼ਕਸ਼ ਕੀਤੀ ਗਈ ਹੈ, ਪਰ ਉਨ੍ਹਾਂ ਦੀ ਹਾਜ਼ਰੀ ਦੀ ਪੁਸ਼ਟੀ ਨਹੀਂ ਕੀਤੀ ਗਈ ਸੀ।

ਸਟੀਫਨ ਫੇਨਬਰਗ ($5 ਬਿਲੀਅਨ), ਵਾਰੇਨ ਸਟੀਫਨਜ਼ ($3.3 ਬਿਲੀਅਨ), ਜੇਰੇਡ ਇਸਾਕਮੈਨ ($1.7 ਬਿਲੀਅਨ), ਹਾਵਰਡ ਲੂਟਨਿਕ ($1.5 ਬਿਲੀਅਨ), ਵਿਵੇਕ ਰਾਮਾਸਵਾਮੀ ($1 ਬਿਲੀਅਨ), ਸਟੀਵ ਵਿਟਕੋਫ ($1 ਬਿਲੀਅਨ), ਲਿੰਡਾ ਮੈਕਮਹੋਨ (ਪਤੀ ਵਿੰਸ ਮੈਕਮਹੋਨ ਦੀ ਕੀਮਤ ਹੈ) $3 ਬਿਲੀਅਨ) ਅਤੇ ਕੈਲੀ ਲੋਫਲਰ (ਪਤੀ ਜੈਫ ਸਪ੍ਰੇਚਰ ਦੀ ਜਾਇਦਾਦ $1 ਬਿਲੀਅਨ ਹੈ)।

### ਕੀ ਮਸਕ, ਬੇਜੋਸ ਅਤੇ ਜ਼ੁਕਰਬਰਗ ਵਰਗੇ ਅਰਬਪਤੀਆਂ ਨੇ ਟਰੰਪ ਦੀ ਮੁਹਿੰਮ ਦਾ ਸਮਰਥਨ ਕੀਤਾ ਸੀ?

ਪ੍ਰਾਪਤ ਜਾਣਕਾਰੀ ਅਨੁਸਾਰ, ਐਲਨ ਮਸਕ, ਜੈਂਫ ਬੇਜੋਸ ਅਤੇ ਮਾਰਕ ਜ਼ੁਕਰਬਰਗ ਵਿੱਚੋਂ ਕੁਝ ਨੇ ਟਰੰਪ ਦੀ ਮੁਹਿੰਮ ਦਾ ਸਮਰਥਨ ਕੀਤਾ, ਪਰ ਕੁਝ ਜਾਂ ਤਾਂ ਰਾਸ਼ਟਰਪਤੀ ਦੀ ਦੌੜ ਤੋਂ ਬਾਹਰ ਰਹੇ ਜਾਂ ਟਰੰਪ ਦੇ ਵਿਰੋਧ ਵਿੱਚ ਰਹੇ, ਪਰ ਫਿਰ ਉਨ੍ਹਾਂ ਨੇ ਚੰਗਾ ਵਿਵਹਾਰ ਕਰਨਾ ਸ਼ੁਰੂ ਕਰ ਦਿੱਤਾ। ਜ਼ੁਕਰਬਰਗ ਦੇ ਮੈਟਾ ਨੇ ਪਹਿਲਾਂ ਟਰੰਪ ਨੂੰ ਇੰਸਟਾਗ੍ਰਾਮ ਅਤੇ ਫੇਸਬੁੱਕ ਤੋਂ ਪਾਬੰਦੀ ਲਗਾ ਦਿੱਤੀ ਸੀ, ਅਤੇ ਟਰੰਪ ਨੇ ਇੱਕ ਵਾਰ ਉਸਨੂੰ ਜੇਲ੍ਹ ਭੇਜਣ ਦੀ ਧਮਕੀ ਦਿੱਤੀ ਸੀ। ਇਸ ਸਮਾਗਮ ਲਈ 170 ਮਿਲੀਅਨ ਡਾਲਰ ਤੋਂ ਵੱਧ ਇਕੱਠੇ ਹੋਏ। ਮੰਨਿਆ ਜਾਂਦਾ ਹੈ ਕਿ ਟਰੰਪ ਦੇ ਉਦਘਾਟਨੀ ਫੰਡ ਨੇ ਵੀ ਇੰਨੀ ਹੀ ਰਕਮ ਇਕੱਠੀ ਕੀਤੀ ਹੈ, ਜੋ ਕਿ ਚਾਰ ਸਾਲ ਪਹਿਲਾਂ ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਇਕੱਠੇ ਕੀਤੇ ਗਏ $62 ਮਿਲੀਅਨ ਤੋਂ ਲਗਪਗ ਤਿੰਨ ਗੁਣਾ ਹੈ ਅਤੇ ਟਰੰਪ ਦੇ 2016 ਦੇ ਉਦਘਾਟਨ ਸਮੇਂ ਸਥਾਪਤ ਕੀਤੇ ਗਏ $107 ਮਿਲੀਅਨ ਦੇ ਪਿਛਲੇ ਰਿਕਾਰਡ ਤੋਂ ਬਹੁਤ ਜ਼ਿਆਦਾ ਹੈ। ਇਹ ਬਹੁਤ ਜ਼ਿਆਦਾ ਹੈ। ਜਿਨ੍ਹਾਂ ਦਾਨੀਆਂ ਨੇ 1 ਮਿਲੀਅਨ ਡਾਲਰ ਦਿੱਤੇ ਜਾਂ ਦੂਜਿਆਂ ਤੋਂ 2 ਮਿਲੀਅਨ ਡਾਲਰ ਇਕੱਠੇ ਕੀਤੇ, ਉਨ੍ਹਾਂ ਨੂੰ ਉਦਘਾਟਨ ਤੋਂ ਪਹਿਲਾਂ ਦੇ ਦਿਨਾਂ ਵਿੱਚ ਕਈ ਸਮਾਗਮਾਂ ਲਈ ਛੇ ਟਿਕਟਾਂ ਦਿੱਤੀਆਂ ਗਈਆਂ, ਜਿਨ੍ਹਾਂ ਵਿੱਚ ਟਰੰਪ ਅਤੇ ਮੇਲਾਨੀਆ ਟਰੰਪ ਨਾਲ "ਕੈਂਡਲ ਲਾਈਟ ਡਿਨਰ" ਅਤੇ ਇੱਕ ਬਲੈਕ-ਟਾਈ ਬਾਲ ਸ਼ਾਮਲ ਹੈ।

# ਅਕਾਲੀ ਦਲ ਦੀ ਭਰਤੀ ਪ੍ਰਕਿਰਿਆ ਆਰੰਭ ਹੋਣ ਤੋਂ ਪਹਿਲਾਂ ਹੀ ਵਿਰੋਧ ਹੋਇਆ ਆਰੰਭ

ਅੰਮ੍ਰਿਤਸਰ- ਨਾਰਾਜ਼ ਅਕਾਲੀ ਆਗੂਆਂ ਨੇ ਵੀਰਵਾਰ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਬਣਾਈ ਗਈ ਸੱਤ ਮੈਂਬਰੀ ਕਮੇਟੀ ਨੂੰ ਕਾਰਜਸ਼ੀਲ ਕਰਨ ਦੀ ਮੰਗ ਕੀਤੀ ਹੈ। ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮਿਲਣ ਵਾਲੇ ਨਾਰਾਜ਼ ਅਕਾਲੀ ਆਗੂਆਂ ਵਿੱਚ ਗੁਰਪ੍ਰਤਾਪ ਸਿੰਘ ਵਡਾਲਾ, ਸੰਤਾ ਸਿੰਘ ਉਮੈਦਪੁਰੀ ਅਤੇ ਭਾਈ ਮਨਜੀਤ ਸਿੰਘ ਆਦਿ ਸ਼ਾਮਿਲ ਸਨ। ਸਿੱਖ ਵਫ਼ਦ ਨੇ ਮੁਲਾਕਾਤ ਤੋਂ ਬਾਅਦ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਜਥੇਦਾਰ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਕੋਲ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਖ਼ਿਲਾਫ ਨਾਰਾਜ਼ਗੀ ਜ਼ਾਹਰ ਕੀਤੀ ਹੈ ਜੋ ਸ੍ਰੀ ਅਕਾਲ ਤਖਤ ਦੇ ਹੁਕਮਾਂ ਦੀ ਪਾਲਣਾ ਨਹੀਂ ਕਰ ਰਹੀ ਹੈ। ਸ੍ਰੀ ਵਡਾਲਾ ਨੇ ਕਿਹਾ ਕਿ ਜਥੇਦਾਰ ਨੇ ਆਖਿਆ ਕਿ ਪਾਰਟੀ ਵਿੱਚ ਭਰਤੀ ਦੀ ਜ਼ਿੰਮੇਵਾਰੀ ਸ੍ਰੀ ਅਕਾਲ ਤਖਤ ਤੋਂ ਐਲਾਨੀ ਗਈ ਸੱਤ ਮੈਂਬਰੀ ਕਮੇਟੀ ਨੂੰ ਹੀ ਸੌਂਪੀ ਗਈ ਹੈ। ਇਹ ਸੱਤ ਮੈਂਬਰੀ ਕਮੇਟੀ ਹੀ ਭਰਤੀ ਦੀ ਨਿਗਰਾਨੀ ਕਰੇਗੀ। ਉਨ੍ਹਾਂ ਦੱਸਿਆ ਕਿ ਜਥੇਦਾਰ ਦੇ ਆਦੇਸ਼ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਂ ’ਤੇ ਇੱਕ ਪੱਤਰ ਵੀ ਸੌਂਪਿਆ ਹੈ, ਜਿਸ ਵਿੱਚ ਉਨ੍ਹਾਂ ਦੀ ਅਗਵਾਈ ਵਾਲੀ ਕਮੇਟੀ ਦੀ ਮੀਟਿੰਗ ਬੁਲਾਉਣ ਦੀ ਬੇਨਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਸ ਸਬੰਧ ਵਿੱਚ ਮਿਲਣਗੇ। ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਬਾਦਲ ਧੜੇ ਦੀ ਮੁਕਤਸਰ ਕਾਨਫਰੰਸ ਨੇ ਸ਼੍ਰੋਮਣੀ ਅਕਾਲੀ ਦਲ ਦੀ ਰੂਹ ਜ਼ਖ਼ਮੀ ਕੀਤੀ ਹੈ। ਇਹ ਸੁਖਬੀਰ ਬਾਦਲ ਦੀ ਅਕਾਲ ਤਖ਼ਤ ਖ਼ਿਲਾਫ਼ ਲਾਮਬੰਦੀ ਦੀ ਸਾਜ਼ਿਸ਼ ਹੈ, ਜਿਸ ਦਾ ਮੁਕਾਬਲਾ ਕਰਨ ਲਈ ਪੰਥ ਹਿਤੈਸ਼ੀਆਂ ਨੂੰ ਸਾਹਮਣੇ ਆਉਣ ਦੀ ਲੋੜ ਹੈ। ਇੱਥੇ ਆਪਣੀ ਰਿਹਾਇਸ਼ ’ਤੇ ਪ੍ਰੈੱਸ ਕਾਨਫਰੰਸ ਦੌਰਾਨ ਸ੍ਰੀ ਢੀਂਡਸਾ ਨੇ ਕਿਹਾ ਕਿ ਸੁਖਬੀਰ ਬਾਦਲ ਨਾਲ ਜੁੜਿਆ ਹਰ ਗੁਨਾਹ ਅੱਗੇ ਤੋਂ ਅੱਗੇ ਤੁਰਦਾ ਜਾ ਰਿਹਾ ਹੈ। ਉਨ੍ਹਾਂ ਮਾਘੀ ਕਾਨਫਰੰਸ ਵਿੱਚ ਨਾ ਜਾਣ ਵਾਲੇ ਆਗੂਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਗੋਬਿੰਦ ਸਿੰਘ ਲੌਂਗੋਵਾਲ, ਇਕਬਾਲ ਸਿੰਘ ਝੂੰਦਾਂ ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਅਕਾਲ ਤਖ਼ਤ ਸਾਹਿਬ ’ਤੇ ਹੋਏ ਫ਼ੈਸਲਿਆਂ ਖ਼ਿਲਾਫ਼ ਸਿਰਜੇ ਜਾ ਰਹੇ ਬਿਰਤਾਂਤ ਤੋਂ ਪਾਸਾ ਵੱਟਿਆ। ਉਨ੍ਹਾਂ ਦੋਸ਼ ਲਾਇਆ ਕਿ ਸੁਖਬੀਰ ਬਾਦਲ 2 ਦਸੰਬਰ ਨੂੰ ਅਕਾਲ ਤਖ਼ਤ ਦੀ ਫਸੀਲ ਤੋਂ ਹੋਏ ਹੁਕਮਨਾਮੇ ਨੂੰ ਪ੍ਰਵਾਨ ਕਰਨ ਦੀ ਬਜਾਏ ਹੁਕਮਨਾਮੇ ਨੂੰ ਰੋਲਣ ਲਈ ਹੇਠਲੇ ਦਰਜੇ ਦੀ ਸਿਆਸਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਖ਼ਿਲਾਫ਼ ਸ਼ੁਰੂ ਕੀਤੀ ਲਾਮਬੰਦੀ ਦਾ ਠੋਕਵਾਂ ਜਵਾਬ ਸੰਗਤ ਦੇਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਹੁਕਮਨਾਮੇ ਨੂੰ ਮੰਨਣ ਤੋਂ ਇਨਕਾਰੀ ਹੋਣ ਵਾਲੇ ਲੋਕਾਂ ਨੂੰ ਸੰਗਤ ਮੂੰਹ ਨਹੀਂ ਲਾਵੇਗੀ। ਇਸ ਮੌਕੇ ਢੀਂਡਸਾ ਨੇ ਪੰਥਕ ਸੰਸਥਾਵਾਂ, ਸਿਧਾਂਤਾਂ ਤੇ ਮਰਿਆਦਾ ਨੂੰ ਯਕੀਨੀ ਬਣਾਉਣ ਲਈ ਅਕਾਲ ਤਖ਼ਤ ਦੇ ਹੁਕਮਾਂ ਦੇ ਪਹਿਰੇਦਾਰ ਬਣਨ ਦੀ ਅਪੀਲ ਕੀਤੀ।


SINGH WORLD travel
Lycamobile Call the world for less
ria Money Transfer
AIRPORT DROP OFF AND PICKUP AVAILBLE
Money Transfer @ Special Rates India and Pakistan!!!
Cell Phone Activation & Recharge Services
ਏਅਰਪੋਰਟ ਤੇ ਜਾਣ-ਆਉਣ ਲਈ ਗੱਡੀ ਦਾ ਵੀ ਪ੍ਰਬੰਧ ਹੈ
ਹੋਰ ਜਾਣਕਾਰੀ ਲਈ ਸੰਪਰਕ ਕਰੋ
SINGH WORLD TRAVEL
PH. 530-443-4865
Email: Info@singhworldtravel.com
1248 Franklin Ave. #A
Yuba City CA, 95991



SANSAR
AUTHENTIC INDIAN CUISINE



We do catering for all occassions
ਅਸੀਂ ਵੱਡੇ ਤੋਂ ਵੱਡੇ ਪ੍ਰੋਗਰਾਮ/ਪਾਰਟੀ ਲਈ ਕੇਟਰਿੰਗ ਦਾ ਪ੍ਰਬੰਧ ਕਰਦੇ ਹਾਂ
Santokh Singh Judge
925-487-4679
2220 First Street
Livermore, CA 94550
925-606-6191
www.SansarIndianCuisine.com
2610 S. Tracy Blvd
Tracy, CA 95376
209-834-2200
www.SansarTracy.com

# ਸੰਪਾਦਕੀ

## ਟਰੰਪ ਦੀ ਤਾਜਪੋਸ਼ੀ

ਜਦੋਂ ਤੱਕ ਇਹ ਅਖਬਾਰ ਤੁਹਾਡੇ ਹੱਥਾਂ ਵਿਚ ਪਹੁੰਚੇਗਾ ਸ੍ਰੀ ਡੋਨਾਲਡ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਚੁੱਕੇ ਹੋਣਗੇ। ਹੁਣ ਮੀਡੀਆ ਵਿਚ ਉਹਨਾਂ ਦੀਆਂ ਨੀਤੀਆਂ ਦੀ ਖ਼ੂਬ ਚਰਚਾ ਹੋਣਾ ਸੁਭਾਵਿਕ ਹੈ। ਰਾਸ਼ਟਰਪਤੀ ਟਰੰਪ ਜੋ ਚੋਣ ਵਾਅਦਾ ਕਰਕੇ ਸੱਤਾ ਵਿਚ ਵਾਪਸ ਆਏ ਹਨ, ਉਹਨਾਂ ਵਿਚੋਂ ਸਭ ਤੋਂ ਵੱਡਾ ਵਾਅਦਾ ਤਾਂ ਨਜਾਇਜ਼ ਪ੍ਰਵਾਸੀਆਂ ਦੀ ਵਾਪਸੀ ਦਾ ਹੈ ਅਤੇ ਦੂਜਾ ਅਮਰੀਕਾ ਨੂੰ ਦੁਬਾਰਾ ਨਿਰਮਾਣ ਖੇਤਰ ਵਿਚ ਆਪਣੇ ਪੈਰਾਂ ’ਤੇ ਖੜ੍ਹਾ ਕਰਕੇ ਬਰਾਮਦਾਂ ਵਿਚ ਕਮੀ ਲਿਆਉਣਾ ਹੈ। ਇਸੇ ਦਰਮਿਆਨ ਸਭ ਤੋਂ ਅਹਿਮ ਚਰਚਾ ਤਾਂ ਉਦੋਂ ਸਾਹਮਣੇ ਆਈ ਜਦੋਂ ਸ੍ਰੀ ਟਰੱਪ ਨੇ ਕੈਨੇਡਾ, ਗ੍ਰੀਨਲੈਂਡ ਅਤੇ ਪਨਾਮਾ ਨਹਿਰ ਨੂੰ ਆਪਣੇ ਅਧੀਨ ਕਰਨ ਦਾ ਵਿਵਾਦਗ੍ਰਸਤ ਬਿਆਨ ਦਿੱਤਾ। ਇਹ ਇਕ ਅਜਿਹਾ ਬਿਆਨ ਸੀ ਜਿਸ ਨੇ ਸਾਰੇ ਯੂਰਪ ਅਤੇ ਅਮਰੀਕਨ ਮਹਾਂਦੀਪ ਵਿਚ ਇਹ ਚਰਚਾ ਛੇੜ ਦਿੱਤੀ ਕਿ ਕੀ ਅਮਰੀਕਾ ਹੁਣ ਵਿਸਥਾਰਵਾਦੀ ਹੋ ਗਿਆ ਹੈ। ਅਸਲ ਵਿਚ ਅਮਰੀਕਾ ਵਿਸਥਾਰਵਾਦੀ ਨਹੀਂ ਬਲਕਿ ਸਮੇਂ ਦੀ ਨਜ਼ਾਕਤ ਨੂੰ ਦੇਖ ਕੇ ਅਜਿਹਾ ਕਰਨ ਦਾ ਮਨ ਬਣਾ ਰਿਹਾ ਹੈ। ਜਿੱਥੋਂ ਤੱਕ ਕੈਨੇਡਾ ਦਾ ਸਬੰਧ ਹੈ, ਇਹ ਮੁਲਕ ਅਮਰੀਕਾ ਦਾ ਸਭ ਤੋਂ ਅਹਿਮ ਭਾਈਵਾਲ ਹੀ ਨਹੀਂ ਬਲਕਿ ਅਮਰੀਕੀ ਸਬਸਿਡੀਆਂ ਦੇ ਸਹਾਰੇ ਚਲਦਾ ਵੀ ਹੈ। ਕੈਨੇਡਾ ਦਾ ਤੇਲ ਵੀ ਅਮਰੀਕਾ ਨੂੰ ਹੀ ਆਉਂਦਾ ਹੈ, ਜਿਸ ਨੂੰ ਸੋਧ ਕੇ ਅਮਰੀਕਾ ਇਸ ਨੂੰ ਦੂਜੇ ਮੁਲਕਾਂ ਨੂੰ ਵੀ ਵੇਚਦਾ ਹੈ ਅਤੇ ਕੈਨੇਡਾ ਦੀਆਂ ਲੋੜਾਂ ਵੀ ਪੂਰੀਆਂ ਕਰਦਾ ਹੈ। ਗ੍ਰੀਨਲੈਂਡ ਜੋ ਕਿ ਬਹੁਤ ਹੀ ਘੱਟ ਆਬਾਦੀ ਵਾਲਾ ਇਕ ਬਰਫੀਲਾ ਖੇਤਰ ਹੈ, ਨੂੰ ਅਮਰੀਕਾ ਦੇ ਅਧੀਨ ਕਰਨ ਦਾ ਮਕਸਦ ਇਸ ਇਲਾਕੇ ਵਿਚ ਚੀਨ ਅਤੇ ਰੂਸ ਦਾ ਵਧਦਾ ਦਖਲ ਹੈ।ਇਹੀ ਸਥਿਤੀ ਪਨਾਮਾ ਕੈਨਾਲ ਦੀ ਹੈ। ਅਮਰੀਕਾ ਨਹੀਂ ਚਾਹੁੰਦਾ ਕਿ ਇਹਨਾਂ ਖੇਤਰਾਂ ਵਿਚ ਰੂਸ ਅਤੇ ਚੀਨ ਪੈਰ ਪਸਾਰ ਕੇ ਉਸ ਲਈ ਕੋਈ ਚੁਣੌਤੀ ਬਣਨ। ਜਿੱਥੋਂ ਤੱਕ ਏਸ਼ੀਆ ਦਾ ਸਬੰਧ ਹੈ, ਚੀਨ ਨਾਲ ਟਕਰਾਅ ਦੀ ਸੂਰਤ ਵਿਚ ਅਮਰੀਕਾ ਨੇ ਭਾਰਤ, ਜਾਪਾਨ, ਆਸਟ੍ਰੇਲੀਆ ਨਾਲ ਮਿਲ ਕੇ ਗੱਠਜੋੜ ਬਣਾਇਆ ਹੋਇਆ ਹੈ, ਜਿਸ ਦੀ ਮੀਟਿੰਗ ਇਸੇ ਸਾਲ ਭਾਰਤ ਵਿਚ ਹੋਣੀ ਹੈ। ਮੱਧ ਪੂਰਬ ਵਿਚ ਇਜ਼ਰਾਈਲ ਨਾਲ ਫਲਸਤੀਨ ਦੇ ਟਕਰਾਅ ਨੂੰ ਟਰੰਪ ਕੁਝ ਠੱਲ੍ਹ ਪਾਉਣ ਦੀ ਨੀਤੀ ਤੇ ਚੱਲਣ ਦਾ ਐਲਾਨ ਕਰ ਚੁੱਕੀ ਹੈ। ਸਭ ਤੋਂ ਅਹਿਮ ਹੈ ਯੂਕਰੇਨ ਅਤੇ ਰੂਸ ਦੀ ਜੰਗ, ਜਿਸ ਨੇ ਦੁਨੀਆਂ ਨੂੰ ਕਈ ਵਾਰ ਤੀਜੇ ਵਿਸ਼ਵ ਯੁੱਧ ਵੱਲ ਧੱਕਣ ਦਾ ਖਦਸ਼ਾ ਪੈਦਾ ਕੀਤਾ ਹੈ, ਜੇਕਰ ਇਹ ਯੁੱਧ ਵੀ ਖਤਮ ਹੋ ਜਾਂਦਾ ਹੈ ਤਾਂ ਇਸ ਦਾ ਸਿਹਰਾ ਵੀ ਟਰੰਪ ਦੇ ਸਿਰ ਬੱਝੇਗਾ, ਬੇਸ਼ੱਕ ਕਿਸੇ ਵੀ ਮੁਲਕ ਦੀ ਦਖਲਅੰਦਾਜ਼ੀ ਨਾਲ ਇਹ ਯੁੱਧ ਰੁਕੇ। ਬਾਕੀ ਅਗਲੇਰੇ ਚਾਰ ਸਾਲਾਂ ਵਿਚ ਦੁਨੀਆਂ ਕੀ ਕਰਵਟ ਲੈਂਦੀ ਹੈ, ਇਸ ਦੀ ਭਵਿੱਖਬਾਣੀ ਫਿਲਹਾਲ ਨਹੀਂ ਕੀਤੀ ਜਾ ਸਕਦੀ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਅਫ਼ਗਾਨਿਸਤਾਨੀ ਤਾਲਿਬਾਨ ਪਾਕਿਸਤਾਨ ਦੇ ਨੱਕ ਵਿਚ ਦਮ ਕੀਤਾ

**ਦਿਵਯ ਕੁਮਾਰ ਸੋਤੀ**

ਅਫ਼ਗਾਨਿਸਤਾਨ-ਪਾਕਿਸਤਾਨ ਦੀ ਸਰਹੱਦ ’ਤੇ ਇਨ੍ਹੀਂ ਦਿਨੀਂ ਮੁੜ ਤਣਾਅ ਪੱਸਰਿਆ ਹੋਇਆ ਹੈ। ਸਰਹੱਦ ’ਤੇ ਹੋ ਰਹੀਆਂ ਹਿੰਸਕ ਝੜਪਾਂ ’ਚ ਦਰਜਨਾਂ ਲੋਕ ਮਾਰੇ ਜਾ ਚੁੱਕੇ ਹਨ। ਇਹ ਝੜਪਾਂ ਤਦ ਸ਼ੁਰੂ ਹੋਈਆਂ ਜਦ ਪਿਛਲੇ ਹਫ਼ਤੇ ਪਾਕਿਸਤਾਨ ਨੇ ਅਫ਼ਗਾਨਿਸਤਾਨ ਅੰਦਰ ਹਵਾਈ ਹਮਲੇ ਕੀਤੇ। ਤਾਲਿਬਾਨ ਦਾ ਕਹਿਣਾ ਹੈ ਕਿ ਇਨ੍ਹਾਂ ਹਵਾਈ ਹਮਲਿਆਂ ’ਚ 46 ਲੋਕ ਮਾਰੇ ਗਏ ਜਿਨ੍ਹਾਂ ’ਚ ਔਰਤਾਂ ਤੇ ਬੱਚੇ ਸ਼ਾਮਲ ਹਨ।

ਪਾਕਿਸਤਾਨ ਦਾ ਦੋਸ਼ ਹੈ ਕਿ ਅਫ਼ਗਾਨਿਸਤਾਨ ਦੀ ਤਾਲਿਬਾਨ ਸਰਕਾਰ ਪਾਕਿਸਤਾਨ ’ਚ ਅੱਤਵਾਦੀ ਹਮਲੇ ਕਰਨ ਵਾਲੇ ਤਹਿਰੀਕ ਏ ਤਾਲਿਬਾਨੀ ਭਾਵ ਟੀਟੀਪੀ ਨੂੰ ਸ਼ਹਿ ਦੇ ਰਹੀ ਹੈ ਤੇ ਇਹ ਸੰਗਠਨ ਉਥੋਂ ਪਾਕਿਸਤਾਨ ’ਚ ਆਪਣੀ ਸਰਗਰਮੀਆਂ ਸੰਚਾਲਿਤ ਕਰਦਾ ਹੈ। ਪਾਕਿਸਤਾਨ ਦਾ ਦਾਅਵਾ ਹੈ ਕਿ ਇਨ੍ਹਾਂ ਹਮਲਿਆਂ ’ਚ ਉਸ ਨੇ ਟੀਟੀਪੀ ਦੇ ਟਿਕਾਣਿਆਂ ਨੂੰ ਹੀ ਨਿਸ਼ਾਨਾ ਬਣਾਇਆ ਹੈ। ਉਸ ਨੇ ਇਹ ਵੀ ਕਿਹਾ ਕਿ ਤਾਲਿਬਾਨ ਸਰਕਾਰ ਤੋਂ ਕਈ ਵਾਰ ਟੀਟੀਪੀ ਦੇ ਅੱਤਵਾਦੀ ਕੈਂਪਾਂ ’ਤੇ ਕਾਰਵਾਈ ਦੀ ਬੇਨਤੀ ’ਤੇ ਵੀ ਕੋਈ ਧਿਆਨ ਨਹੀਂ ਦਿੱਤਾ ਗਿਆ ਤੇ ਆਖ਼ਰ ਖ਼ੁਦ ਪਾਕਿਸਤਾਨੀ ਫ਼ੌਜ ਨੂੰ ਹੀ ਕਾਰਵਾਈ ਕਰਨੀ ਪਈ ਤੇ ਇਹ ਹਮਲੇ ਕੀਤੇ ਗਏ।


ਇਹ ਪਾਕਸਿਤਾਨ ਦਾ ਹੀ ਸੁਪਨਾ ਸੀ ਕਿ ਇਕ ਦਿਨ ਅਫ਼ਗਾਨਿਸਤਾਨ ’ਚ ਤਾਲਿਬਾਨ ਦਾ ਸ਼ਾਸਨ ਆਏ ਤੇ ਇਸ ਲਈ ਉਸ ਨੇ ਹਰ ਚਾਲ ਚੱਲੀ। ਇੱਥੇ ਤੱਕ ਕਿ ਅਮਰੀਕਾ ਨੂੰ ਵੀ ਲਗਪਗ ਦੋ ਦਹਾਕਿਆਂ ਤੱਕ ਧੋਖਾ ਦਿੱਤਾ। ਹੁਣ ਕਾਬੁਲ ’ਚ ਤਾਲਿਬਾਨ ਸਰਕਾਰ ਹੈ ਤਾਂ ਪਾਕਿਸਤਾਨ ਦੀ ਉਸ ਨਾਲ ਬਣ ਨਹੀਂ ਰਹੀ ਹੈ ਕਿਉਂਕਿ ਤਾਲਿਬਾਨੀ ਆਗੂ ਪਾਕਿਸਤਾਨ ਦੇ ਇਸ਼ਾਰਿਆਂ ’ਤੇ ਨੱਚਣ ਲਈ ਤਿਆਰ ਨਹੀਂ ਹਨ।

ਪਾਕਿਸਤਾਨੀ ਰਣਨੀਤੀਕਾਰਾਂ ਨੇ ਅਫ਼ਗਾਨਿਸਤਾਨ ਦੀ ਸਿਆਸਤ ਨੂੰ ਸਮਝਣ ’ਚ ਇਕ ਮੁੱਢਲੀ ਗ਼ਲਤੀ ਕੀਤੀ। ਪਾਕਿਸਤਾਨ ਦੇ ਨਿਰਮਾਣ ਤੋਂ ਬਾਅਦ ਤੋਂ ਅਫ਼ਗਾਨਿਸਤਾਨ ’ਚ ਰਾਜਸ਼ਾਹੀ, ਸੋਵੀਅਤ ਸਮਰਥਤ ਕਮਿਊਨਿਸਟ ਸਰਕਾਰਾਂ ਤੇ ਤਾਲਿਬਾਨ ਦੀਆਂ ਇਸਲਾਮਿਕ ਸਰਕਾਰਾਂ ਰਹੀਆਂ ਹਨ, ਪਰ ਕਿਸੇ ਨੇ ਵੀ ਅੰਗਰੇਜ਼ਾਂ ਵੱਲੋਂ ਖਿੱਚੀ ਗਈ ਡੂਰੰਡ ਰੇਖਾ ਨੂੰ ਮਾਨਤਾ ਨਹੀਂ ਦਿੱਤੀ।ਡੂਰੰਡ ਰੇਖਾ ਹੀ ਮੌਜੂਦਾ ਪਾਕਿਸਤਾਨ-ਅਫ਼ਗਾਨਿਸਤਾਨ ਦੀ ਸਰਹੱਦ ਹੈ। ਇਸ ਨੂੰ ਮਾਨਤਾ ਨਾ ਦੇਣ ਦੇ ਪਿੱਛੇ ਕਾਰਨ ਇਹ ਹੈ ਕਿ ਇਹ ਰੇਖਾ ਪਸ਼ਤੂਨ (ਪਖ਼ਤੂਨ) ਇਲਾਕਿਆਂ ਨੂੰ ਦੋ ਹਿੱਸਿਆਂ ’ਚ ਵੰਡਦੀ ਹੈ, ਜਿਸ ਦੇ ਕਾਰਨ ਚਾਰ ਕਰੋੜ ਪਸ਼ਤੂਨਾਂ ਨੂੰ ਪਾਕਿਸਤਾਨ ਦੇ ਸ਼ਾਸਨ ’ਚ ਰਹਿਣਾ ਪੈ ਰਿਹਾ ਹੈ। ਜਦਕਿ ਉਹ ਸੁਭਾਵਿਕ ਤੌਰ ’ਤੇ ਅਫ਼ਗਾਨਿਸਤਾਨ ਨਾਲ ਜੁੜਾਅ ਮਹਿਸੂਸ ਕਰਦੇ ਹਨ।

ਇਸ ਕਬਿਲਾਈ ਭਾਵਨਾ ਨੂੰ ਦੱਬਣ ਲਈ ਹੀ ਪਾਕਿਸਤਾਨ ਨੇ ਇਸਲਾਮਿਕ ਕੱਟੜਵਾਦ ਨੂੰ ਹਵਾ ਦਿੱਤੀ। ਆਪਣੇ ਕਬਜ਼ੇ ਵਾਲੇ ਪਸ਼ਤੂਨ ਇਲਾਕਿਆਂ ’ਚ ਸੈਂਕੜੇ ਮਦਰਸੇ ਸਥਾਪਿਤ ਕਰ ਪਾਕਿਸਤਾਨੀ ਫ਼ੌਜ ਨੇ ਹੀ ਤਾਲਿਬਾਨ ਨੂੰ ਖੜ੍ਹਾ ਕੀਤਾ। 9/11 ਤੋਂ ਬਾਅਦ ਪਾਕਿਸਤਾਨ ਨੇ ਤਾਲਿਬਾਨੀ ਆਗੂਆਂ ਨੂੰ ਪਾਕਿਸਤਾਨ ’ਚ ਆਪਣੀ ਸੁਰੱਖਿਆ ’ਚ ਇਹ ਕਹਿ ਕੇ ਰੱਖਿਆ ਕਿ ਉਹ ਉਨ੍ਹਾਂ ਨੂੰ ਅਮਰੀਕਾ ਤੋਂ ਬਚਾਉਣਾ ਚਾਹੁੰਦਾ ਹੈ। ਪਾਕਿਸਤਾਨ ਨੇ ਉਨ੍ਹਾਂ ਰਾਹੀਂ ਅਫ਼ਗਾਨਿਸਤਾਨ ’ਚ ਅਮਰੀਕੀ ਫ਼ੌਜ ’ਤੇ ਹਮਲੇ ਕਰਵਾਏ ਤੇ ਅਮਰੀਕੀ ਦਬਾਅ ਪੈਣ ’ਤੇ ਕਈ ਤਾਲਿਬਾਨ ਆਗੂਆਂ ਨੂੰ ਡਾਲਰਾਂ ਦੇ ਬਦਲੇ ਅਮਰੀਕਾ ਦੇ ਹਵਾਲੇ ਕਰ ਦਿੱਤਾ, ਜਿੱਥੇ ਉਨ੍ਹਾਂ ਨੂੰ ਸਾਲਾਂ ਤੱਕ ਗਵਾਂਤਾਨਾਮੋ ਬੇ ਜੇਲ੍ਹ ’ਚ ਅਣਮਨੁੱਖੀ ਤਸੀਹੇ ਸਹਿਣੇ ਪਏ। ਇਸ ਲਈ ਸਾਰੇ ਤਾਲਿਬਾਨੀ ਮੌਲਾਨਾ ਮਨ ਹੀ ਮਨ ’ਚ ਪਾਕਿਸਤਾਨੀ ਜਨਰਲਾਂ ਨਾਲ ਨਫ਼ਰਤ ਕਰਦੇ ਹਨ। ਗਵਾਂਤਾਨਾਮੋ ਬੇ ਜੇਲ੍ਹ ’ਚ ਚਾਰ ਸਾਲ ਬਿਤਾਉਣ ਵਾਲੇ ਅਜਿਹੇ ਹੀ ਤਾਲਿਬਾਨ ਨੇਤਾ ਮੁੱਲਾ ਜਈਫ ਨੇ ਆਪਣੀ ਸਵੈਜੀਵਨੀ ‘ਮਾਈ ਲਾਈਫ ਵਿਦ ਤਾਲਿਬਾਨ’ ’ਚ ਪਾਕਿਸਤਾਨ ਨੂੰ ਵਿਸ਼ਵਾਸ-ਘਾਤੀ ਦੱਸਦੇ ਹੋਏ ਉਸ ਦੀ ਪੋਲ ਖੋਲ੍ਹੀ ਹੈ। ਪਾਕਿਸਤਾਨ ਦੀ ਧੋਖੇਬਾਜ਼ੀ ਨੂੰ ਦੇਖ ਕੇ ਹੀ ਤਾਲਿਬਾਨ ਨੇ ਅਮਰੀਕਾ ਨਾਲ ਸਿੱਧਾ ਸੰਪਰਕ ਕੀਤਾ ਤੇ ਅਮਰੀਕੀ ਫ਼ੌਜ ਇਕਦਮ ਅਫ਼ਗਾਨਿਸਤਾਨ ਨੂੰ ਤਾਲਿਬਾਨ ਦੇ ਹਵਾਲੇ ਕਰ ਕੇ ਉਥੋਂ ਚਲੀ ਗਈ। ਇਸ ਕਾਰਨ ਪਾਕਿਸਤਾਨ ਦੀ ਦੋਹਰੀ ਖੇਡ ਬੰਦ ਹੋ ਗਈ ਤੇ ਅਮਰੀਕਾ ਤੋਂ ਅੱਤਵਾਦ ਖ਼ਿਲਾਫ਼ ਜੰਗ ਦੇ ਨਾਂ ’ਤੇ ਆਉਣ ਵਾਲੇ ਅਰਬਾਂ ਡਾਲਰ ਦੇ ਪੈਕਜ ਬੰਦ ਹੋ ਗਏ। ਇਸ ਕਾਰਨ ਹੁਣ ਪਾਕਿਸਤਾਨ ਦੀ ਆਰਥਕ ਸਥਿਤੀ ਖ਼ਸਤਾਹਾਲ ਹੈ।

ਹੁਣ ਅਫ਼ਗਾਨਿਸਤਾਨ ’ਚ ਤਾਲਿਬਾਨ ਦੀ ਕੱਟੜਪੰਥੀ ਇਸਲਾਮਿਕ ਸਰਕਾਰ ਹੈ। ਤਾਲਿਬਾਨ ਨੂੰ ਲਗਦਾ ਹੈ ਕਿ ਅਸਲੀ ਇਸਲਾਮ ਤਾਂ ਉਹੀ ਜਿਊਂਦੇ ਹਨ ਤੇ ਉਹ ਸ਼ਰੀਅਤ ਮੁਤਾਬਕ ਚੱਲ ਰਹੇ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਅਮਰੀਕੀਆਂ ਦੇ ਨਾਲ ਸ਼ਰਾਬ ਪੀਣ ਵਾਲੇ ਪਾਕਿਸਤਾਨੀ ਜਨਰਲ ਇਸਲਾਮਿਕ ਨਜ਼ਰੀਏ ਤੋਂ ਉਨ੍ਹਾਂ ਤੋਂ ਬਹੁਤ ਹੇਠਾਂ ਹਨ। ਤਾਲਿਬਾਨੀ ਮੌਲਵੀਆਂ ਨੂੰ ਲਗਦਾ ਹੈ ਕਿ ਪਾਕਿਸਤਾਨੀ ਜਨਰਲਾਂ ਨੂੰ ਉਨ੍ਹਾਂ ਦੇ ਮਾਰਗਦਰਸ਼ਨ ’ਚ ਚੱਲਣਾ ਚਾਹੀਦਾ ਹੈ, ਨਾ ਕਿ ਉਹ ਤਾਲਿਬਾਨ ਨੂੰ ਆਪਣੀ ਕਠਪੁਤਲੀ ਬਣਾਉਣ ਦੀ ਕੋਸ਼ਿਸ਼ ਕਰਨ। ਉਹ ਗੁਆਂਢੀ ਈਰਾਨ ਦੇ ਸ਼ੀਆ ਕਠਮੁੱਲਾ ਸ਼ਾਸਨ ਦੇ ਸੁੰਨੀ ਬਦਲ ਦਾ ਸੁਪਨਾ ਪਾਲਦੇ ਹਨ, ਜਿਸ ’ਚ ਇਕ ਇਸਲਾਮਿਕ ਧਰਮ ਗੁਰੂ ਆਯਤੁੱਲਾ ਖਾਮੇਨੇਈ ਸਰਬਉੱਚ ਆਗੂ ਹਨ ਤੇ ਸਰਕਾਰ ਤੋਂ ਲੈ ਕੇ ਫ਼ੌਜ ਤੱਕ ਉਨ੍ਹਾਂ ਦਾ ਹੀ ਹੁਕਮ ਮੰਨਦੀ ਹੈ।

> ਟੀਟੀਪੀ ਦੇ ਰੂਪ ’ਚ ਤਾਲਿਬਾਨ ਦੇ ਕੋਲ ਇਕ ਹਥਿਆਰ ਵੀ ਹੈ, ਜਿਸ ਰਾਹੀਂ ਪਾਕਿਸਤਾਨ ਵੱਲੋਂ ਉਸ ਨੂੰ ਬਲੈਕਮੇਲ ਕਰਨ ਜਾਂ ਉਸ ’ਤੇ ਦਬਾਅ ਬਣਾਉਣ ਦੀ ਸਥਿਤੀ ’ਚ ਉਹ ਪਾਕਿਸਤਾਨ ਦੀ ਅੰਦਰੂਨੀ ਸੁਰੱਖਿਆ ਨੂੰ ਵੀ ਖ਼ਤਰੇ ’ਚ ਪਾ ਸਕਦਾ ਹੈ। ਤਾਲਿਬਾਨ ’ਚ ਪਸ਼ਤੂਨ ਵੀ ਹਨ, ਜੋ ਡੂਰੰਡ ਰੇਖਾ ਨੂੰ ਸਮਾਪਤ ਕਰ ਕੇ ਪਾਕਿਸਤਾਨ ਦੇ ਪਸ਼ਤੂਨ ਬਹੁਗਿਣਤੀ ਪ੍ਰਦੇਸ਼ ਖੈਬਰ ਪਖਤੂਨਖਵਾ ਨੂੰ ਅਫ਼ਗਾਨਿਸਤਾਨ ਦਾ ਹਿੱਸਾ ਬਣਦਾ ਦੇਖਣਾ ਚਾਹੁੰਦੇ ਹਨ। ਇਹ ਉਹੀ ਖੇਤਰ ਹਨ ਜੋ ਭਾਰਤ ਵੰਡ ਤੋਂ ਬਾਅਦ ਪਾਕਿਸਤਾਨ ਨੂੰ ਮਿਲਿਆ ਸੀ, ਪਰ ਅਫ਼ਗਾਨਿਸਤਾਨ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਕਾਨੂੰਨ ਮੁਤਾਬਕ ਨਵਾਂ ਰਾਸ਼ਟਰ ਬਣਨ ’ਤੇ ਪਿਛਲੀ ਸਰਕਾਰ ਵੱਲੋਂ ਕੀਤੀ ਗਈ ਸੰਧੀ ਸਮਾਪਤ ਹੋ ਜਾਂਦੀ ਹੈ। ਇਸ ਲਈ ਡੂਰੰਡ ਰੇਖਾ ਨੂੰ ਲੈ ਕੇ ਬ੍ਰਿਟਿਸ਼ ਭਾਰਤ ਤੇ ਅਫ਼ਗਾਨਿਸਤਾਨ ਦੇ ਵਿਚਾਲੇ ਹੋਈ ਸੰਧੀ ਪਾਕਿਸਤਾਨ ਬਣਨ ’ਤੇ ਸਮਾਪਤ ਹੋ ਚੁੱਕੀ ਹੈ।



ਟੀਟੀਪੀ ਦੇ ਰੂਪ ’ਚ ਤਾਲਿਬਾਨ ਦੇ ਕੋਲ ਇਕ ਹਥਿਆਰ ਵੀ ਹੈ, ਜਿਸ ਰਾਹੀਂ ਪਾਕਿਸਤਾਨ ਵੱਲੋਂ ਉਸ ਨੂੰ ਬਲੈਕਮੇਲ ਕਰਨ ਜਾਂ ਉਸ ’ਤੇ ਦਬਾਅ ਬਣਾਉਣ ਦੀ ਸਥਿਤੀ ’ਚ ਉਹ ਪਾਕਿਸਤਾਨ ਦੀ ਅੰਦਰੂਨੀ ਸੁਰੱਖਿਆ ਨੂੰ ਵੀ ਖ਼ਤਰੇ ’ਚ ਪਾ ਸਕਦਾ ਹੈ। ਤਾਲਿਬਾਨ ’ਚ ਪਸ਼ਤੂਨ ਵੀ ਹਨ, ਜੋ ਡੂਰੰਡ ਰੇਖਾ ਨੂੰ ਸਮਾਪਤ ਕਰ ਕੇ ਪਾਕਿਸਤਾਨ ਦੇ ਪਸ਼ਤੂਨ ਬਹੁਗਿਣਤੀ ਪ੍ਰਦੇਸ਼ ਖੈਬਰ ਪਖਤੂਨਖਵਾ ਨੂੰ ਅਫ਼ਗਾਨਿਸਤਾਨ ਦਾ ਹਿੱਸਾ ਬਣਦਾ ਦੇਖਣਾ ਚਾਹੁੰਦੇ ਹਨ। ਇਹ ਉਹੀ ਖੇਤਰ ਹਨ ਜੋ ਭਾਰਤ ਵੰਡ ਤੋਂ ਬਾਅਦ ਪਾਕਿਸਤਾਨ ਨੂੰ ਮਿਲਿਆ ਸੀ, ਪਰ ਅਫ਼ਗਾਨਿਸਤਾਨ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਕਾਨੂੰਨ ਮੁਤਾਬਕ ਨਵਾਂ ਰਾਸ਼ਟਰ ਬਣਨ ’ਤੇ ਪਿਛਲੀ ਸਰਕਾਰ ਵੱਲੋਂ ਕੀਤੀ ਗਈ ਸੰਧੀ ਸਮਾਪਤ ਹੋ ਜਾਂਦੀ ਹੈ। ਇਸ ਲਈ ਡੂਰੰਡ ਰੇਖਾ ਨੂੰ ਲੈ ਕੇ ਬ੍ਰਿਟਿਸ਼ ਭਾਰਤ ਤੇ ਅਫ਼ਗਾਨਿਸਤਾਨ ਦੇ ਵਿਚਾਲੇ ਹੋਈ ਸੰਧੀ ਪਾਕਿਸਤਾਨ ਬਣਨ ’ਤੇ ਸਮਾਪਤ ਹੋ ਚੁੱਕੀ ਹੈ। ਪਾਕਿਸਤਾਨ ਇਸ ਨੂੰ ਕਿਸੇ ਹਾਲਤ ’ਚ ਸਵੀਕਾਰ ਨਹੀਂ ਕਰ ਸਕਦਾ, ਕਿਉਂਕਿ ਅਜਿਹਾ ਕਰਨ ’ਤੇ ਉਸ ਨੂੰ ਖੈਬਰ ਪਖਤੂਨਖਵਾ ਤੋਂ ਹੱਥ ਧੋਣਾ ਪਵੇਗਾ। ਸਾਫ਼ ਹੈ ਕਿ ਤਾਲਿਬਾਨ ਰਾਹੀਂ ਅਫ਼ਗਾਨਿਸਤਾਨ ’ਤੇ ਕਬਜ਼ਾ ਕਰਨ ਦੀ ਚਾਲ ਪਾਕਿਸਤਾਨ ’ਤੇ ਉਲਟੀ ਪੈਂਦੀ ਜਾ ਰਹੀ ਹੈ।

ਪਸ਼ਤੂਨ ਰਾਸ਼ਟਰਵਾਦ ਦੇ ਉਭਾਰ ਵਾਲੇ ਦੌਰ ’ਚ ਪਾਕਿਸਤਾਨੀ ਫ਼ੌਜ ਤੋਂ ਇਕ ਹੋਰ ਵੱਡੀ ਭੁੱਲ ਹੋਈ ਤੇ ਉਹ ਇਹ ਕਿ ਪਸ਼ਤੂਨ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਸੱਤਾ ਤੋਂ ਲਾਂਭੇ ਕਰਨਾ ਤੇ ਉਨ੍ਹਾਂ ਦਾ ਲਗਾਤਾਰ ਸ਼ੋਸ਼ਣ ਕਰਨਾ। ਇਸ ਨਾਲ ਪਾਕਿਸਤਾਨ ਦੇ ਪਸ਼ਤੂਨ ਭਾਈਚਾਰੇ ’ਚ ਇਹ ਭਾਵਨਾ ਵਧੀ ਹੈ ਕਿ ਉਨ੍ਹਾਂ ਦੇ ਨਾਲ ਬੇਇਨਸਾਫ਼ੀ ਹੋ ਰਹੀ ਹੈ ਤੇ ਉਹ ਹੁਣ ਅਫ਼ਗਾਨਿਸਤਾਨ ਵੱਲ ਦੇਖਣ ਲੱਗੇ ਹਨ। ਇਹੀ ਕਾਰਨ ਹੈ ਕਿ ਟੀਟੀਪੀ ਪਾਕਿਸਤਾਨੀ ਫ਼ੌਜ ਦੀਆਂ ਸਾਰੀਆਂ ਫ਼ੌਜੀ ਮੁਹਿੰਮਾਂ ਤੋਂ ਬਾਅਦ ਵੀ ਤਾਕਤਵਰ ਬਣਿਆ ਹੋਇਆ ਹੈ।

ਪਾਕਿਸਤਾਨ ਤੇ ਪਸ਼ਤੂਨਾਂ ਦੇ ਰਿਸ਼ਤੇ ਵੈਸੇ ਵੀ ਵਿਗੜਦੇ ਜਾ ਰਹੇ ਹਨ ਜਿਵੇਂ ਕਦੀ ਪਾਕਿਸਤਾਨ ਤੇ ਬੰਗਾਲੀ ਮੁਸਲਮਾਨਾਂ ਵਿਚਾਲੇ ਵਿਗੜੇ ਸਨ। ਪਸ਼ਤੂਨ ਬਹੁ ਗਿਣਤੀ ਖੇਤਰ ’ਚ ਪਸ਼ਤੂਨ ਤਹਿਫੁੱਜ ਵਰਗੇ ਅੰਦੋਲਨ ਵੀ ਜ਼ੋਰ ਫੜ ਰਹੇ ਹਨ, ਜੋ ਪਾਕਿਸਤਾਨ ਦੀਆਂ ਫ਼ੌਜੀ ਤੇ ਖੁਫ਼ੀਆ ਮੁਹਿੰਮਾਂ ’ਚ ਪਸ਼ਤੂਨਾਂ ਦੀਆਂ ਹੱਤਿਆਵਾਂ ਨੂੰ ਲੈ ਕੇ ਆਵਾਜ਼ ਉਠਾ ਰਹੇ ਹਨ।

## ‘ਪਰਦੇਸ ਟਾਇਮਜ਼’ ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਸੰਤੋਖ ਸਿੰਘ ਜੱਜ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਮਨਦੀਪ ਸਿੰਘ ਥਿਆੜਾ
(19) ਭੁਪਿੰਦਰ ਸਿੰਘ ਪਦਮ

# ਬੜੇ ਬੇਆਬਰੂ ਹੋ ਕਰ ਤੇਰੇ ਕੂਚੇ ਸੇ ਹਮ ਨਿਕਲੇ..



ਦਰਬਾਰਾ ਸਿੰਘ ਕਾਹਲੋਂ

ਸੋਮਵਾਰ 6 ਜਨਵਰੀ 2025 ਨੂੰ ਜਦੋਂ ਕੈਨੇਡਾ ਦੇ ਸੰਨ 2015 ਤੋਂ ਚਲੇ ਆ ਰਹੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਨਿਵਾਸ ਰਾਈਡੀਓ ਕਾਟੇਜ ਮੂਹਰੇ ਪੱਤਰਕਾਰਾਂ ਸਨਮੁੱਖ ਲਿਬਰਲ ਪਾਰਟੀ ਆਗੂ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਅਸਤੀਫ਼ਾ ਦੇਣ ਦਾ ਐਲਾਨ ਕੀਤਾ ਤਾਂ ਉਨ੍ਹਾਂ ਦਾ ਚਿਹਰਾ ਇਸ ਦਾ ਮਲਾਲ ਭਲੀਭਾਂਤ ਦਰਸਾ ਰਿਹਾ ਸੀ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਪਾਰਟੀ ਆਗੂ ਤੇ ਪ੍ਰਧਾਨ ਮੰਤਰੀ ਬਣੇ ਰਹਿਣ ਦੀ ਪ੍ਰਬਲ ਇੱਛਾ ਰੱਖਦੇ ਸਨ ਪਰ ਪਾਰਟੀ ਅੰਦਰ ਖ਼ਾਨਾਜੰਗੀ ਦੇ ਮੱਦੇਨਜ਼ਰ ਸਮਝਿਆ ਕਿ ਐਸਾ ਸੰਭਵ ਨਹੀਂ। ਉਨ੍ਹਾਂ ਨੇ ਪਾਰਟੀ ਪ੍ਰਧਾਨ ਨੂੰ ਨਵੇਂ ਪਾਰਟੀ ਆਗੂ ਦੀ ਚੋਣ ਕਰਨ ਲਈ ਜ਼ਰੂਰੀ ਪ੍ਰਕਿਰਿਆ ਸ਼ੁਰੂ ਕਰਨ ਲਈ ਕਹਿ ਦਿੱਤਾ ਹੈ। ਨਵੇਂ ਪਾਰਟੀ ਆਗੂ ਚੁਣੇ ਜਾਣ ਤੱਕ ਉਹ ਪਾਰਟੀ ਆਗੂ ਤੇ ਪ੍ਰਧਾਨ ਮੰਤਰੀ ਬਣੇ ਰਹਿਣਗੇ।

ਕੈਨੇਡਾ ਅੰਦਰ ਹਕੀਕਤ ਇਹ ਹੈ ਕਿ ਇਸ ਆਗੂ ਨੇ ਪਿਛਲੇ 9 ਸਾਲਾਂ ਵਿਚ ਲੋਕਾਂ ਨੂੰ ਲੋਕ ਲੁਭਾਊ ਨੀਤੀਆਂ ਰਾਹੀਂ ਦੇਸ਼ ਦੀ ਆਰਥਿਕਤਾ ਬਰਬਾਦ ਕਰ ਕੇ ਰੱਖ ਦਿੱਤੀ। ਨਸ਼ੀਲੇ ਪਦਾਰਥਾਂ ਦੀ ਤਸਕਰੀ, ਟੈਲੀਫੋਨਿਕ ਸਪਲਾਈ, ਅਪਰਾਧੀ ਅੱਤਵਾਦੀਆਂ ਨੂੰ ਦੇਸ਼ ਅੰਦਰ ਸੁਰੱਖਿਆ ਤੇ ਨਾਗਰਿਕਤਾ ਪ੍ਰਦਾਨ ਕਰਨਾ, ਗ਼ਲਤ ਢੰਗ ਨਾਲ ਕਈ ਮਿਲੀਅਨ ਪਰਵਾਸੀਆਂ ਦੀ ਦੇਸ਼ ਵਿਚ ਆਮਦ, ਦੇਸ਼ ਦੀ ਆਰਥਿਕਤਾ ਤੇ ਅਮਨ-ਕਾਨੂੰਨ ਦਾ ਗਲੇ ਦੀ ਹੱਡੀ ਬਣਨਾ, ਘਰਾਂ ਦੀ ਘਾਟ, ਅਸਮਾਨੀ ਚੜ੍ਹੀਆਂ ਕੀਮਤਾਂ ਕਰਕੇ ਲੋਕਾਂ ਦਾ ਝੁੱਗੀ-ਝੌਂਪੜੀ ਵਿਚ ਵਾਸ ਕਰਨ ਲਈ ਮਜਬੂਰ ਹੋਣਾ ਟਰੂਡੋ ਦੇ ਪਤਨ ਦੇ ਮੁੱਖ ਕਾਰਨ ਬਣੇ। ਇਹੀ ਨਹੀਂ, ਸਥਾਨਕ ਲੋਕਾਂ ਦੇ ਨਸਲਘਾਤ ਲਈ ਗਠਿਤ 'ਸੱਚ ਤੇ ਸੁਲ੍ਹਾ ਕਮਿਸ਼ਨ' ਦੀਆਂ ਸਿਫ਼ਾਰਸ਼ਾਂ ਲਾਗੂ ਨਾ ਕਰਨਾ, ਜੋ ਦੇਸ਼, ਜਨਤਾ ਤੇ ਆਰਥਿਕਤਾ ਵਿਰੋਧੀ ਨੀਤੀਆਂ ਸੰਨ 2015 'ਚ ਸੱਤਾ ਪ੍ਰਾਪਤੀ ਵੇਲੇ ਘੜੀਆਂ ਸਨ, ਲੋਕ ਲੁਭਾਊ ਨੁਕਤਾ-ਨਜ਼ਰ ਪੱਖੋਂ ਉਹ ਲਗਾਤਾਰ ਸੰਨ 2019 ਤੇ 2021 ਤੋਂ ਲੈ ਕੇ ਹੁਣ ਤੱਕ ਚਾਲੂ ਰੱਖਣਾ ਵੀ ਟਰੂਡੋ ਲਈ ਮੁਸੀਬਤ ਬਣੀਆਂ।

ਵਾਅਦੇ ਤਾਂ ਵੱਡੇ-ਵੱਡੇ ਕੀਤੇ ਜਿਵੇਂ ਕਿ ਬਜਟ ਘਾਟਾ 16 ਬਿਲੀਅਨ ਡਾਲਰ ਤੱਕ ਸੀਮਤ ਰੱਖਣ ਦਾ ਦਮਗਜਾ ਮਾਰਿਆ ਪਰ ਹਕੀਕਤ 'ਚ ਇਹ ਬਜਟ ਘਾਟਾ ਅੱਜ 62 ਬਿਲੀਅਨ ਡਾਲਰ ਦਾ ਅੰਕੜਾ ਛੂਹ ਰਿਹਾ ਹੈ। ਚੋਣ ਸੁਧਾਰਾਂ ਦੀ ਗੱਲ ਅਸਤੀਫ਼ਾ ਐਲਾਨਣ ਵੇਲੇ ਕਰ ਰਿਹਾ ਸੀ, ਕੀ ਪਿਛਲੇ 9 ਸਾਲ 'ਚ ਬਿੱਲੀ ਛਿੱਕ ਗਈ ਸੀ? ਕਦੇ ਕੈਨੇਡਾ ਵਿਸ਼ਵ ਦਾ ਪ੍ਰਤੀ ਜੀਅ ਆਮਦਨ, ਰੁਜ਼ਗਾਰ, ਵਧੀਆ ਜਨਤਕ ਸਹੂਲਤਾਂ, ਸਿਹਤ, ਸੜਕ, ਰਹਿਣ-ਸਹਿਣ, ਅਮਨ-ਕਾਨੂੰਨ, ਚੱਜ ਅਚਾਰ ਪੱਖੋਂ ਵਧੀਆ ਦੇਸ਼ ਸੀ। ਇਸੇ ਕਰਕੇ ਵੱਖ-ਵੱਖ ਦੇਸ਼ਾਂ ਤੋਂ ਪਰਵਾਸੀ ਇਸ ਵੱਲ ਖਿੱਚੇ ਤੁਰੇ ਆਉਂਦੇ ਸਨ। ਪਰ ਅੱਜ ਇਹ ਆਮ ਆਦਮੀ ਲਈ ਦੋਜ਼ਖ਼ ਬਣਿਆ ਪਿਆ ਹੈ। ਗੈਂਗਸਟਰਵਾਦ, ਅਪਰਾਧ, ਫ਼ਿਰਕੂ ਨਫ਼ਰਤ, ਚੋਰੀਆਂ-ਡਾਕੇ, ਸ਼ਹਿਰਾਂ 'ਚ ਅਮਨ-ਕਾਨੂੰਨ ਦਾ ਜਲੂਸ ਨਿਕਲਿਆ ਪਿਆ ਹੈ। ਨਸਲਵਾਦੀ ਨਫ਼ਰਤ ਡਰਾਉਣਾ ਰੂਪ ਧਾਰਨ ਕਰ ਰਹੀ ਹੈ। ਪਰਿਵਾਰਾਂ ਨੂੰ ਕਈ ਸਾਲ ਡਾਕਟਰ ਉਪਲਬਧ ਨਹੀਂ ਹੁੰਦੇ।

ਸਰਜਰੀਆਂ ਸਾਲਾਂਬੱਧੀ ਲਟਕਾਈਆਂ ਜਾਂਦੀਆਂ ਹਨ। ਬੇਰੁਜ਼ਗਾਰੀ ਵਧ ਰਹੀ ਹੈ ਜਿਸ ਦੀ ਅਜੋਕੀ ਦਰ 6.8 ਪ੍ਰਤੀਸ਼ਤ ਹੈ। ਸਥਾਨਕ ਲੋਕ ਪਰਵਾਸੀਆਂ ਨੂੰ ਕੈਰੀ ਨਜ਼ਰ ਨਾਲ ਵੇਖ ਰਹੇ ਹਨ ਤੇ ਟਰੂਡੋ ਸਰਕਾਰ ਤੋਂ ਨਿਰਾਸ਼ ਹੋ ਚੁੱਕੇ



ਹਨ। ਸਥਾਨਕ ਸਟੋਰਾਂ, ਟਰਾਂਸਪੋਰਟ, ਆਈਟੀ ਸੈਕਟਰ, ਫੂਡ ਪਲਾਜ਼ਿਆਂ, ਸਪਲਾਈ ਤੇ ਡਲਿਵਰੀ ਖੇਤਰਾਂ ਵਿਚ ਪਰਵਾਸੀ ਕਾਬਜ਼ ਹੋਣ ਕਰਕੇ ਸਥਾਨਕ ਲੋਕ ਬੇਰੁਜ਼ਗਾਰੀ ਅਤੇ ਗੁਰਬਤ ਭਰਿਆ ਜੀਵਨ ਬਸਰ ਕਰਨ ਲਈ ਮਜਬੂਰ ਹਨ। ਬੈਂਕ ਆਫ ਕੈਨੇਡਾ ਦੇ ਗਵਰਨਰ ਸਟੀਫਨ ਪੋਲਜ਼ ਦਾ ਕਹਿਣਾ ਹੈ ਕਿ ਜਿਸ ਆਰਥਿਕ ਮੰਦੀ ਨਾਲ ਕੈਨੇਡਾ ਇਸ ਵੇਲੇ ਜੂਝ ਰਿਹਾ ਹੈ, ਇਸ ਦਾ ਕਾਰਨ ਇਹ ਹੈ ਕਿ ਇਸ ਦੀ ਲਗਾਤਾਰ ਪ੍ਰਤੀ ਜੀਅ ਜੀਡੀਪੀ 6ਵੇਂ ਕੁਆਰਟਰ ਵਿਚ ਘੱਟ ਰਹੀ ਹੈ। ਨੀਤੀਗਤ ਫੈਡਰਲ ਖ਼ਰਚਿਆਂ ਵਿਚ ਵਾਧੇ ਕਰਕੇ ਲੋਕਾਂ ਦਾ ਨਿੱਤ ਪ੍ਰਤੀ ਰਹਿਣ-ਸਹਿਣ 30 ਪ੍ਰਤੀਸ਼ਤ ਮਹਿੰਗਾ ਹੋਣ ਕਰਕੇ ਚੀਕਾਂ ਨਿਕਲ ਰਹੀਆਂ ਹਨ। ਫੈਡਰਲ ਸੇਵਾਵਾਂ ਵਿਚ ਬੇਕਾਰ 26 ਪ੍ਰਤੀਸ਼ਤ ਵਾਧਾ ਕੀਤਾ ਗਿਆ ਹੈ। ਫੈਡਰਲ ਕਰਜ਼ਾ 1.4 ਟ੍ਰਿਲੀਅਨ ਡਾਲਰ ਭਾਵ ਪ੍ਰਤੀ ਕੈਨੇਡੀਅਨ ਸਿਰ 32000 ਡਾਲਰ ਚੜ੍ਹ ਚੁੱਕਾ ਹੈ। ਚਾਲੂ ਸਾਲ 'ਚ ਇਸ ਦਾ ਭੁਗਤਾਨ 46 ਬਿਲੀਅਨ ਕਰਨਾ ਦਰਕਾਰ ਹੈ। ਸਰਕਾਰੀ ਫਜ਼ੂਲ੍ਯਖ਼ਰਚੀ ਦੀ ਹੱਦ ਹੋ ਗਈ ਹੈ। ਕੈਨੇਡੀਅਨ ਲੂਨੀ ਅਮਰੀਕੀ ਡਾਲਰ ਦੇ 71 ਸੈਂਟ ਦੇ ਬਰਾਬਰ ਘਟ ਕੇ ਰਹਿ ਗਈ ਹੈ।

ਕਾਰਬਨ ਟੈਕਸ, ਗਰੀਨ ਬਿਜਲੀ ਰੈਗੂਲੇਸ਼ਨ, ਤੇਲ ਤੇ ਗੈਸ ਕੀਮਤਾਂ ਵਿਚ ਬੇਤਹਾਸ਼ਾ ਵਾਧੇ ਨੇ ਆਮ ਆਦਮੀ ਦੀ ਬਾਂਅ-ਬਾਂਅ ਕਰਾ ਰੱਖੀ ਹੈ। ਅਮਰੀਕਾ ਦੇ ਚੁਣੇ 47ਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਦੋਂ ਕੈਨੇਡਾ ਨੂੰ ਦਬਕਾ ਮਾਰਿਆ ਕਿ ਜਾਂ ਤਾਂ ਇਹ ਅਮਰੀਕਾ-ਕੈਨੇਡਾ ਸਰਹੱਦ 'ਤੇ ਗ਼ੈਰ-ਕਾਨੂੰਨੀ ਪਰਵਾਸ (ਸੰਨ 2024 ਵਿਚ ਕੈਨੇਡਾ ਵਿੱਚੋਂ 19500 ਲੋਕ ਗ਼ੈਰ-ਕਾਨੂੰਨੀ ਤੌਰ 'ਤੇ ਅਮਰੀਕਾ 'ਚ ਘੁਸੇ), ਨਸ਼ੀਲੇ ਪਦਾਰਥਾਂ ਦੀ ਤਸਕਰੀ ਰੋਕੇ, ਨਹੀਂ ਤਾਂ ਅਮਰੀਕੀ ਦਰਾਮਦ 'ਤੇ 25 ਪ੍ਰਤੀਸ਼ਤ ਟੈਰਿਫ ਲਈ ਤਿਆਰ ਰਹੇ। ਟਰੂਡੋ ਡਰਦਾ ਹੋਇਆ ਉਸ ਦੇ ਮਾਰ-ਆ-ਲਾਗੋ ਫਲੋਰੀਡਾ ਵਿਖੇ ਘਰ ਗਿਆ ਤੇ ਲੇਲੜੀ ਕੱਢੀ ਕਿ ਇਸ ਨਾਲ ਕੈਨੇਡੀਅਨ ਆਰਥਿਕਤਾ ਬਰਬਾਦ ਹੋ ਜਾਵੇਗੀ। ਤਾਂ ਜਵਾਬ ਸੀ ਕਿ ਕੈਨੇਡਾ ਅਮਰੀਕਾ ਦਾ 51ਵਾਂ ਸੂਬਾ ਬਣ ਜਾਵੇ। ਇਕ ਪ੍ਰਭੂਸੱਤਾ ਸੰਪੰਨ ਰਾਸ਼ਟਰ ਦੇ ਪ੍ਰਧਾਨ ਮੰਤਰੀ ਦੀ ਇਸ ਤੋਂ ਵੱਧ ਬੇਇੱਜ਼ਤੀ ਹੋਰ ਕੀ ਹੋ ਸਕਦੀ ਹੈ। ਅਮਰੀਕਾ-ਕੈਨੇਡਾ ਦਾ ਵਪਾਰ ਵਿਸ਼ਵ ਵਿਚ ਸਭ ਤੋਂ ਵੱਧ ਹੁੰਦਾ ਹੈ। ਸੰਨ 2023 'ਚ ਇਹ 926 ਬਿਲੀਅਨ ਡਾਲਰ ਸੀ ਭਾਵ ਰੋਜ਼ਾਨਾ 2.5 ਬਿਲੀਅਨ ਡਾਲਰ। ਹੁਣ ਤਾਂ ਇਕ ਟ੍ਰਿਲੀਅਨ ਤੋਂ ਵੀ ਵਧ ਚੁੱਕਾ ਹੈ। ਕਿਊਬੈਕ ਬਲਾਕ ਦਾ ਆਗੂ ਫਰਾਂਕੋ ਬਲਾਂਚੇ ਚਾਹੁੰਦਾ ਸੀ ਕਿ ਪੀਐਮ ਪਾਰਲੀਮੈਂਟ ਭੰਗ ਕਰੇ, ਨਵੀਆਂ ਚੋਣਾਂ ਕਰਾਈਆਂ ਜਾਣ ਤੇ ਨਵਾਂ ਪ੍ਰਧਾਨ ਮੰਤਰੀ ਸਭ ਨਾਲ ਮਿਲ ਕੇ ਟਰੰਪ ਦੀ ਹਮਲਾਵਰ ਆਰਥਿਕ ਨੀਤੀ ਦਾ ਮੁਕਾਬਲਾ ਕਰੇ। ਫੈਡਰਲ ਸਰਕਾਰ ਦੇ ਸਾਰੇ ਫ਼ੈਸਲੇ ਪ੍ਰਧਾਨ ਮੰਤਰੀ ਟਰੂਡੋ, ਉਸ ਦੇ ਅਫ਼ਸਰਸ਼ਾਹ ਕਰਦੇ ਸਨ। ਕੈਬਨਿਟ ਮੰਤਰੀ ਤਾਂ ਦਫ਼ਤਰ 'ਚ ਬੈਠ ਕੇ ਮੱਖੀਆਂ ਹੀ ਮਾਰਦੇ ਸਨ।

ਉਸ ਦੇ ਏਕਾਧਿਕਾਰ ਤੋਂ ਪਾਰਟੀ ਆਗੂ, ਕੈਬਨਿਟ ਮੰਤਰੀ, ਲੋਕ ਮਾਰੂ ਆਰਥਿਕ ਨੀਤੀਆਂ ਤੋਂ ਕੈਨੇਡਾ ਦੇ ਲੋਕ ਬਹੁਤ ਔਖੇ ਸਨ। ਉਸ ਦੀ ਪੀਐਮ ਸ਼ਿਪ ਦੇ ਕੱਫਣ ਵਿਚ ਕਿੱਲ ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਦਾ 16 ਦਸੰਬਰ 2024 ਨੂੰ ਕੈਬਨਿਟ ਤੋਂ ਅਸਤੀਫ਼ਾ ਸਾਬਿਤ ਹੋਇਆ। ਇਹੀ ਨਹੀਂ, 153 ਲਿਬਰਲ ਸਾਂਸਦਾਂ ਵਿੱਚੋਂ ਓਂਟਾਰੀਓ, ਐਟਲਾਂਟਿਕ ਤੇ ਕਿਊਬੈਕ ਸਬੰਧੀ 131 ਨੇ ਉਸ ਤੋਂ ਅਸਤੀਫ਼ੇ ਦੀ ਮੰਗ ਕੀਤੀ। ਬੁੱਧਵਾਰ 8 ਜਨਵਰੀ ਨੂੰ ਸਾਂਸਦਾਂ ਨਾਲ ਮੀਟਿੰਗ ਤੋਂ ਪਹਿਲਾਂ ਹੀ ਉਸ ਨੇ ਤਿਆਗ ਪੱਤਰ ਦੇਣ ਦੀ ਚਲਾਕੀ ਕੀਤੀ। ਜਵਾਬਦੇਹੀ ਤੇ ਅਵਿਸ਼ਵਾਸ ਪ੍ਰਸਤਾਵ ਤੋਂ ਬਚਣ ਲਈ ਉਸ ਨੇ ਗਵਰਨਰ ਜਨਰਲ ਮੇਰੀ ਸਾਇਮੋ ਨੂੰ ਮਿਲ ਕੇ 24 ਮਾਰਚ ਤੱਕ ਸੰਸਦ ਮੁਲਤਵੀ ਕਰਵਾ ਲਈ। ਪਰ ਇਹ ਸੰਵਿਧਾਨਿਕ ਤੌਰ 'ਤੇ ਗਲਤ ਹੈ। ਸੰਨ 2019 'ਚ ਯੂਕੇ ਦੇ ਪ੍ਰਧਾਨ ਮੰਤਰੀ ਬੋਰਿਸ ਜਾਹਨਸਨ ਨੇ ਤਤਕਾਲ ਰਾਣੀ ਨੂੰ ਤਿੰਨ ਹਫ਼ਤੇ ਸੰਸਦ ਮੁਲਤਵੀ ਕਰਨ ਲਈ ਕਿਹਾ ਸੀ ਜਿਸ 'ਤੇ ਯੂਕੇ ਦੀ ਸੁਪਰੀਮ ਕੋਰਟ ਨੇ 11 ਜੱਜਾਂ ਦੀ ਸਰਬਸੰਮਤੀ ਨਾਲ ਬਰੇਕ ਲਗਾ ਦਿੱਤੀ ਸੀ। ਅਜਿਹਾ ਹੀ ਕੈਨੇਡਾ ਵਿਚ ਹੋਣਾ ਚਾਹੀਦਾ ਹੈ। ਟਰੂਡੋ ਨਾਲ ਵਿਸ਼ਵ ਦੇ ਕਈ ਵੱਡੇ ਦੇਸ਼ਾਂ ਦੇ ਆਗੂ ਨਾਰਾਜ਼ ਸਨ। ਅਮਰੀਕੀ ਰਾਸ਼ਟਰਪਤੀ ਟਰੰਪ ਨੂੰ ਉਸ ਵੱਲੋਂ ਦੋ-ਮੂੰਹਾਂ ਤੇ ਪਾਗਲ ਕਹਿਣ 'ਤੇ ਉਹ ਨਾਰਾਜ਼ ਸੀ। ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਸ ਦੇ ਖ਼ਾਲਿਸਤਾਨੀਆਂ ਨਾਲ ਸਬੰਧਾਂ ਕਰਕੇ, ਜਰਮਨ ਚਾਂਸਲਰ ਸ਼ੋਲਜ਼ ਊਰਜਾ ਸੰਕਟ 'ਚ ਮਦਦ ਨਾ ਦੇਣ ਕਰਕੇ, ਮੈਕਸੀਕੋ ਦੀ ਸੇਨਾਬਾਊਨ ਵਪਾਰਕ ਵਿਤਕਰੇ ਕਰਕੇ, ਇਜ਼ਰਾਈਲੀ ਨੇਤਨਯਾਹੂ ਕੌਮਾਂਤਰੀ ਅਦਾਲਤ ਵੱਲੋਂ ਉਸ 'ਤੇ ਨਸਲਘਾਤ ਦੇ ਦੋਸ਼ਾਂ ਦੀ ਹਮਾਇਤ ਕਰਕੇ, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਿੱਜੀ ਗੱਲਬਾਤ ਲੀਕ ਕਰਨ ਕਰਕੇ ਨਾਰਾਜ਼ ਸਨ। ਰੂਸੀ ਰਾਸ਼ਟਰਪਤੀ ਪੁਤਿਨ ਉਸ ਨੂੰ ਮੂਰਖ ਤੇ ਬਦਮਾਸ਼ ਕਹਿੰਦਾ ਹੈ। ਸਾਬਕਾ ਆਸਟ੍ਰੇਲੀਅਨ ਪ੍ਰਧਾਨ ਮੰਤਰੀ ਟਰਨਬਲ ਟ੍ਰਾਂਸਪੈਸੇਫਿਕ ਸਾਂਝੇ ਵਪਾਰ ਸਮਝੌਤੇ ਵੇਲੇ ਬੇਇੱਜ਼ਤ ਕਰਨ ਕਰ ਕੇ ਨਾਰਾਜ਼ ਸਨ।

69% ਕੈਨੇਡੀਅਨ ਚਾਹੁੰਦੇ ਸਨ ਕਿ ਉਹ ਚੱਲਦਾ ਬਣੇ ਤੇ 72% ਲੋਕ ਉਸ ਦੀ ਸਰਕਾਰ ਤੋਂ ਦੁਖੀ ਸਨ। ਉਸ ਦੀ ਲੋਕਪ੍ਰਿਅਤਾ ਵਾਟਰਗੇਟ ਸਕੈਂਡਲ ਤੋਂ ਬਾਅਦ ਰਾਸ਼ਟਰਪਤੀ ਰਿਚਰਡ ਨਿਕਸਨ ਤੋਂ ਵੀ ਭੈੜੀ ਹੋ ਗਈ ਸੀ। ਕੰਜ਼ਰਵੇਟਿਵਾਂ ਨੂੰ ਅੱਜ 44, ਐਨਡੀਪੀ ਨੂੰ 20 ਜਦਕਿ ਲਿਬਰਲਾਂ ਨੂੰ 16 ਪ੍ਰਤੀਸ਼ਤ ਕੈਨੇਡਅਨਾਂ ਦੀ ਹਮਾਇਤ ਹਾਸਲ ਹੈ। ਇਸ ਕਰਕੇ ਦਿਨ-ਬ-ਦਿਨ ਟਰੂਡੋ 'ਤੇ ਅਸਤੀਫ਼ੇ ਦਾ ਦਬਾਅ ਵਧ ਰਿਹਾ ਸੀ। ਸੋ, ਜਿਵੇਂ ਡੈਮੋਕ੍ਰੈਟਾਂ ਨੇ ਅਮਰੀਕਾ ਵਿਚ ਬਾਇਡਨ ਨੂੰ ਚੋਣ ਮੈਦਾਨ ਵਿੱਚੋਂ ਲਾਂਭੇ ਕੀਤਾ, ਉਵੇਂ ਹੀ ਲਿਬਰਲਾਂ ਨੇ ਟਰੂਡੋ ਨੂੰ। ਐਨਡੀਪੀ ਆਗੂ ਜਗਮੀਤ ਸਿੰਘ ਤੇ ਕਿਊਬੈਕ ਬਲਾਕ ਆਗੂ ਨੇ ਉਸ ਦੇ ਅਸਤੀਫ਼ੇ ਨੂੰ ਸਹੀ ਕਿਹਾ ਹੈ। ਕੰਜ਼ਰਵੇਟਿਵ ਆਗੂ ਪੈਰੇ ਪੌਲੀਵਰ ਦਾ ਕਹਿਣਾ ਹੈ ਕਿ ਟਰੂਡੋ ਤਾਂ ਦੂਰ ਦੀ ਗੱਲ, ਕੋਈ ਵੀ ਲਿਬਰਲ ਅਗਵਾਈ ਦੇ ਯੋਗ ਨਹੀਂ।

# ਅੰਨੇਵਾਹ ਪਰਵਾਸ ਨੇ ਕਿਵੇਂ ਲੀਹੋਂ ਲਾਹੀ ਜਸਟਿਨ ਟਰੂਡੋ ਦੀ ਗੱਡੀ

ਦਸੰਬਰ ਵਿੱਚ ਜਾਰੀ ਕੀਤੀ ਇੱਕ ਸਰਕਾਰੀ ਨਿਗਰਾਨੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੁੱਲ 24 ਲੱਖ ਕੈਨੇਡੀਅਨ ਪਰਿਵਾਰ ਅਜਿਹੇ ਘਰਾਂ ਵਿੱਚ ਰਹਿ ਰਹੇ ਹਨ ਜੋ ਬਹੁਤ ਛੋਟੇ ਹਨ, ਜਿਨ੍ਹਾਂ ਨੂੰ ਮੁਰੰਮਤ ਦੀ ਬੇਹੱਦ ਲੋੜ ਹੈ। ਮਕਾਨਾਂ ਦੀ ਇਹ ਘਾਟ ਅਜਿਹੇ ਸਮੇਂ ਵਿੱਚ ਸਾਹਮਣੇ ਆਈ, ਜਦੋਂ ਮਹਿੰਗਾਈ ਕੈਨੇਡਾ ਦੇ ਨਾਗਰਿਕਾਂ ਨੂੰ ਬੁਰੀ ਤਰ੍ਹਾਂ ਮਾਰ ਰਹੀ ਹੈ। ਮਕਾਨਾਂ ਦੀ ਘਾਟ ਤੇ ਮਹਿੰਗਾਈ ਦੇ ਦੋਵਾਂ ਮੁੱਦਿਆਂ ਲਈ ਜਿਸ ਕਾਰਕ ਨੂੰ ਜ਼ਿੰਮੇਵਾਰ ਸਮਝਿਆ ਜਾ ਰਿਹਾ ਹੈ, ਉਹ ਤੀਜਾ ਮਸਲਾ ਪਰਵਾਸ ਦਾ ਹੈ। ਪਹਿਲੀ ਵਾਰ, ਜ਼ਿਆਦਾਤਰ ਕੈਨੇਡੀਅਨ, ਜਿਨ੍ਹਾਂ ਨੇ ਲੰਬੇ ਸਮੇਂ ਤੋਂ ਨਵੇਂ ਆਏ ਲੋਕਾਂ ਦਾ ਸੁਆਗਤ ਕੀਤਾ ਹੈ, ਉਹ ਹੁਣ ਸਵਾਲ ਕਰ ਰਹੇ ਹਨ ਕਿ ਉਨ੍ਹਾਂ ਦੇ ਸ਼ਹਿਰਾਂ ਦਾ ਪ੍ਰਬੰਧਨ ਕਿਵੇਂ ਹੋ ਰਿਹਾ ਹੈ। ਦੂਜੇ ਪੱਛਮੀ ਦੇਸ਼ਾਂ ਵਿੱਚ ਸਿਆਸਤ ਲੰਬੇ ਸਮੇਂ ਤੋਂ ਇਮੀਗ੍ਰੇਸ਼ਨ ਦੇ ਆਲੇ-ਦੁਆਲੇ ਧਰੁਵੀ ਬਹਿਸਾਂ ਵਿੱਚ ਉਲਝੀ ਹੋਈ ਹੈ, ਪਰ ਕੈਨੇਡਾ ਨੇ ਇਸ ਮੁੱਦੇ ਨੂੰ ਵੱਡੇ ਪੱਧਰ 'ਤੇ ਨਜ਼ਰਅੰਦਾਜ਼ ਕੀਤਾ ਸੀ, ਸ਼ਾਇਦ ਇਸ ਦੀ ਭੂਗੋਲਿਕ ਸਥਿਤੀ ਦੇ ਕਾਰਨ। ਹਾਲਾਂਕਿ, ਹੁਣ ਕੈਨੇਡੀਅਨ ਸਰਕਾਰ ਤੇ ਸਮਾਜ ਦੇ ਰਵੱਈਏ 'ਚ ਕਾਫੀ ਬਦਲਾਅ ਨਜ਼ਰ ਆ ਰਿਹਾ ਹੈ। ਡਾਟਾ ਅਤੇ ਖੋਜ ਫਰਮ ਐਨਵਾਇਰੋਨਿਕਸ ਦੁਆਰਾ ਕੀਤੇ ਗਏ ਇੱਕ ਸਰਵੇਖਣ ਅਨੁਸਾਰ, 27 ਫੀਸਦ ਕੈਨੇਡੀਅਨਾਂ ਨੇ ਕਿਹਾ ਕਿ 2022 ਵਿੱਚ ਦੇਸ ਵਿੱਚ ਬਹੁਤ ਜ਼ਿਆਦਾ ਪਰਵਾਸੀ ਆਏ ਅਤੇ 2024 ਤੱਕ ਇਹ ਗਿਣਤੀ ਵਧ ਕੇ 58 ਫੀਸਦ ਹੋ ਗਈ। ਪਰਵਾਸ ਖ਼ਿਲਾਫ਼ ਕਈ ਵਿਰੋਧੀ ਗਰੁੱਪ ਵੀ ਉੱਭਰ ਕੇ ਸਾਹਮਣੇ ਆਏ ਹਨ।

ਟਾਵਾ, ਵੈਨਕੂਵਰ, ਕੈਲਗਰੀ ਅਤੇ ਮੁਲਕ ਭਰ ਵਿੱਚ ਹੋਰ ਥਾਵਾਂ 'ਤੇ ਇਮੀਗ੍ਰੇਸ਼ਨ ਵਿਰੋਧੀ ਮਾਰਚ ਕੀਤੇ ਗਏ ਹਨ। ਇੱਕ ਸਾਫਟਵੇਅਰ ਇੰਜੀਨੀਅਰ ਅਤੇ ਕੌਸਟ ਆਫ ਲਿਵਿੰਗ ਕੈਨੇਡਾ ਦੇ ਸੰਸਥਾਪਕ ਪੀਟਰ ਕ੍ਰੈਟਜ਼ਰ ਦਾ ਕਹਿਣਾ ਹੈ, "ਮੈਂ ਕਹਾਂਗਾ ਕਿ ਇਹ ਬਹੁਤ ਵਰਜਿਤ ਸੀ, ਜਿਵੇਂ ਕਿ ਕਿਸੇ ਨੇ ਅਸਲ ਵਿੱਚ ਇਸ ਬਾਰੇ ਗੱਲ ਨਹੀਂ ਕੀਤੀ ਹੋਵੇ। ਪਰ ਚੀਜ਼ਾਂ ਸੱਚਮੁੱਚ ਸਥਿਰ ਹੋ ਗਈਆਂ ਹਨ।"

ਦਰਅਸਲ ਕੌਸਟ ਆਫ ਲਿਵਿੰਗ ਕੈਨੇਡਾ ਦੀ ਇੱਕ ਸੰਸਥਾ ਹੈ, ਜੋ 2024 ਵਿੱਚ ਬਣੀ ਸੀ। ਉਨ੍ਹਾਂ ਨੇ ਕਿਹਾ ਕਿ ਬਰੈਂਪਟਨ ਵਿੱਚ ਕਿਰਾਏ ਦਾ ਬਾਥਰੂਮ ਮਿਲਣ



ਵਰਗੀਆਂ ਕਹਾਣੀਆਂ ਨੇ ਇਸ ਨੂੰ ਹੋਰ ਤੇਜ਼ ਕੀਤਾ ਹੈ। "ਲੋਕ ਕਹਿ ਸਕਦੇ ਹਨ ਕਿ ਇਹ ਸਭ ਕਿਸੇ ਸਬੂਤ ਵਾਂਗ ਹਨ। ਪਰ ਸਬੂਤ ਆਉਂਦੇ ਰਹਿੰਦੇ ਹਨ। ਤੁਸੀਂ ਇਸ ਨੂੰ ਵਾਰ-ਵਾਰ ਦੇਖ ਸਕੇ ਹੋ।" ਵਾਤਾਵਰਨ ਵਿਗਿਆਨ ਦੇ ਕਾਰਜਕਾਰੀ ਨਿਰਦੇਸ਼ਕ ਕੀਥ ਨਿਊਮੈਨ ਦਾ ਕਹਿਣਾ ਹੈ, "ਲੋਕ ਇਸ ਗੱਲ ਨੂੰ ਲੈ ਕੇ ਚਿੰਤਾ ਵਿੱਚ ਹਨ ਕਿ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਕਿਵੇਂ ਸੰਭਾਲਿਆ ਜਾਵੇ ਅਤੇ ਸਾਡਾ ਮੰਨਣਾ ਹੈ ਕਿ ਇਹ ਪਹਿਲੀ ਵਾਰ ਹੈ ਜਦੋਂ ਲੋਕਾਂ ਨੇ ਸਿਸਟਮ ਦੇ ਪ੍ਰਬੰਧਨ ਬਾਰੇ ਸੱਚਮੁੱਚ ਸੋਚਿਆ ਹੈ।"

ਕੈਨੇਡਾ ਦੀ ਸਿਆਸਤ ਵਿੱਚ ਕਦੇ 'ਗੋਲਡਨ ਬੁਆਏ' ਮੰਨੇ ਗਏ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹੁਣ ਇਮੀਗ੍ਰੇਸ਼ਨ ਪੱਧਰਾਂ 'ਤੇ ਵਿਆਪਕ ਅਸੰਤੁਸ਼ਟੀ ਵਿਚਾਲੇ ਇੱਕ ਮਹੱਤਵਪੂਰਨ ਚੋਣ ਸਾਲ ਦੌਰਾਨ 6 ਜਨਵਰੀ ਨੂੰ ਅਸਤੀਫਾ ਦੇ ਦਿੱਤਾ। ਉਨ੍ਹਾਂ ਦੇ ਅਸਤੀਫੇ ਤੋਂ ਪਹਿਲਾਂ ਉਨ੍ਹਾਂ ਦੀ ਪ੍ਰਵਾਨਗੀ ਦਾ ਪੱਧਰ ਸਿਰਫ਼ 22 ਫੀਸਦ ਸੀ, ਜੋ ਕਿ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਦੇ ਪਹਿਲੇ ਸਾਲ ਨਾਲੋਂ ਬਹੁਤ ਘੱਟ ਹੈ, ਜਦੋਂ ਉਸ ਸਾਲ 65 ਫੀਸਦ ਵੋਟਰਾਂ ਨੇ ਕਿਹਾ ਕਿ ਉਹ ਉਨ੍ਹਾਂ ਦੀ ਹਮਾਇਤ ਵਿੱਚ ਹਨ। ਹਾਲਾਂਕਿ ਇਮੀਗ੍ਰੇਸ਼ਨ ਉਨ੍ਹਾਂ ਦੀ ਘੱਟ ਪ੍ਰਵਾਨਗੀ ਰੇਟਿੰਗ ਜਾਂ ਉਨ੍ਹਾਂ ਦੇ ਅਸਤੀਫ਼ੇ ਦਾ ਮੁੱਖ ਕਾਰਨ ਨਹੀਂ ਸੀ। ਉਨ੍ਹਾਂ ਨੇ "ਅੰਦਰੂਨੀ ਲੜਾਈਆਂ" ਦਾ ਹਵਾਲਾ ਦਿੱਤਾ। ਉਨ੍ਹਾਂ 'ਤੇ ਮਹਿੰਗਾਈ ਅਤੇ ਰਿਹਾਇਸ਼ ਬਾਰੇ ਵੱਧ ਰਹੀਆਂ ਚਿੰਤਾਵਾਂ ਨਾਲ ਨਜਿੱਠਣ ਵਿੱਚ ਬਹੁਤ ਹੌਲੀ ਹੋਣ ਦਾ ਇਲਜ਼ਾਮ ਲੱਗਿਆ, ਜਿਸ ਲਈ ਬਹੁਤ ਸਾਰੇ ਲੋਕਾਂ ਨੇ ਅੰਸ਼ਕ ਤੌਰ 'ਤੇ ਇਮੀਗ੍ਰੇਸ਼ਨ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਓਨਟਾਰੀਓ ਦੇ ਕਿੰਗਸਟਨ ਵਿੱਚ ਕੁਇਨਜ਼ ਯੂਨੀਵਰਸਿਟੀ ਦੇ ਸਿਆਸੀ ਅਧਿਐਨ ਵਿਭਾਗ ਦੇ ਮੁਖੀ ਪ੍ਰੋਫੈਸਰ ਜੋਨਾਥਨ ਰੋਜ਼ ਕਹਿੰਦੇ ਹਨ, "ਹਾਲਾਂਕਿ ਅਸਤੀਫ਼ੇ ਦਾ ਤੁਰੰਤ ਕਾਰਨ ਇਮੀਗ੍ਰੇਸ਼ਨ ਮੁੱਦਾ ਨਹੀਂ ਸੀ, ਪਰ ਸੋਨੇ ਤੇ ਸੁਹਾਗੇ ਵਾਂਗ ਹੋ ਸਕਦਾ ਹੈ।"

ਟਰੂਡੋ ਦੇ ਪ੍ਰਸ਼ਾਸਨ ਦੇ ਅਧੀਨ, ਕੈਨੇਡੀਅਨ ਸਰਕਾਰ ਨੇ ਮਹਾਂਮਾਰੀ ਤੋਂ ਬਾਅਦ ਜਾਣਬੁੱਝ ਕੇ ਦੇਸ਼ ਵਿੱਚ ਆਉਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਕਰਨ ਦਾ ਫੈਸਲਾ ਕੀਤਾ ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਹੁਨਰਮੰਦ ਪਰਵਾਸੀਆਂ ਦੇ ਨਾਲ-ਨਾਲ ਵਿਦੇਸ਼ੀ ਵਿਦਿਆਰਥੀਆਂ ਅਤੇ ਅਸਥਾਈ ਕਰਮਚਾਰੀਆਂ ਲਈ ਕੋਟਾ ਵਧਾਉਣ ਨਾਲ ਆਰਥਿਕਤਾ ਨੂੰ ਹੁਲਾਰਾ ਮਿਲੇਗਾ।

ਜੋ ਆਬਾਦੀ 10 ਸਾਲ ਪਹਿਲਾਂ ਸਾਢੇ ਤਿੰਨ ਕਰੋੜ ਸੀ ਉਹ ਹੁਣ ਵਧ ਕੇ 4 ਕਰੋੜ ਤੋਂ ਵੱਧ ਹੋ ਗਈ ਹੈ। ਇਸ ਵਾਧੇ ਲਈ ਇਮੀਗ੍ਰੇਸ਼ਨ ਮੁੱਖ ਤੌਰ 'ਤੇ ਜ਼ਿੰਮੇਵਾਰ ਸੀ। ਕੈਨੇਡਾ ਦੀ ਨੈਸ਼ਨਲ ਸਟੈਟਿਸਟਿਕਸ ਏਜੰਸੀ ਦੇ ਅੰਕੜੇ ਦਰਸਾਉਂਦੇ ਹਨ ਕਿ 2024 ਵਿੱਚ 90 ਫੀਸਦ ਤੋਂ ਵੱਧ ਆਬਾਦੀ ਦਾ ਵਾਧਾ ਇਮੀਗ੍ਰੇਸ਼ਨ ਕਾਰਨ ਹੋਇਆ। ਸਮੁੱਚੇ ਪਰਵਾਸ ਪੱਧਰ ਦੇ ਨਾਲ-ਨਾਲ ਸ਼ਰਨਾਰਥੀਆਂ ਦੀ ਗਿਣਤੀ ਵੀ ਵਧੀ ਹੈ। 2013 ਵਿੱਚ ਕੈਨੇਡਾ ਵਿੱਚ 10,365 ਸ਼ਰਨਾਰਥੀ ਬਿਨੈਕਾਰ ਸਨ ਅਤੇ ਇਹ ਸੰਖਿਆ 2023 ਤੱਕ ਵਧ ਕੇ 143,770 ਹੋਣ ਦੀ ਉਮੀਦ ਹੈ। ਪ੍ਰੋਫ਼ੈਸਰ ਰੋਜ਼ ਨੇ ਦਲੀਲ ਦਿੱਤੀ ਕਿ ਇਮੀਗ੍ਰੇਸ਼ਨ ਪ੍ਰਤੀ ਵੋਟਰਾਂ ਦੀ ਅਸੰਤੁਸ਼ਟੀ ਟਰੂਡੋ ਦੇ ਪਤਨ ਦੇ "ਕਾਰਨਾਂ ਦਾ ਸਭ ਤੋਂ ਵੱਡਾ ਕਾਰਕ" ਸੀ। "ਇਹ ਜਨਤਕ ਰਾਇ ਨੂੰ ਸਮਝਣ ਵਿੱਚ ਉਨ੍ਹਾਂ ਦੀ ਅਸਮਰੱਥਾ ਨੂੰ ਦਰਸਾਉਂਦਾ ਹੈ।"

ਇਹ ਅਸਪੱਸ਼ਟ ਹੈ ਕਿ ਟਰੂਡੋ ਦੀ ਲਿਬਰਲ ਪਾਰਟੀ ਵਿੱਚੋਂ ਕੌਣ ਉਨ੍ਹਾਂ ਦੀ ਥਾਂ ਲਵੇਗਾ, ਪਰ ਆਗਾਮੀ ਚੋਣਾਂ ਤੋਂ ਪਹਿਲਾਂ, ਓਪੀਨੀਅਨ ਪੋਲ ਕੰਜ਼ਰਵੇਟਿਵ ਪਾਰਟੀ ਦੇ ਹੱਕ ਵਿੱਚ ਹਨ, ਜਿਸ ਦੇ ਆਗੂ ਪਿਅਰੇ ਪੋਲੀਵੀਅਰ ਨਵੇਂ ਆਉਣ ਵਾਲਿਆਂ ਦੀ ਗਿਣਤੀ, ਨਵੇਂ ਘਰਾਂ ਦੀ

(ਬਾਕੀ ਅਗਲੇ ਸਫੇ 'ਤੇ)

# ਅੰਨੇਵਾਹ ਪਰਵਾਸ ਨੇ ਕਿਵੇਂ ਲੀਹੋਂ ਲਾਹੀ ਜਸਟਿਨ ਟਰੂਡੋ ਦੀ ਗੱਡੀ

(ਸਫਾ 5 ਦੀ ਬਾਕੀ)

ਉਸਾਰੀ ਨਾਲੋਂ ਘੱਟ ਰੱਖਣ ਦੀ ਵਕਾਲਤ ਕਰ ਰਹੇ ਹਨ। ਪ੍ਰੋਫੈਸਰ ਰੋਜ਼ ਦਾਅਵਾ ਕਰਦੇ ਹਨ ਕਿ ਜਦੋਂ ਦੇ ਨਵੰਬਰ ਵਿੱਚ ਡੌਨਲਡ ਟਰੰਪ ਨੇ ਅਮਰੀਕਾ ਦੀਆਂ ਚੋਣਾਂ ਜਿੱਤੀਆਂ ਹਨ ਉਦੋਂ ਤੋਂ ਪੋਲੀਵੀਅਰ "ਪਰਵਾਸ ਬਾਰੇ ਜ਼ਿਆਦਾ ਗੱਲ ਕਰ ਰਹੇ ਹਨ। ਇਸ ਲਈ ਹੋ ਸਕਦਾ ਹੈ ਕਿ ਉਹ ਵੋਟਰਾਂ ਦੇ ਦਿਮਾਗ਼ ਵਿੱਚ ਮੋਹਰੀ ਹੋਣ।" ਯਕੀਨੀ ਤੌਰ 'ਤੇ ਟਰੰਪ ਦੀ ਦੂਜੀ ਆਮਦ ਕੈਨੇਡਾ ਵਿੱਚ ਭਖ਼ ਰਹੇ ਮੁੱਦਿਆਂ ਉੱਤੇ ਤੇਲ ਪਾਉਣ ਲਈ ਤਿਆਰ ਹੈ, ਭਾਵੇਂ ਪ੍ਰਧਾਨ ਮੰਤਰੀ ਕੋਈ ਵੀ ਹੋਵੇ। ਉਨ੍ਹਾਂ ਦੀ ਜਿੱਤ ਦੇਸ਼ ਵਿੱਚੋਂ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਬਾਹਰ ਕੱਢਣ ਦੇ ਵਾਅਦੇ ਦਾ ਹੀ ਹਿੱਸਾ ਹੈ ਅਤੇ ਜਦੋਂ ਤੋਂ ਉਹ ਜਿੱਤੇ ਹਨ, ਉਹ ਲਗਾਤਾਰ ਕਹਿ ਰਹੇ ਹਨ ਕਿ ਫੌਜ ਦੀ ਭਰਤੀ ਕਰਨਗੇ ਅਤੇ ਆਪਣੇ ਵਾਅਦੇ ਨੂੰ ਪੂਰਾ ਕਰਨ ਲਈ ਕੌਮੀ ਐਮਰਜੈਂਸੀ ਦਾ ਵੀ ਐਲਾਨ ਕਰਨਗੇ। ਇਸ ਦੇ ਨਾਲ ਹੀ ਉਨ੍ਹਾਂ ਨੇ ਜਦੋਂ ਤੱਕ ਸਰਹੱਦ 'ਤੇ ਸਖ਼ਤੀ ਨਹੀਂ ਕੀਤੀ ਜਾਂਦੀ ਉਦੋਂ ਤੱਕ ਕੈਨੇਡਾ ਦੇ ਸਮਾਨ 'ਤੇ 25 ਫੀਸਦ ਟੈਰਿਫ ਵਧਾਉਣ ਦੀ ਯੋਜਨਾ ਦਾ ਵੀ ਐਲਾਨ ਕੀਤਾ ਹੈ।

### ਸਰਹੱਦ 'ਤੇ ਡਰੋਨ, ਕੈਮਰੇ ਅਤੇ ਪੁਲਿਸ ਦਾ ਪ੍ਰਬੰਧ

ਕੈਨੇਡਾ ਅਤੇ ਅਮਰੀਕਾ ਦੁਨੀਆਂ ਦੀ ਸਭ ਤੋਂ ਵੱਡੀ ਅਸੁਰੱਖਿਅਤ ਸਰਹੱਦ ਸਾਂਝੀ ਕਰਦੇ ਹਨ। ਇਸ ਦੀ ਲੰਬਾਈ ਕਰੀਬ 9000 ਕਿਲੋਮੀਟਰ ਹੈ ਅਤੇ ਇਸ ਦਾ ਵਧੇਰੇ ਹਿੱਸਾ ਸੰਘਣੇ ਜੰਗਲਾਂ ਵਿੱਚੋਂ ਹੋ ਕੇ ਲੰਘਦਾ ਹੈ। ਅਮਰੀਕਾ ਦੀ ਦੱਖਣੀ ਸਰਹੱਦ ਵਾਂਗ ਇੱਥੇ ਕੋਈ ਕੰਧ ਨਹੀਂ ਹੈ। ਇਹ ਲੰਬੇ ਸਮੇਂ ਤੋਂ ਟਵਾ ਅਤੇ ਵਾਸ਼ਿੰਗਟਨ ਵਿਚਕਾਰ ਮਾਣ ਵਾਲਾ ਬਿੰਦੂ ਰਿਹਾ ਹੈ ਅਤੇ ਉਨ੍ਹਾਂ ਦੇ ਨਜ਼ਦੀਕੀ ਸਬੰਧਾਂ ਦੀ ਨਿਸ਼ਾਨੀ ਵੀ। 2017 ਵਿੱਚ ਪਹਿਲੀ ਵਾਰ ਟਰੰਪ ਦੇ ਸੱਤਾ ਵਿੱਚ ਆਉਣ ਤੋਂ ਬਾਅਦ, ਸ਼ਰਨ ਦੇ ਦਾਅਵਿਆਂ ਦੀ ਗਿਣਤੀ ਅਸਮਾਨੀ ਚੜ੍ਹ ਗਈ। ਇਨ੍ਹਾਂ ਵਿੱਚੋਂ ਹਜ਼ਾਰਾਂ ਲੋਕ ਸਰਹੱਦ ਪਾਰ ਕਰ ਕੇ ਕੈਨੇਡਾ ਵਿੱਚ ਦਾਖ਼ਲ ਹੋਏ। ਕੈਨੇਡਾ ਸਰਕਾਰ ਦੇ ਅਨੁਸਾਰ, ਅਜਿਹੇ ਦਾਅਵਿਆਂ ਦੀ ਗਿਣਤੀ 2016 ਵਿੱਚ 24,000 ਤੋਂ ਵੱਧ ਕੇ 2018 ਤੱਕ 55,000 ਪ੍ਰਤੀ ਸਾਲ ਹੋ ਗਈ ਹੈ। ਲਗਭਗ ਸਾਰੇ ਦਾਅਵੇ ਅਰਜ਼ੀਆਂ ਨਿਊਯਾਰਕ ਸਟੇਟ ਤੋਂ ਕੈਨੇਡੀਅਨ ਸੂਬੇ ਕਿਊਬਕ ਤੱਕ ਪਹੁੰਚੀਆਂ। 2023 ਵਿੱਚ, ਕੈਨੇਡਾ ਅਤੇ ਅਮਰੀਕਾ ਇੱਕ ਸਖ਼ਤ ਸਰਹੱਦੀ ਸੌਦੇ ਲਈ ਸਹਿਮਤ ਹੋਏ, ਜਿਸ ਵਿੱਚ ਜ਼ਿਆਦਾਤਰ ਪਰਵਾਸੀਆਂ ਨੂੰ ਇੱਕ ਦੇਸ ਤੋਂ ਦੂਜੇ ਦੇਸ ਵਿੱਚ ਜ਼ਮੀਨੀ ਸਰਹੱਦਾਂ ਪਾਰ ਕਰਨ ਤੋਂ ਰੋਕਿਆ ਗਿਆ। ਸਮਝੌਤੇ ਦੇ ਤਹਿਤ, ਅਮਰੀਕਾ ਜਾਂ ਕੈਨੇਡਾ ਵਿੱਚ ਸਰਹੱਦ ਦੇ ਕਿਸੇ ਵੀ ਹਿੱਸੇ ਨੂੰ ਪਾਰ ਕਰਨ ਦੇ 14 ਦਿਨਾਂ ਦੇ ਅੰਦਰ ਅਧਿਕਾਰੀਆਂ ਦੇ ਸੰਪਰਕ ਵਿੱਚ ਆਉਣ ਵਾਲੇ ਪਰਵਾਸੀਆਂ ਨੂੰ ਉਸ ਦੇਸ ਵਿੱਚ ਵਾਪਸ ਭੇਜਣਾ ਹੋਵੇਗਾ, ਜਿੱਥੇ ਉਹ ਪਹਿਲਾਂ ਦਾਖ਼ਲ ਹੋਏ ਸਨ ਅਤੇ ਉੱਥੇ ਹੀ ਸ਼ਰਨ ਲਈ ਬੇਨਤੀ ਕੀਤੀ ਜਾ ਸਕਦੀ ਹੈ।

ਟਰੂਡੋ ਅਤੇ ਜੋ ਬਾਈਡਨ ਨੇ ਇਸ ਸਮਝੌਤੇ 'ਤੇ ਮੁੜ ਕੰਮ ਕੀਤਾ। ਸਮਝੌਤਾ ਇਸ ਵਿਚਾਰ 'ਤੇ ਅਧਾਰਤ ਹੈ ਕਿ ਅਮਰੀਕਾ ਅਤੇ ਕੈਨੇਡਾ ਦੋਵੇਂ ਸ਼ਰਨ ਮੰਗਣ ਵਾਲਿਆਂ ਲਈ ਸੁਰੱਖਿਅਤ ਮੁਲਕ ਹਨ। ਇਸ ਵਾਰ, ਕੈਨੇਡਾ ਦੀ ਰਾਸ਼ਟਰੀ ਪੁਲਿਸ ਫੋਰਸ, ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐੱਮਪੀ) ਨੇ ਕਿਹਾ ਹੈ ਕਿ ਉਸ ਨੇ ਟਰੰਪ ਦੇ ਸਹੁੰ ਚੁੱਕਣ ਤੋਂ ਬਹੁਤ ਪਹਿਲਾਂ ਸਰਹੱਦ 'ਤੇ ਪਰਵਾਸੀਆਂ ਦੀ ਵਧਦੀ ਗਿਣਤੀ ਲਈ ਅਚਨਚੇਤ ਯੋਜਨਾਵਾਂ ਤਿਆਰ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਵਿੱਚ ਡਰੋਨ ਅਤੇ ਨਾਈਟ ਵਿਜ਼ਨ ਗੌਗਲ ਤੋਂ ਲੈ ਕੇ ਜੰਗਲ ਵਿੱਚ ਲੁਕੇ ਨਿਗਰਾਨੀ ਕੈਮਰਿਆਂ ਤੱਕ ਬਹੁਤ ਸਾਰੀਆਂ ਨਵੀਆਂ ਤਕਨੀਕਾਂ ਸ਼ਾਮਲ ਹਨ। ਆਰਸੀਐੱਮਪੀ ਦੇ ਬੁਲਾਰੇ ਚਾਰਲਸ ਪੋਇਰੀਅਰ ਨੇ ਨਵੰਬਰ ਵਿੱਚ ਚੇਤਾਵਨੀ ਦਿੱਤੀ ਸੀ, "ਸਭ ਤੋਂ ਮਾੜੀ ਸਥਿਤੀ ਉਦੋਂ ਹੋਵੇਗੀ ਜਦੋਂ ਲੋਕ ਵੱਡੀ ਗਿਣਤੀ ਵਿੱਚ ਹਰ ਥਾਂ ਤੋਂ ਸਰਹੱਦ ਪਾਰ ਕਰਨਗੇ। ਜੇਕਰ ਮੰਨੀਏ ਕਿ ਸਾਡੇ ਇੱਥੇ ਇੱਕ ਦਿਨ ਵਿੱਚ 100 ਲੋਕ ਸਰਹੱਦ ਪਾਰ ਕਰਦੇ ਹਨ ਅਤੇ ਦਾਖ਼ਲ ਹੁੰਦੇ ਹਨ, ਤਾਂ ਸਾਡੇ ਅਫਸਰਾਂ ਨੂੰ ਅਸਲ ਵਿੱਚ ਹਰ ਇੱਕ ਨੂੰ ਗ੍ਰਿਫਤਾਰ ਕਰਨ ਲਈ ਬਹੁਤ ਲੰਬੀ ਦੂਰੀ ਤੈਅ ਕਰਨੀ ਪਵੇਗੀ ਅਤੇ ਇਹ ਉਨ੍ਹਾਂ ਲਈ ਮੁਸ਼ਕਲ ਭਰਿਆ ਹੋਵੇਗਾ।"

ਹੁਣ, ਕੇਂਦਰੀ ਸਰਕਾਰ ਨੇ ਆਪਣੀ ਸਰਹੱਦ ਸੁਰੱਖਿਆ ਯੋਜਨਾ ਲਈ ਵਾਧੂ 1.3 ਅਰਬ ਕੈਨੇਡੀਅਨ ਡਾਲਰ ਦੇਣ ਦਾ ਵਾਅਦਾ ਕੀਤਾ ਹੈ। 'ਅਸੀਂ ਆਪਣਾ ਭਵਿੱਖ ਵਾਪਸ ਚਾਹੁੰਦੇ ਹਾਂ!'

ਹਰ ਕੋਈ ਵਧੀ ਹੋਈ ਇਮੀਗ੍ਰੇਸ਼ਨ ਨੂੰ ਹਾਲ ਹੀ ਦੇ ਰਿਹਾਇਸ਼ੀ ਸੰਕਟ ਦਾ ਜ਼ਿੰਮੇਵਾਰ ਨਹੀਂ ਮੰਨਦਾ। ਟੋਰਾਂਟੋ ਦੀ ਮੇਅਰ ਓਲੀਵੀਆ ਚੋਅ ਨੇ ਦਲੀਲ ਦਿੱਤੀ ਕਿ ਇਹ "30 ਸਾਲਾਂ ਦੀ ਮਿਹਨਤ" ਕਾਰਨ ਹੋਇਆ ਹੈ ਕਿਉਂਕਿ ਸਿਆਸਤਦਾਨ ਕਿਫਾਇਤੀ ਰਿਹਾਇਸ਼ ਬਣਾਉਣ ਵਿੱਚ ਅਸਫ਼ਲ ਰਹੇ ਹਨ। ਨਿਸ਼ਚਿਤ ਤੌਰ 'ਤੇ ਦੇਸ ਦਾ ਨਵੇਂ ਲੋਕਾਂ ਦਾ ਸੁਆਗਤ ਕਰਨ ਦਾ ਲੰਮਾ ਇਤਿਹਾਸ ਰਿਹਾ ਹੈ। ਨਿਊਮੈਨ ਦੱਸਦੇ ਹਨ, "ਕੈਨੇਡਾ ਦੀ ਲਗਭਗ 50 ਫੀਸਦ ਆਬਾਦੀ ਪਹਿਲੀ ਜਾਂ ਦੂਜੀ ਪੀੜ੍ਹੀ ਹੈ। ਇਸ ਦਾ ਮਤਲਬ ਹੈ ਕਿ ਜਾਂ ਤਾਂ ਉਹ ਕਿਸੇ ਹੋਰ ਦੇਸ ਤੋਂ ਆਏ ਹਨ, ਜਾਂ ਉਨ੍ਹਾਂ ਦੇ ਮਾਤਾ-ਪਿਤਾ ਵਿੱਚੋਂ ਇੱਕ ਜਾਂ ਦੋਵੇਂ ਕਿਸੇ ਹੋਰ ਦੇਸ ਤੋਂ ਆਏ ਹਨ। ਟੋਰਾਂਟੋ ਅਤੇ ਵੈਨਕੂਵਰ ਵਿੱਚ ਇਹ 80 ਫੀਸਦ ਤੋਂ ਵੱਧ ਹੈ।" ਉਹ ਦਲੀਲ ਦਿੰਦੇ ਹਨ ਕਿ ਇਹ ਕੈਨੇਡਾ ਨੂੰ "ਇੱਕ ਸਮਾਨ ਆਬਾਦੀ ਵਾਲੇ ਸਥਾਨ ਤੋਂ ਬਹੁਤ ਵੱਖਰਾ ਸਥਾਨ" ਬਣਾਉਂਦਾ ਹੈ। ਨਿਊਮੈਨ 40 ਸਾਲਾਂ ਤੋਂ ਨਵੇਂ ਆਉਣ ਵਾਲਿਆਂ ਲੋਕਾਂ ਪ੍ਰਤੀ ਰਵੱਈਏ ਦੀ ਜਾਂਚ ਕਰਨ ਵਾਲੇ ਸਰਵੇਖਣਾਂ ਵਿੱਚ ਸ਼ਾਮਲ ਰਹੇ ਹਨ। ਉਹ ਕਹਿੰਦੇ ਹਨ, "ਜੇਕਰ ਤੁਸੀਂ ਕੈਨੇਡੀਅਨਾਂ ਨੂੰ ਪੁੱਛੋ, ਕੈਨੇਡਾ ਬਾਰੇ ਸਭ ਤੋਂ ਮਹੱਤਵਪੂਰਨ ਜਾਂ ਵਿਲੱਖਣ ਚੀਜ਼ ਕੀ ਹੈ ਜਾਂ ਕਿਹੜੀ ਚੀਜ਼ ਦੇਸ਼ ਨੂੰ ਵਿਲੱਖਣ ਬਣਾਉਂਦੀ ਹੈ? ਪਹਿਲਾ ਜਵਾਬ 'ਬਹੁ-ਸੱਭਿਆਚਾਰਵਾਦ' ਜਾਂ 'ਵਿਭਿੰਨਤਾ' ਹੋਵੇਗਾ।" ਫਿਰ ਵੀ, ਉਹ ਕਹਿੰਦੇ ਹਨ ਕਿ ਜਨਤਕ ਰਾਇ ਵਿੱਚ ਤਬਦੀਲੀ ਅਤੇ ਇਮੀਗ੍ਰੇਸ਼ਨ ਬਾਰੇ ਚਿੰਤਾਵਾਂ ਵਿੱਚ ਵਾਧਾ "ਨਾਟਕੀ" ਰਿਹਾ ਹੈ। ਉਹ ਆਖਦੇ ਹਨ, "ਹੁਣ ਨਾ ਸਿਰਫ ਵਿਆਪਕ ਜਨਤਕ ਚਿੰਤਾ ਹੈ, ਬਲਕਿ ਬਹੁਤ ਜ਼ਿਆਦਾ ਖੁੱਲੀ ਚਰਚਾ ਵੀ ਹੈ। ਇਸ ਬਾਰੇ ਹੋਰ ਸਵਾਲ ਪੁੱਛੇ ਜਾ ਰਹੇ ਹਨ ਕਿ ਸਿਸਟਮ ਕਿਵੇਂ ਕੰਮ ਕਰ ਰਿਹਾ ਹੈ? ਇਹ ਕਿਵੇਂ ਕੰਮ ਨਹੀਂ ਕਰ ਰਿਹਾ ਹੈ?" ਟੋਰਾਂਟੋ ਵਿੱਚ ਇੱਕ ਵਿਰੋਧ ਪ੍ਰਦਰਸ਼ਨ ਵਿੱਚ ਭੀੜ ਹੱਥਾਂ ਨਾਲ ਪੇਂਟ ਕੀਤੇ ਪੋਸਟਰਾਂ ਨਾਲ ਇੱਕਠੀ ਹੋਈ, ਜਿਨ੍ਹਾਂ ਵਿੱਚੋਂ ਕੁਝ ਵਿੱਚ ਲਿਖਿਆ ਸੀ, "ਅਸੀਂ ਆਪਣਾ ਭਵਿੱਖ ਵਾਪਸ ਚਾਹੁੰਦੇ ਹਾਂ!" ਅਤੇ " ਮਾਸ ਇਮੀਗ੍ਰੇਸ਼ਨ ਨੂੰ ਖ਼ਤਮ ਕਰੋ"।

ਕ੍ਰੈਟਜ਼ਰ ਦੇ ਸਮੂਹ ਨੇ ਇਨ੍ਹਾਂ ਵਿੱਚੋਂ ਕੁਝ ਵਿੱਚ ਹਿੱਸਾ ਲਿਆ ਹੈ। ਉਹ ਦਲੀਲ ਦਿੰਦੇ ਹਨ, "ਸਾਨੂੰ ਇਮੀਗ੍ਰੇਸ਼ਨ 'ਤੇ ਇੱਕ ਕੈਪ ਲਗਾਉਣ ਦੀ ਲੋੜ ਹੈ। ਸਾਨੂੰ ਇਸ ਵਿੱਚ ਦੇਰੀ ਕਰਨ ਦੀ ਜ਼ਰੂਰਤ ਹੈ ਤਾਂ ਕਿ ਮਜ਼ਦੂਰੀ ਅਤੇ ਕਿਰਾਏ ਦੀ ਲਾਗਤ ਦਾ ਬਰਾਬਰ ਹੋ ਸਕੇ।" ਸੋਸ਼ਲ ਮੀਡੀਆ 'ਤੇ ਨਵੇਂ ਲੋਕਾਂ ਖ਼ਿਲਾਫ਼ ਇਲਜ਼ਾਮ ਵੀ ਲੱਗ ਰਹੇ ਹਨ। ਪਿਛਲੀਆਂ ਗਰਮੀਆਂ ਵਿੱਚ ਵਾਸਾਗਾ ਬੀਚ, ਓਂਟਾਰੀਓ ਵਾਸੀ ਅਖਵਾਉਣ ਵਾਲੀ ਨਤਾਸ਼ਾ ਵ੍ਹਾਈਟ ਨੇ ਟਿਕਟੌਕ 'ਤੇ ਦਾਅਵਾ ਕੀਤਾ ਸੀ ਕਿ ਕੁਝ ਨਵੇਂ ਲੋਕ ਬੀਚ 'ਤੇ ਟੋਏ ਪੁੱਟ ਰਹੇ ਸਨ ਅਤੇ ਉਨ੍ਹਾਂ ਵਿੱਚ ਸ਼ੌਚ ਕਰ ਰਹੇ ਸਨ। ਪੋਸਟ ਨੂੰ ਲੱਖਾਂ ਲੋਕਾਂ ਨੇ ਦੇਖਿਆ ਅਤੇ ਪਰਵਾਸੀਆਂ ਖ਼ਿਲਾਫ਼ ਨਫ਼ਰਤ ਦਾ ਇੱਕ ਤੂਫ਼ਾਨ ਪੈਦਾ ਕੀਤਾ, ਕਈਆਂ ਨੇ ਕਿਹਾ ਕਿ ਨਵੇਂ ਲੋਕਾਂ ਨੂੰ "ਘਰ ਜਾਣਾ ਚਾਹੀਦਾ ਹੈ"

ਜਿਨ੍ਹਾਂ ਲੋਕਾਂ ਨਾਲ ਅਸੀਂ ਗੱਲਬਾਤ ਕੀਤੀ, ਜਿਨ੍ਹਾਂ ਨੇ ਸ਼ਰਨ ਮੰਗਣ ਵਾਲਿਆਂ ਨਾਲ ਨੇੜਿਓਂ ਕੰਮ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਵਧੇਰੇ ਸਰਹੱਦੀ ਸੁਰੱਖਿਆ ਦੀ ਲੋੜ ਬਾਰੇ ਵਧ ਰਹੀਆਂ ਚਿੰਤਾਵਾਂ ਕਾਰਨ ਸ਼ਰਨਾਰਥੀਆਂ ਵਿੱਚ ਅਸੁਰੱਖਿਆ ਅਤੇ ਡਰ ਦੀ ਭਾਵਨਾ ਪੈਦਾ ਹੋ ਰਹੀ ਹੈ। ਮੌਂਟਰੀਅਲ ਵਿੱਚ ਸ਼ਰਨਾਰਥੀ ਕੇਂਦਰ ਦੇ ਕਾਰਜਕਾਰੀ ਨਿਰਦੇਸ਼ਕ ਅਬਦੁੱਲਾ ਦਾਊਦ ਦਾ ਮੰਨਣਾ ਹੈ ਕਿ ਉਹ ਕਮਜ਼ੋਰ ਸ਼ਰਨਾਰਥੀ ਜਿਨ੍ਹਾਂ ਨਾਲ ਉਹ ਕੰਮ ਕਰਦੇ ਹਨ, ਅਮਰੀਕੀ ਚੋਣਾਂ ਤੋਂ ਬਾਅਦ ਪਰਵਾਸੀ ਗਿਣਤੀ 'ਤੇ ਧਿਆਨ ਕੇਂਦਰਿਤ ਹੋਣ ਕਰ ਕੇ ਆਪਣੇ-ਆਪ ਨੂੰ ਅਲੱਗ-ਥਲੱਗ ਮਹਿਸੂਸ ਕਰਦੇ ਹਨ। ਉਹ ਆਖਦੇ ਹਨ, "ਉਹ ਯਕੀਨੀ ਤੌਰ 'ਤੇ ਵਧੇਰੇ ਚਿੰਤਤ ਹਨ। ਮੈਨੂੰ ਲੱਗਦਾ ਹੈ ਕਿ ਉਹ ਆ ਰਹੇ ਹਨ ਅਤੇ ਉਹ ਮਹਿਸੂਸ ਕਰ ਰਹੇ ਹਨ, 'ਠੀਕ ਹੈ, ਕੀ ਮੇਰਾ ਇੱਥੇ ਸਵਾਗਤ ਕੀਤਾ ਜਾਵੇਗਾ? ਕੀ ਮੈਂ ਸਹੀ ਜਗ੍ਹਾ 'ਤੇ ਹਾਂ ਜਾਂ ਨਹੀਂ?" ਸ਼ਰਨਾਰਥੀ ਵਜੋਂ ਕੈਨੇਡਾ ਵਿੱਚ ਰਹਿਣ ਦੀ ਆਸ ਰੱਖਣ ਵਾਲੇ ਲੋਕ ਉਦੋਂ ਤੱਕ ਅਧਿਕਾਰਤ ਇਮੀਗ੍ਰੇਸ਼ਨ ਬੰਦੋਬਸਤ ਸੇਵਾਵਾਂ ਤੱਕ ਨਹੀਂ ਪਹੁੰਚ ਸਕਦੇ ਜਦੋਂ ਤੱਕ ਇਹ ਫ਼ੈਸਲਾ ਨਹੀਂ ਕੀਤਾ ਜਾਂਦਾ ਕਿ ਉਨ੍ਹਾਂ ਨੂੰ ਅਸਲ ਵਿੱਚ ਸ਼ਰਨ ਦੀ ਲੋੜ ਹੈ ਵੀ।

ਇਸ ਪ੍ਰਕਿਰਿਆ ਵਿੱਚ ਪਹਿਲਾਂ ਦੋ ਹਫ਼ਤੇ ਲੱਗਦੇ ਸਨ ਪਰ ਹੁਣ ਇਸ ਵਿੱਚ ਤਿੰਨ ਸਾਲ ਤੱਕ ਦਾ ਸਮਾਂ ਲੱਗ ਸਕਦਾ ਹੈ। ਟੋਰਾਂਟੋ ਵਿੱਚ ਨਵੇਂ ਆਏ ਸ਼ਰਨਾਰਥੀਆਂ ਨੂੰ ਰੱਖਣ ਲਈ ਟੈਂਟ ਸਿਟੀ ਅਤੇ ਫੂਡ ਬੈਂਕ ਖੁੱਲ੍ਹ ਗਏ ਹਨ। ਸ਼ਹਿਰ ਦੇ ਬੇਘਰੇ ਆਸਰੇ ਅਕਸਰ ਭਰੇ ਹੋਏ ਦੱਸੇ ਜਾਂਦੇ ਹਨ। ਪਿਛਲੀਆਂ ਸਰਦੀਆਂ ਵਿੱਚ, ਦੋ ਸ਼ਰਨਾਰਥੀ ਬਿਨੈਕਾਰਾਂ ਦੀ ਟੋਰਾਂਟੋ ਦੀਆਂ ਸੜਕਾਂ 'ਤੇ ਸੌਣ ਤੋਂ ਬਾਅਦ ਬਰਫ਼ ਵਿੱਚ ਜੰਮ ਕੇ ਮੌਤ ਹੋ ਗਈ ਸੀ। ਖੁਦ 13 ਸਾਲ ਦੀ ਉਮਰ ਵਿੱਚ ਹਾਂਗਕਾਂਗ ਤੋਂ ਕੈਨੇਡਾ ਆਉਣ ਵਾਲੀ ਟੋਰਾਂਟੋ ਦੀ ਮੇਅਰ ਓਲੀਵੀਆ ਚੋਅ ਆਖਦੇ ਹਨ, "ਲੋਕਾਂ ਨੂੰ ਪਤਾ ਲੱਗ ਰਿਹਾ ਹੈ ਕਿ ਦੋ-ਤਿੰਨ ਨੌਕਰੀਆਂ ਕਰਨ ਦੇ ਬਾਵਜੂਦ, ਉਨ੍ਹਾਂ ਕੋਲ ਕਿਰਾਏ ਦਾ ਭੁਗਤਾਨ ਕਰਨ ਲਈ ਅਤੇ ਬੱਚਿਆਂ ਦਾ ਢਿੱਡ ਭਰਨ ਦੇ ਪੈਸੇ ਨਹੀਂ ਹਨ।" "ਮੈਂ ਇਸ ਮੁਸ਼ਕਲ ਨੂੰ ਸਮਝਦੀ ਹਾਂ, ਜੋ ਬਰਦਾਸ਼ਤਯੋਗ ਨਹੀਂ ਹੈ ਅਤੇ ਬੇਦਖ਼ਲ ਕੀਤੇ ਜਾਣ ਦੇ ਡਰ ਵੀ ਮੈਂ ਸਮਝਦੀ ਹਾਂ। ਪਰ ਇਸ ਲਈ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਦੋਸ਼ੀ ਠਹਿਰਾਉਣਾ ਗ਼ਲਤ ਹੈ।"

### 'ਅਸੀਂ ਸਹੀ ਸੰਤੁਲਨ ਨਹੀਂ ਬਣਾ ਸਕੇ'– ਟਰੂਡੋ

ਜਿਵੇਂ-ਜਿਵੇਂ ਨਿਰਾਸ਼ਾ ਵਧਦੀ ਗਈ, ਟਰੂਡੋ ਨੇ ਅਕਤੂਬਰ ਵਿੱਚ ਇੱਕ ਵੱਡੀ ਤਬਦੀਲੀ ਦਾ ਐਲਾਨ ਕੀਤਾ, ਉਹ ਸੀ ਤਿੰਨ ਸਾਲਾਂ ਵਿੱਚ ਇਮੀਗ੍ਰੇਸ਼ਨ ਟੀਚਿਆਂ ਵਿੱਚ 20 ਫੀਸਦ ਦੀ ਕਮੀ। ਉਨ੍ਹਾਂ ਨੇ ਮੰਨਿਆ, "ਜਿਵੇਂ ਕਿ ਅਸੀਂ ਮਹਾਂਮਾਰੀ ਤੋਂ ਉਭਰ ਕੇ ਆਏ ਹਾਂ, ਅਸੀਂ ਕਿਰਤ ਲੋੜਾਂ ਨੂੰ ਪੂਰਾ ਕਰਨ ਅਤੇ ਆਬਾਦੀ ਦੇ ਵਾਧੇ ਨੂੰ ਕਾਇਮ ਰੱਖਣ ਵਿਚਕਾਰ ਸਹੀ ਸੰਤੁਲਨ ਬਣਾਉਣ ਦੇ ਯੋਗ ਨਹੀਂ ਹੋਏ।" ਉਨ੍ਹਾਂ ਕਿਹਾ ਕਿ ਉਹ ਹਰ ਪੱਧਰ ਦੀਆਂ ਸਰਕਾਰਾਂ ਨੂੰ ਸਮਾਂ ਦੇਣਾ ਚਾਹੁੰਦੇ ਹਨ ਤਾਂ ਜੋ ਉਹ ਵੱਧ ਤੋਂ ਵੱਧ ਲੋਕਾਂ ਨੂੰ ਸਮਾਂ ਸਕਣ। ਪਰ, ਹੁਣ ਜਿਵੇਂ ਕਿ ਉਨ੍ਹਾਂ ਨੇ ਅਸਤੀਫ਼ਾ ਦੇ ਦਿੱਤਾ ਹੈ, ਕੀ ਇਹ ਕਾਫ਼ੀ ਹੈ? ਅਤੇ ਕੀ ਟਰੰਪ ਦੀ ਪ੍ਰਧਾਨਗੀ ਅਤੇ ਸਰਹੱਦ ਦੇ ਉਸ ਪਾਸੇ ਵਧ ਰਹੀ ਪਰਵਾਸੀ ਵਿਰੋਧੀ ਭਾਵਨਾ ਕੈਨੇਡਾ ਵਿੱਚ ਹੋਰ ਫੈਲਣ ਦਾ ਖ਼ਤਰਾ ਹੈ?

ਦਾਊਦ ਦਾ ਆਪਣਾ ਨਜ਼ਰੀਆ ਹੈ। ਉਹ ਕਹਿੰਦੇ ਹਨ, "ਬਦਕਿਸਮਤੀ ਨਾਲ ਮੈਨੂੰ ਲੱਗਦਾ ਹੈ ਕਿ ਟਰੰਪ ਦੀ ਪ੍ਰਧਾਨਗੀ ਦਾ ਕੈਨੇਡੀਅਨ ਰਾਜਨੀਤੀ 'ਤੇ ਪ੍ਰਭਾਵ ਪਿਆ ਹੈ। ਮੈਨੂੰ ਲਗਦਾ ਹੈ ਕਿ ਬਹੁਤ ਸਾਰੇ ਸਿਆਸੀ ਆਗੂ ਇਸ ਨੂੰ ਡਰ ਫੈਲਾਉਣ ਦੇ ਤਰੀਕੇ ਵਜੋਂ ਵਰਤ ਰਹੇ ਹਨ।"

ਦੂਜਿਆਂ ਨੂੰ ਘੱਟ ਯਕੀਨ ਹੈ ਕਿ ਇਸ ਦਾ ਕੋਈ ਬਹੁਤ ਜ਼ਿਆਦਾ ਪ੍ਰਭਾਵ ਪਵੇਗਾ। ਲੀਵੀਆ ਦਾ ਕਹਿਣਾ ਹੈ, "ਕੈਨੇਡੀਅਨ ਇਸ ਤੋਂ ਬਿਹਤਰ ਹਨ। ਸਾਨੂੰ ਯਾਦ ਹੈ ਕਿ ਸ਼ਰਨਾਰਥੀਆਂ ਦੀਆਂ ਲਗਾਤਾਰ ਲਹਿਰਾਂ ਨੇ ਟੋਰਾਂਟੋ ਅਤੇ ਕੈਨੇਡਾ ਨੂੰ ਬਣਾਉਣ ਵਿੱਚ ਮਦਦ ਕੀਤੀ ਹੈ।" ਅਗਲੀਆਂ ਚੋਣਾਂ ਤੋਂ ਪਹਿਲਾਂ ਆਬਾਦੀ ਦੇ ਵਾਧੇ ਬਾਰੇ ਬਹਿਸਾਂ ਕਰਨ ਵਾਲੇ ਸਿਆਸਤਦਾਨਾਂ ਨੂੰ ਇਸ ਤੱਥ ਦਾ ਅਹਿਸਾਸ ਹੋਵੇਗਾ ਕਿ ਅੱਧੇ ਕੈਨੇਡੀਅਨ ਖ਼ੁਦ ਪਹਿਲੀ ਅਤੇ ਦੂਜੀ ਪੀੜ੍ਹੀ ਦੇ ਪਰਵਾਸੀ ਹਨ। ਪ੍ਰੋਫੈਸਰ ਜੋਨਾਥਨ ਰੋਜ਼ ਕਹਿੰਦੇ ਹਨ, "ਜੇਕਰ ਕੰਜ਼ਰਵੇਟਿਵ ਪਾਰਟੀ ਅਗਲੀ ਚੋਣ ਜਿੱਤ ਜਾਂਦੀ ਹੈ, ਤਾਂ ਅਸੀਂ ਇਮੀਗ੍ਰੇਸ਼ਨ ਵਿੱਚ ਕਮੀ ਦੀ ਉਮੀਦ ਕਰ ਸਕਦੇ ਹਾਂ।" ਪਰ ਉਹ ਕਹਿੰਦੇ ਹਨ ਕਿ ਪੋਲੀਵਰ ਨੂੰ "ਥੋੜ੍ਹੇ ਬਿਹਤਰ ਰਾਹ 'ਤੇ" ਤੁਰਨਾ ਪੇਵਗਾ।

ਪ੍ਰੋਫ਼ੈਸਰ ਰੋਜ਼ ਦਾ ਕਹਿਣਾ ਹੈ, "ਕਿਉਂਕਿ ਟੋਰਾਂਟੋ ਅਤੇ ਵੈਨਕੂਵਰ ਵਿੱਚ ਪਰਵਾਸੀ-ਭਾਰੀ ਖੇਤਰ (ਹਲਕੇ) ਕਿਸੇ ਵੀ ਚੋਣ ਜਿੱਤ ਲਈ ਅਹਿਮ ਹੋਣਗੇ, ਉਨ੍ਹਾਂ ਨੂੰ ਇਮੀਗ੍ਰੇਸ਼ਨ ਵਿਰੋਧੀ ਨਹੀਂ ਦੇਖਿਆ ਜਾ ਸਕਦਾ ਹੈ, ਇਸ ਦੀ ਬਜਾਇ, ਉਹ ਆਰਥਿਕ ਅਤੇ ਰਿਹਾਇਸ਼ੀ ਨੀਤੀ ਦੇ ਅਨੁਕੂਲ ਇਸ ਨੂੰ ਸਿਰਫ਼ ਪੁਨਰਗਠਨ ਕਰ ਰਹੇ ਹਨ।" ਵੱਡੀ ਗਿਣਤੀ ਵਿੱਚ ਕੈਨੇਡੀਅਨ, ਜਿਸ ਵਿੱਚ ਕਾਰੋਬਾਰੀ ਨੇਤਾਵਾਂ ਅਤੇ ਅਕਾਦਮਿਸ਼ਨ ਵੀ ਸ਼ਾਮਲ ਹਨ, ਦਾ ਮੰਨਣਾ ਹੈ ਕਿ ਮੁਲਕ ਨੂੰ ਕੈਨੇਡਾ ਦੀ ਘਟਦੀ ਜਨਮ ਦਰ ਨੂੰ ਹੱਲ ਕਰਨ ਲਈ ਇੱਕ ਮਜ਼ਬੂਤ ਵਿਕਾਸ ਨੀਤੀ ਨੂੰ ਜਾਰੀ ਰੱਖਣਾ ਚਾਹੀਦਾ ਹੈ।

ਸੈਂਚੁਰੀ ਇਨੀਸ਼ੀਏਟਿਵ ਦੀ ਲੀਜ਼ਾ ਲਾਲੈਂਡੇ ਕਹਿੰਦੇ ਹਨ, "ਮੈਨੂੰ ਕੈਨੇਡੀਅਨਾਂ ਤੋਂ ਬਹੁਤ ਉਮੀਦਾਂ ਹਨ।" ਸੰਸਥਾ ਅਜਿਹੀਆਂ ਨੀਤੀਆਂ ਦੀ ਵਕਾਲਤ ਕਰਦੀ ਹੈ ਜੋ 2100 ਤੱਕ ਕੈਨੇਡਾ ਦੀ ਆਬਾਦੀ ਨੂੰ 100 ਮਿਲੀਅਨ ਤੱਕ ਵਧਾਉਣ ਦੀ ਆਗਿਆ ਦੇਵੇਗੀ। ਉਹ ਕਹਿੰਦੇ ਹਨ, "ਮੈਨੂੰ ਲਗਦਾ ਹੈ ਕਿ ਅਸੀਂ ਹੁਣ ਉੱਥੋਂ ਅੱਗੇ ਵਧਾਂਗੇ, ਜਿੱਥੇ ਅਸੀਂ ਹਾਂ।" "ਮੈਨੂੰ ਲੱਗਦਾ ਹੈ ਕਿ ਅਸੀਂ ਅਸਲ ਵਿੱਚ ਸਿਰਫ਼ ਕਿਫਾਇਤੀ ਅਤੇ ਰਹਿਣ-ਸਹਿਣ ਦੀ ਲਾਗਤ ਬਾਰੇ ਚਿੰਤਾ ਵਿੱਚ ਹਾਂ, ਨਾਲ ਸਹਿਜੇ ਪਰਵਾਸੀਆਂ ਬਾਰੇ। ਸਾਡਾ ਮੰਨਣਾ ਹੈ ਕਿ ਉਹ ਸਾਡੇ ਸੱਭਿਆਚਾਰ ਲਈ ਬਹੁਤ ਮਹੱਤਵਪੂਰਨ ਹਨ।"





'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ
ਸੰਪਰਕ ਕਰੋ: 510-938-7771 shaadi@pardestimes.com

**ਵਰ ਦੀ ਲੋੜ**

38 ਸਾਲਾ, ਕਨੇਡੀਅਨ ਸਿਟੀਜ਼ਨ (ਤਲਾਕਸ਼ੁਦਾ, ਕੋਈ ਬੱਚਾ ਨਹੀਂ), ਕੱਦ 5 ਫੁੱਟ 6 ਇੰਚ, ਹੁਣ ਲੀਗਲ ਪ੍ਰੋਫੈਸਨਲ ਵਜੋਂ ਕੰਮ ਕਰਦੀ, ਬੀ. ਕਾਮ, ਐਮ. ਕਾਮ ਅਤੇ ਐਮ. ਬੀ.ਏ., 8 ਸਾਲ 6 ਮਹੀਨੇ ਯੂਨੀਵਰਸਿਟੀ ਪ੍ਰੋਫੈਸਰ ਵਜੋਂ ਕੰਮ ਕੀਤਾ, ਲਈ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ: 510-828-4541





# Invitation From The Sikh Gurdwara San Jose For General Body Meeting at 2:00 PM on Sunday, February 23, 2025

Respected members of the Sikh Gurdwara San Jose,
Waheguru Ji Ka Khalsa, Waheguru Ji Ki Fateh,

This is being published in the newspaper for registered members of the General Body of the Gurdwara Sahib. As per the Bylaws of the Gurdwara Sahib, your attendance at the General Body meeting is essential to either approve or disapprove the following three agenda items. These are very important for the functioning and progress of the Gurdwara Sahib.

1. **"Bylaws Amendment-** 'Article VI Section 12': "Election Committee Formation, Process, Procedures and Responsibilities Resolution"

**Description:** To develop and adhere to the process to achieve shared, transparent, generally acceptable fair elections.

**Purpose / Benefits:** Minimizes disputes arising out of disagreements about the election process. Agreed by the Current Gurdwara Parbandhak Committee, Sadh Sangat Slate, and presumably by the Sangat. UNITES our community.

**Details:** The Gurdwara Bylaws were written in 1980s. Even though some changes were made in the subsequent years, many important details about the election procedure are not defined. Recently members of the Current Parbandhak committee and the Sadh Sangat Slate from the 2019 election met and came to an agreement to implement the following modification to the Article VI, section 12 of the Gurdwara Bylaws.

**ARTICLE VI**

Section 12. Election Committee Formation, Process, Procedures and Responsibilities Resolution.

The Parbandhak Committee will (i) announce the election of the Parbandhak Committee members and (ii) accept all candidate application forms. The qualifications are (i) the candidate must be a member of the General Body (ii) in good standing (iii) must fill out the agreed application form and (iv) must pay a fee if applicable. The candidate is qualified if all requirements (i-iv) are met. The Election Committee (EC) will be formed constituting 3 representatives appointed by the incumbent Parbandhak Committee and 3 representatives collectively appointed by the opposition candidates according to a pro-rata vote. All the EC members must be members of the General Body in good standing, must not have any felony judgement against them (this exempts traffic related violations), shall submit a completed background disclosure form and take an Oath of neutrality before Sri Guru Granth Sahib before starting their duties on the EC.

The primary role of the EC is to independently conduct the elections, including (i) assuring the election follows a fair process (ii) registering and validating the membership list (iii) preparing the final voter list and providing it to the candidates (iv) conducting a candidates forum (v) preparing ballots (vi) sending by mail the election related information and ballots to the General Body (vii) ensuring that election arrangements are fair and complete to serve the general body members (viii) providing security (ix) conducting the election; and (x) announcing the results from the Gurdwara Stage.

Each EC member shall be entitled to one vote. The EC's decisions will be by majority vote. In case of an impasse, the EC shall with consensus develop and execute a neutral tie breaking mechanism without resorting to judicial intervention.

The EC will operate as a subcommittee of the Parbandhak Committee, following the Bylaws, which state that data security and responsibility for fair election ultimately lie with the Parbandhak Committee. Thirty days after the announcement of the election results, the Election Committee will automatically dissolve.

This process will be adhered to for all future elections of the Sikh Gurdwara San Jose."

The Gurdwara Parbandhak Committee requests that you either approve or disapprove the Bylaws Amendment- 'Article VI Section 12'-"Election Committee Formation, Process, Procedures and Responsibilities Resolution"

**"Phase III Construction"**

**Description:** To build second story halls on the North Hall and the South Hall of Gurdwara Sahib.

Purpose / Benefits: To meet major need for increasing weddings on Saturdays, To meet the additional space requirements for Guru Nanak Khalsa school on Sundays, To conduct more religious programs, To meet the future needs for the growing community.

**Details:** There is big demand for holding weddings in the Gurdwara Sahib on the Saturdays. Presently we have to refuse many of these due to lack of space. There is also need for more space to hold classes of the Guru Nanak Khalsa School students on Sundays. Presently nearly 200 students sit on floor of the north hall, divided into classes of 10-12 students next to each other. Due to the proximity of other classes and the noise, the quality of teaching is reduced.

To solve these issues, the Gurdwara Parbandhak Committee proposes to build second story halls on the North Hall and the South Hall of the Gurdwara Sahib.

During the weekdays and Saturdays, these will be used for the Gurdwara programs and weddings etc. On Sundays these will be available for use by the school. This project is called "Phase III Construction".

Present Bylaws, do not allow the Parbandhak Committee to do any real estate development work that may cost more than $250,000. For projects, where the cost will be more than $250,000, approval of the majority of the General Body is required. The Gurdwara Parbandhak Committee requests you to either Approve or Disapprove the "Phase III Construction"

**3. "Supplemental Solar" Description:** To install additional solar system to meet the increased need for the electricity.

**Purpose / Benefits:**. It will be a Gurdwara Sahib's asset. Presently our Gurdwara Sahib has to pay PG&E $12000 - $16,000 every month for the additional power required. This money will be saved.

**Details:** Gurdwara Sahib has a solar system that provides electricity for its use. This system was installed in 2011 and its efficiency has decreased over time. In addition, Gurdwara Sahib is holding many more programs every year now in comparison to 2011 and this has caused a significant increase in the use of electricity. Our present solar system cannot meet needs of our Gurdwara Sahib and we have to pay PG&E for the additional power required.

To solve this issue The Gurdwara Parbandhak Committee proposes to install additional Solar system And this will save Gurdwara Sahib nearly $150,000 or more every year in the PG&E bill. This project is called "Supplemental Solar". The Gurdwara Parbandhak Committee requests you to either approve or disapprove the "Supplemental Solar".

You are invited to give your approval or disapproval of these three agenda items at the Gurdwara General Body Meeting at Sikh Gurdwara San Jose on Sunday, February 23, 2025 at 2:00 PM in the main hall of the Gurdwara Sahib. For this, please bring a Government issued Photo ID with you. If you do not have a Government issued ID from US that has your current address information, bring a copy of a recently received letter from any Government department which shows your current residential address. For Photo ID, you may bring your Foreign or US passport. After verifying your membership status, you will be allowed to enter the meeting in the main hall.

**Bhupindar (Bob) Singh Dhillon**
**President, Sikh Gurdwara San Jose**

# ਸਿੱਖ ਗੁਰਦੁਆਰਾ ਸੈਨ ਹੋਜ਼ੇ ਵਲੋਂ ਜਨਰਲ ਬਾਡੀ ਮੀਟਿੰਗ ਦਾ ਸੱਦਾ ਪੱਤਰ: ਫਰਵਰੀ 23, 2025 ਐਤਵਾਰ ਸਮਾਂ 2 ਵਜੇ

ਸਿੱਖ ਗੁਰਦੁਆਰਾ ਸੈਨ ਹੋਜ਼ੇ ਦੇ ਸਤਿਕਾਰਯੋਗ ਮੈਂਬਰ ਸਾਹਿਬਾਨ: ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ,

ਇਹ ਗੁਰਦੁਆਰਾ ਸਾਹਿਬ ਦੀ ਜਨਰਲ ਬਾਡੀ ਦੇ ਰਜਿਸਟਰਡ ਮੈਂਬਰਾਂ ਲਈ ਅਖਬਾਰ ਵਿੱਚ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਨਿਯਮਾਂ ਅਨੁਸਾਰ, ਹੇਠ ਲਿਖੀਆਂ ਤਿੰਨ ਏਜੰਡਾ ਆਈਟਮਾਂ ਨੂੰ ਮਨਜ਼ੂਰੀ ਜਾਂ ਨਾਮਨਜ਼ੂਰ ਕਰਨ ਲਈ ਜਨਰਲ ਬਾਡੀ ਦੀ ਮੀਟਿੰਗ ਵਿੱਚ ਤੁਹਾਡੀ ਹਾਜ਼ਰੀ ਜ਼ਰੂਰੀ ਹੈ। ਇਹ ਗੁਰਦੁਆਰਾ ਸਾਹਿਬ ਦੇ ਕੰਮਕਾਜ ਅਤੇ ਤਰੱਕੀ ਲਈ ਬਹੁਤ ਜ਼ਰੂਰੀ ਹਨ।

**"ਉਪ-ਨਿਯਮ ਸੋਧ-** 'ਆਰਟੀਕਲ VI ਸੈਕਸ਼ਨ 12': "ਚੋਣ ਕਮੇਟੀ ਦਾ ਗਠਨ, ਪ੍ਰਕਿਰਿਆ, ਪ੍ਰਕਿਰਿਆਵਾਂ ਅਤੇ ਜ਼ਿੰਮੇਵਾਰੀਆਂ ਦਾ ਮਤਾ" ਵਰਣਨ: ਸਾਂਝੀਆਂ, ਪਾਰਦਰਸ਼ੀ, ਆਮ ਤੌਰ 'ਤੇ ਸਵੀਕਾਰਯੋਗ ਨਿਰਪੱਖ ਚੋਣਾਂ ਨੂੰ ਪ੍ਰਾਪਤ ਕਰਨ ਲਈ ਪ੍ਰਕਿਰਿਆ ਦਾ ਵਿਕਾਸ ਅਤੇ ਪਾਲਣ ਕਰਨਾ।

**ਉਦੇਸ਼ / ਲਾਭ:** ਚੋਣ ਪ੍ਰਕਿਰਿਆ ਬਾਰੇ ਅਸਹਿਮਤੀ ਕਾਰਨ ਪੈਦਾ ਹੋਏ ਵਿਵਾਦਾਂ ਨੂੰ ਘੱਟ ਕਰਦਾ ਹੈ। ਮੌਜੂਦਾ ਗੁਰਦੁਆਰਾ ਪ੍ਰਬੰਧਕ ਕਮੇਟੀ, ਸਾਧ ਸੰਗਤ ਸਲੇਟ, ਅਤੇ ਸੰਭਵ ਤੌਰ 'ਤੇ ਸੰਗਤ ਦੁਆਰਾ ਸਹਿਮਤੀ ਦਿੱਤੀ ਗਈ। ਸਾਡੇ ਭਾਈਚਾਰੇ ਨੂੰ ਇਕਜੁੱਟ ਕਰਦਾ ਹੈ।

**ਵੇਰਵਾ:** ਗੁਰਦੁਆਰਾ ਉਪ-ਨਿਯਮ 1980 ਵਿੱਚ ਲਿਖੇ ਗਏ ਸਨ। ਭਾਵੇਂ ਬਾਅਦ ਦੇ ਸਾਲਾਂ ਵਿੱਚ ਕੁਝ ਬਦਲਾਅ ਕੀਤੇ ਗਏ ਸਨ, ਚੋਣ ਪ੍ਰਕਿਰਿਆ ਬਾਰੇ ਬਹੁਤ ਸਾਰੇ ਮਹੱਤਵਪੂਰਨ ਵੇਰਵਿਆਂ ਨੂੰ ਪਰਿਭਾਸ਼ਿਤ ਨਹੀਂ ਕੀਤਾ ਗਿਆ ਹੈ। ਹਾਲ ਹੀ ਵਿੱਚ ਮੌਜੂਦਾ ਪ੍ਰਬੰਧਕ ਕਮੇਟੀ ਅਤੇ 2019 ਦੀਆਂ ਚੋਣਾਂ ਤੋਂ ਸਾਧ ਸੰਗਤ ਸਲੇਟ ਦੇ ਮੈਂਬਰਾਂ ਨੇ ਮੁਲਾਕਾਤ ਕੀਤੀ ਅਤੇ ਗੁਰਦੁਆਰਾ ਉਪ-ਨਿਯਮਾਂ ਦੀ ਧਾਰਾ ਡੀ, ਸੈਕਸ਼ਨ 12 ਵਿੱਚ ਹੇਠ ਲਿਖੀ ਸੋਧ ਨੂੰ ਲਾਗੂ ਕਰਨ ਲਈ ਇੱਕ ਸਮਝੌਤੇ 'ਤੇ ਆਏ।
ਆਰਟੀਕਲ VI ਸੈਕਸ਼ਨ 12। ਚੋਣ ਕਮੇਟੀ ਦਾ ਗਠਨ, ਪ੍ਰਕਿਰਿਆ, ਪ੍ਰਕਿਰਿਆਵਾਂ ਅਤੇ ਜ਼ਿੰਮੇਵਾਰੀਆਂ ਦਾ ਮਤਾ।

ਪ੍ਰਬੰਧਕ ਕਮੇਟੀ (i) ਪ੍ਰਬੰਧਕ ਕਮੇਟੀ ਮੈਂਬਰਾਂ ਦੀ ਚੋਣ ਦਾ ਐਲਾਨ ਕਰੇਗੀ ਅਤੇ (ii) ਸਾਰੇ ਉਮੀਦਵਾਰਾਂ ਦੇ ਅਰਜ਼ੀ ਫਾਰਮ ਸਵੀਕਾਰ ਕਰੇਗੀ। ਯੋਗਤਾਵਾਂ ਹਨ (i) ਉਮੀਦਵਾਰ ਨੂੰ ਜਨਰਲ ਬਾਡੀ ਦਾ ਮੈਂਬਰ ਹੋਣਾ ਚਾਹੀਦਾ ਹੈ (ii) ਚੰਗੀ ਸਥਿਤੀ ਵਿੱਚ (iii) ਲਾਜ਼ਮੀ ਤੌਰ 'ਤੇ ਸਹਿਮਤ ਹੋਏ ਬਿਨੈ-ਪੱਤਰ ਨੂੰ ਭਰਨਾ ਚਾਹੀਦਾ ਹੈ ਅਤੇ (iv) ਜੇਕਰ ਲਾਗੂ ਹੁੰਦਾ ਹੈ ਤਾਂ ਫੀਸ ਅਦਾ ਕਰਨੀ ਚਾਹੀਦੀ ਹੈ। ਉਮੀਦਵਾਰ ਯੋਗ ਹੈ ਜੇਕਰ ਸਾਰੀਆਂ ਲੋੜਾਂ (i-iv) ਪੂਰੀਆਂ ਹੁੰਦੀਆਂ ਹਨ।

ਚੋਣ ਕਮੇਟੀ (EC) ਦਾ ਗਠਨ ਮੌਜੂਦਾ ਪ੍ਰਬੰਧਕ ਕਮੇਟੀ ਦੁਆਰਾ ਨਿਯੁਕਤ ਕੀਤੇ 3 ਪ੍ਰਤੀਨਿਧਾਂ ਅਤੇ ਵਿਰੋਧੀ ਉਮੀਦਵਾਰਾਂ ਦੁਆਰਾ ਇੱਕ ਅਨੁਪਾਤਕ ਵੋਟ ਦੇ ਅਨੁਸਾਰ ਸਮੂਹਿਕ ਤੌਰ 'ਤੇ ਨਿਯੁਕਤ ਕੀਤੇ 3 ਪ੍ਰਤੀਨਿਧਾਂ ਦਾ ਗਠਨ ਕੀਤਾ ਜਾਵੇਗਾ। ਸਾਰੇ ਓਛ ਮੈਂਬਰਾਂ ਨੂੰ ਚੰਗੀ ਸਥਿਤੀ ਵਿੱਚ ਜਨਰਲ ਬਾਡੀ ਦੇ ਮੈਂਬਰ ਹੋਣੇ ਚਾਹੀਦੇ ਹਨ, ਉਹਨਾਂ ਦੇ ਵਿਰੁੱਧ ਕੋਈ ਸੰਗੀਨ ਨਿਰਣਾ ਨਹੀਂ ਹੋਣਾ ਚਾਹੀਦਾ ਹੈ (ਇਹ ਟ੍ਰੈਫਿਕ ਨਾਲ ਸਬੰਧਤ ਉਲੰਘਣਾਵਾਂ ਤੋਂ ਛੋਟ ਦਿੰਦਾ ਹੈ), ਇੱਕ ਪੂਰਾ ਪਿਛੋਕੜ ਖੁਲਾਸਾ ਫਾਰਮ ਜਮ੍ਹਾਂ ਕਰਾਉਣਾ ਚਾਹੀਦਾ ਹੈ ਅਤੇ ਚੋਣ ਕਮੇਟੀ 'ਤੇ ਆਪਣੀ ਡਿਊਟੀ ਸ਼ੁਰੂ ਕਰਨ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਿਰਪੱਖਤਾ ਦੀ ਸਹੁੰ ਚੁੱਕਣੀ ਪਵੇਗੀ। ਚੋਣ ਕਮਿਸ਼ਨ ਦੀ ਮੁਢਲੀ ਭੂਮਿਕਾ ਸੁਤੰਤਰ ਤੌਰ 'ਤੇ ਚੋਣਾਂ ਕਰਵਾਉਣਾ ਹੈ, ਜਿਸ ਵਿੱਚ (i) ਚੋਣ ਨੂੰ ਨਿਰਪੱਖ ਪ੍ਰਕਿਰਿਆ ਦਾ ਪਾਲਣ ਕਰਨ ਦਾ ਭਰੋਸਾ ਦੇਣਾ (ii) ਮੈਂਬਰਸ਼ਿਪ ਸੂਚੀ ਨੂੰ ਰਜਿਸਟਰ ਕਰਨਾ ਅਤੇ ਪ੍ਰਮਾਣਿਤ ਕਰਨਾ (iii) ਅੰਤਿਮ ਵੋਟਰ ਸੂਚੀ ਤਿਆਰ ਕਰਨਾ ਅਤੇ ਉਮੀਦਵਾਰਾਂ ਨੂੰ ਪ੍ਰਦਾਨ ਕਰਨਾ (iv) ਉਮੀਦਵਾਰ ਫੋਰਮ ਦਾ ਸੰਚਾਲਨ ਕਰਨਾ (ਵ) ਬੈਲਟ ਤਿਆਰ ਕਰਨਾ (ਵਿ) ਚੋਣ ਸੰਬੰਧੀ ਜਾਣਕਾਰੀ ਡਾਕ ਰਾਹੀਂ ਭੇਜਣਾ ਅਤੇ ਜਨਰਲ ਬਾਡੀ ਨੂੰ ਬੈਲਟ ਭੇਜਣਾ (ਵਿੰ) ਇਹ ਯਕੀਨੀ ਬਣਾਉਣਾ ਕਿ ਚੋਣ ਪ੍ਰਬੰਧ ਜਨਰਲ ਬਾਡੀ ਦੇ ਮੈਂਬਰਾਂ ਦੀ ਸੇਵਾ ਕਰਨ ਲਈ ਨਿਰਪੱਖ ਅਤੇ ਸੰਪੂਰਨ (viii) ਸੁਰੱਖਿਆ ਪ੍ਰਦਾਨ ਕਰਨਾ (ix) ਚੋਣ ਕਰਵਾਉਣ; ਅਤੇ (x) ਗੁਰਦੁਆਰਾ ਸਟੇਜ ਤੋਂ ਨਤੀਜਿਆਂ ਦਾ ਐਲਾਨ ਕਰਨਾ। ਚੋਣ ਕਮਿਸ਼ਨ ਦਾ ਹਰੇਕ ਮੈਂਬਰ ਇੱਕ ਵੋਟ ਦਾ ਹੱਕਦਾਰ ਹੋਵੇਗਾ। ਚੋਣ ਕਮੇਟੀ ਦੇ ਫੈਸਲੇ ਬਹੁਮਤ ਵੋਟ ਨਾਲ ਹੋਣਗੇ। ਕਿਸੇ ਰੁਕਾਵਟ ਦੀ ਸਥਿਤੀ ਵਿੱਚ, ਚੋਣ ਕਮੇਟੀ ਨਿਆਂਇਕ ਦਖਲਅੰਦਾਜ਼ੀ ਦਾ ਸਹਾਰਾ ਲਏ ਬਿਨਾਂ ਸਹਿਮਤੀ ਨਾਲ ਇੱਕ ਨਿਰਪੱਖ ਟਾਈ ਬ੍ਰੇਕਿੰਗ ਵਿਧੀ ਨੂੰ ਵਿਕਸਤ ਅਤੇ ਲਾਗੂ ਕਰੇਗਾ। EC, ਉਪ-ਕਮੇਟੀ ਦੇ ਤੌਰ 'ਤੇ ਕੰਮ ਕਰੇਗੀ, ਉਪ-ਨਿਯਮਾਂ ਦੀ ਪਾਲਣਾ ਕਰੇਗੀ, ਜਿਸ ਵਿੱਚ ਕਿਹਾ ਗਿਆ ਹੈ ਕਿ ਡੇਟਾ ਸੁਰੱਖਿਆ ਅਤੇ ਨਿਰਪੱਖ ਚੋਣਾਂ ਲਈ ਜ਼ਿੰਮੇਵਾਰੀ ਅੰਤ ਵਿੱਚ ਪ੍ਰਬੰਧਕ ਕਮੇਟੀ ਦੀ ਹੈ।

ਚੋਣ ਨਤੀਜਿਆਂ ਦੇ ਐਲਾਨ ਤੋਂ ਤੀਹ ਦਿਨਾਂ ਬਾਅਦ ਚੋਣ ਕਮੇਟੀ ਆਪਣੇ ਆਪ ਭੰਗ ਹੋ ਜਾਵੇਗੀ। ਸਿੱਖ ਗੁਰਦੁਆਰਾ ਸੈਨ ਹੋਜ਼ੇ ਦੀਆਂ ਭਵਿੱਖੀ ਚੋਣਾਂ ਲਈ ਇਸ ਪ੍ਰਕਿਰਿਆ ਦਾ ਪਾਲਣ ਕੀਤਾ ਜਾਵੇਗਾ।" ਗੁਰਦੁਆਰਾ ਪ੍ਰਬੰਧਕ ਕਮੇਟੀ ਬੇਨਤੀ ਕਰਦੀ ਹੈ ਕਿ ਤੁਸੀਂ ਉਪ-ਨਿਯਮਾਂ ਦੀ ਸੋਧ- 'ਆਰਟੀਕਲ VI ਸੈਕਸ਼ਨ 12'-"ਚੋਣ ਕਮੇਟੀ ਦਾ ਗਠਨ, ਪ੍ਰਕਿਰਿਆ, ਪ੍ਰਕਿਰਿਆਵਾਂ ਅਤੇ ਜ਼ਿੰਮੇਵਾਰੀਆਂ ਦਾ ਮਤਾ" ਨੂੰ ਮਨਜ਼ੂਰ ਜਾਂ ਨਾਮਨਜ਼ੂਰ ਕਰੋ।

**2. "ਪੜਾਅ III ਉਸਾਰੀ" ਵੇਰਵਾ:** ਗੁਰਦੁਆਰਾ ਸਾਹਿਬ ਦੇ ਉੱਤਰੀ ਹਾਲ ਅਤੇ ਦੱਖਣੀ ਹਾਲ 'ਤੇ ਦੂਜੀ ਮੰਜ਼ਿਲਾ ਹਾਲ ਬਣਾਉਣਾ। ਉਦੇਸ਼/ਲਾਭ: ਸ਼ਨੀਵਾਰ ਨੂੰ ਵੱਧ ਰਹੇ ਵਿਆਹਾਂ ਦੀ ਮੁੱਖ ਲੋੜ ਨੂੰ ਪੂਰਾ ਕਰਨ ਲਈ, ਐਤਵਾਰ ਨੂੰ ਗੁਰੂ ਨਾਨਕ ਖਾਲਸਾ ਸਕੂਲ ਲਈ ਵਾਧੂ ਥਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ, ਹੋਰ ਧਾਰਮਿਕ ਪ੍ਰੋਗਰਾਮਾਂ ਦਾ ਆਯੋਜਨ ਕਰਨਾ, ਵਧ ਰਹੇ ਭਾਈਚਾਰੇ ਲਈ ਭਵਿੱਖ ਦੀਆਂ ਲੋੜਾਂ ਨੂੰ ਪੂਰਾ ਕਰਨਾ।

**ਵੇਰਵਾ:** ਸ਼ਨੀਵਾਰ ਨੂੰ ਗੁਰਦੁਆਰਾ ਸਾਹਿਬ ਵਿੱਚ ਵਿਆਹ ਕਰਵਾਉਣ ਦੀ ਵੱਡੀ ਮੰਗ ਹੈ। ਇਸ ਵੇਲੇ ਸਾਨੂੰ ਥਾਂ ਦੀ ਘਾਟ ਕਾਰਨ ਇਨ੍ਹਾਂ ਵਿੱਚੋਂ ਬਹੁਤਿਆਂ ਨੂੰ ਇਨਕਾਰ ਕਰਨਾ ਪੈ ਰਿਹਾ ਹੈ। ਐਤਵਾਰ ਨੂੰ ਗੁਰੂ ਨਾਨਕ ਖਾਲਸਾ ਸਕੂਲ ਦੇ ਵਿਦਿਆਰਥੀਆਂ ਦੀਆਂ ਕਲਾਸਾਂ ਲਗਾਉਣ ਲਈ ਹੋਰ ਥਾਂ ਦੀ ਵੀ ਲੋੜ ਹੈ। ਵਰਤਮਾਨ ਵਿੱਚ ਲਗਭਗ 200 ਵਿਦਿਆਰਥੀ ਉੱਤਰੀ ਹਾਲ ਦੇ ਫਰਸ਼ 'ਤੇ ਬੈਠਦੇ ਹਨ, ਇੱਕ ਦੂਜੇ ਦੇ ਨਾਲ 10-12 ਵਿਦਿਆਰਥੀਆਂ ਦੀਆਂ ਕਲਾਸਾਂ ਵਿੱਚ ਵੰਡਿਆ ਜਾਂਦਾ ਹੈ। ਦੂਜੀਆਂ ਜਮਾਤਾਂ ਦੀ ਨੇੜਤਾ ਅਤੇ ਰੌਲੇ-ਰੱਪੇ ਕਾਰਨ ਪੜ੍ਹਾਉਣ ਦਾ ਮਿਆਰ ਨੀਵਾਂ ਹੋ ਜਾਂਦਾ ਹੈ। ਇਨ੍ਹਾਂ ਮਸਲਿਆਂ ਦੇ ਹੱਲ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਦੇ ਉੱਤਰੀ ਹਾਲ ਅਤੇ ਦੱਖਣੀ ਹਾਲ 'ਤੇ ਦੂਜੀ ਮੰਜ਼ਿਲਾ ਹਾਲ ਬਣਾਉਣ ਦੀ ਤਜਵੀਜ਼ ਹੈ। ਹਫ਼ਤੇ ਦੇ ਦਿਨਾਂ ਅਤੇ ਸ਼ਨੀਵਾਰ ਨੂੰ ਇਨ੍ਹਾਂ ਦੀ ਵਰਤੋਂ ਗੁਰਦੁਆਰਾ ਪ੍ਰੋਗਰਾਮਾਂ ਅਤੇ ਵਿਆਹਾਂ ਆਦਿ ਲਈ ਕੀਤੀ ਜਾਵੇਗੀ ਅਤੇ ਐਤਵਾਰ ਨੂੰ ਇਹ ਸਕੂਲ ਦੁਆਰਾ ਵਰਤੋਂ ਲਈ ਉਪਲਬਧ ਹੋਣਗੇ। ਇਸ ਪ੍ਰੋਜੈਕਟ ਨੂੰ "ਫੇਜ਼ III ਕੰਸਟਰਕਸ਼ਨ" ਕਿਹਾ ਜਾਂਦਾ ਹੈ।

ਮੌਜੂਦਾ ਉਪ-ਨਿਯਮ, ਪ੍ਰਬੰਧਕ ਕਮੇਟੀ ਨੂੰ ਕੋਈ ਵੀ ਰੀਅਲ ਅਸਟੇਟ ਵਿਕਾਸ ਕਾਰਜ ਕਰਨ ਦੀ ਇਜਾਜ਼ਤ ਨਹੀਂ ਦਿੰਦੇ ਹਨ ਜਿਸਦੀ ਲਾਗਤ $250,000 ਤੋਂ ਵੱਧ ਹੋ ਸਕਦੀ ਹੈ। ਪ੍ਰੋਜੈਕਟਾਂ ਲਈ, ਜਿੱਥੇ ਲਾਗਤ $250,000 ਤੋਂ ਵੱਧ ਹੋਵੇਗੀ, ਜਨਰਲ ਬਾਡੀ ਦੀ ਬਹੁਗਿਣਤੀ ਦੀ ਮਨਜ਼ੂਰੀ ਦੀ ਲੋੜ ਹੁੰਦੀ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਤੁਹਾਨੂੰ "ਫੇਜ਼ 111 ਉਸਾਰੀ" ਨੂੰ ਮਨਜ਼ੂਰੀ ਦੇਣ ਜਾਂ ਨਾਮਨਜ਼ੂਰ ਕਰਨ ਲਈ ਬੇਨਤੀ ਕਰਦੀ ਹੈ।

**3. "ਪੂਰਕ ਸੋਲਰ" ਵਰਣਨ:** ਬਿਜਲੀ ਦੀ ਵੱਧਦੀ ਲੋੜ ਨੂੰ ਪੂਰਾ ਕਰਨ ਲਈ ਵਾਧੂ ਸੋਲਰ ਸਿਸਟਮ ਲਗਾਉਣ ਲਈ।

**ਉਦੇਸ਼ /ਲਾਭ:** ਇਹ ਗੁਰਦੁਆਰਾ ਸਾਹਿਬ ਦੀ ਜਾਇਦਾਦ ਹੋਵੇਗੀ। ਵਰਤਮਾਨ ਵਿੱਚ ਸਾਡੇ ਗੁਰਦੁਆਰਾ ਸਾਹਿਬ ਨੂੰ ਵਾਧੂ ਬਿਜਲੀ ਲਈ ਹਰ ਮਹੀਨੇ PG&E ਨੂੰ $12000 - $16,000 ਦਾ ਭੁਗਤਾਨ ਕਰਨਾ ਪੈਂਦਾ ਹੈ। ਇਸ ਪੈਸੇ ਦੀ ਬਚਤ ਹੋਵੇਗੀ।

**ਵੇਰਵੇ:** ਗੁਰਦੁਆਰਾ ਸਾਹਿਬ ਵਿੱਚ ਇੱਕ ਸੋਲਰ ਸਿਸਟਮ ਹੈ ਜੋ ਇਸਦੀ ਵਰਤੋਂ ਲਈ ਬਿਜਲੀ ਪ੍ਰਦਾਨ ਕਰਦਾ ਹੈ। ਇਹ ਸਿਸਟਮ 2011 ਵਿੱਚ ਸਥਾਪਿਤ ਕੀਤਾ ਗਿਆ ਸੀ ਅਤੇ ਸਮੇਂ ਦੇ ਨਾਲ ਇਸਦੀ ਕੁਸ਼ਲਤਾ ਵਿੱਚ ਕਮੀ ਆਈ ਹੈ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ 2011 ਦੇ ਮੁਕਾਬਲੇ ਹੁਣ ਹਰ ਸਾਲ ਹੋਰ ਵੀ ਕਈ ਪ੍ਰੋਗਰਾਮ ਕਰ ਰਹੇ ਹਨ ਅਤੇ ਇਸ ਕਾਰਨ ਬਿਜਲੀ ਦੀ ਵਰਤੋਂ ਵਿਚ ਕਾਫੀ ਵਾਧਾ ਹੋਇਆ ਹੈ। ਸਾਡਾ ਮੌਜੂਦਾ ਸੋਲਰ ਸਿਸਟਮ ਸਾਡੇ ਗੁਰਦੁਆਰਾ ਸਾਹਿਬ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰ ਸਕਦਾ ਅਤੇ ਸਾਨੂੰ ਲੋੜੀਂਦੀ ਵਾਧੂ ਬਿਜਲੀ ਲਈ PG&E ਦਾ ਭੁਗਤਾਨ ਕਰਨਾ ਪੈਂਦਾ ਹੈ।

ਇਸ ਮੁੱਦੇ ਨੂੰ ਹੱਲ ਕਰਨ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਾਧੂ ਸੋਲਰ ਸਿਸਟਮ ਲਗਾਉਣ ਦੀ ਤਜਵੀਜ਼ ਰੱਖੀ ਹੈ ਅਤੇ ਇਸ ਨਾਲ ਗੁਰਦੁਆਰਾ ਸਾਹਿਬ ਨੂੰ ਪੀਜੀ ਐਂਡ ਈ (PG&E) ਬਿੱਲ ਵਿੱਚ ਹਰ ਸਾਲ ਲਗਭਗ $150,000 ਜਾਂ ਇਸ ਤੋਂ ਵੱਧ ਦੀ ਬਚਤ ਹੋਵੇਗੀ। ਇਸ ਪ੍ਰੋਜੈਕਟ ਨੂੰ "ਸਪਲੀਮੈਂਟਲ ਸੋਲਰ" ਕਿਹਾ ਜਾਂਦਾ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਤੁਹਾਨੂੰ "ਪੂਰਕ ਸੋਲਰ" ਨੂੰ ਮਨਜ਼ੂਰੀ ਦੇਣ ਜਾਂ ਨਾਮਨਜ਼ੂਰ ਕਰਨ ਦੀ ਬੇਨਤੀ ਕਰਦੀ ਹੈ।

23 ਫਰਵਰੀ, 2025 ਦਿਨ ਐਤਵਾਰ, ਨੂੰ ਗੁਰਦੁਆਰਾ ਸਾਹਿਬ ਦੇ ਮੇਨ ਹਾਲ ਵਿੱਚ ਦੁਪਹਿਰ 2:00 ਵਜੇ ਗੁਰਦੁਆਰਾ ਜਨਰਲ ਬਾਡੀ ਦੀ ਮੀਟਿੰਗ ਵਿੱਚ ਇਹਨਾਂ ਤਿੰਨਾਂ ਏਜੰਡਿਆਂ ਨੂੰ ਆਪਣੀ ਪ੍ਰਵਾਨਗੀ ਜਾਂ ਨਾਮਨਜ਼ੂਰ ਕਰਨ ਲਈ ਤੁਹਾਨੂੰ ਸੱਦਾ ਦਿੱਤਾ ਜਾਂਦਾ ਹੈ। ਇਸਦੇ ਲਈ ਕਿਰਪਾ ਕਰਕੇ ਆਪਣੇ ਨਾਲ ਸਰਕਾਰ ਦੁਆਰਾ ਜਾਰੀ ਫੋਟੋ ਆਈਡੀ ਲਿਆਓ। ਜੇਕਰ ਤੁਹਾਡੇ ਕੋਲ ਅਮਰੀਕਾ ਤੋਂ ਸਰਕਾਰ ਦੁਆਰਾ ਜਾਰੀ ਕੀਤੀ ਗਈ ID ਨਹੀਂ ਹੈ ਜਿਸ ਵਿੱਚ ਤੁਹਾਡੇ ਮੌਜੂਦਾ ਪਤੇ ਦੀ ਜਾਣਕਾਰੀ ਹੈ, ਤਾਂ ਕਿਸੇ ਵੀ ਸਰਕਾਰੀ ਵਿਭਾਗ ਤੋਂ ਹਾਲ ਹੀ ਵਿੱਚ ਪ੍ਰਾਪਤ ਹੋਏ ਪੱਤਰ ਦੀ ਇੱਕ ਕਾਪੀ ਲਿਆਓ ਜੋ ਤੁਹਾਡਾ ਮੌਜੂਦਾ ਰਿਹਾਇਸ਼ੀ ਪਤਾ ਦਰਸਾਉਂਦਾ ਹੈ। ਫੋਟੋ ਆਈਡੀ ਲਈ, ਤੁਸੀਂ ਆਪਣਾ ਵਿਦੇਸ਼ੀ ਜਾਂ ਅਮਰੀਕੀ ਪਾਸਪੋਰਟ ਲਿਆ ਸਕਦੇ ਹੋ। ਤੁਹਾਡੀ ਮੈਂਬਰਸ਼ਿਪ ਸਥਿਤੀ ਦੀ ਪੁਸ਼ਟੀ ਕਰਨ ਤੋਂ ਬਾਅਦ, ਤੁਹਾਨੂੰ ਮੁੱਖ ਹਾਲ ਵਿੱਚ ਮੀਟਿੰਗ ਵਿੱਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਜਾਵੇਗੀ।

**ਭੁਪਿੰਦਰ (ਬੌਬ) ਸਿੰਘ ਢਿੱਲੋਂ**
**ਪ੍ਰਧਾਨ, ਸਿੱਖ ਗੁਰਦੁਆਰਾ ਸੈਨ ਹੋਜ਼ੇ**

# ਕੀ ਕੈਨੇਡਾ, ਪਨਾਮਾ ਅਤੇ ਗ੍ਰੀਨਲੈਂਡ ਅਮਰੀਕਾ ਵਿਚ ਸ਼ਾਮਲ ਹੋਵੇਗਾ

ਅਮਰੀਕਾ ਦੇ ਨਵੇਂ-ਚੁਣੇ ਗਏ ਰਾਸ਼ਟਰਪਤੀ ਡੌਨਲਡ ਟਰੰਪ ਨੇ ਪਨਾਮਾ ਨਹਿਰ ਅਤੇ ਗ੍ਰੀਨਲੈਂਡ 'ਤੇ ਕਬਜ਼ਾ ਕਰਨ ਲਈ ਫ਼ੌਜੀ ਕਾਰਵਾਈ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ ਹੈ। ਪਰ ਉਨ੍ਹਾਂ ਦੇ ਪਨਾਮਾ ਨਹਿਰ ਅਤੇ ਗ੍ਰੀਨਲੈਂਡ ਨੂੰ ਕਬਜ਼ੇ ਹੇਠ ਕਰਨ ਦੇ ਬਿਆਨ ਨੇ ਵੱਡੀ ਗਿਣਤੀ ਲੋਕਾਂ ਨੂੰ ਫ਼ਿਕਰਮੰਦ ਕਰ ਦਿੱਤਾ ਹੈ। ਗ੍ਰੀਨਲੈਂਡ ਡੈਨਮਾਰਕ ਦੀ ਖ਼ੁਦਮੁਖਤਿਆਰੀ ਵਾਲਾ ਖੇਤਰ ਹੈ। ਟਰੰਪ ਨੇ ਦੋਵਾਂ (ਪਨਾਮਾ ਨਹਿਰ ਅਤੇ ਗ੍ਰੀਨਲੈਂਡ) ਨੂੰ ਅਮਰੀਕਾ ਦੀ ਆਰਥਿਕ ਸੁਰੱਖਿਆ ਲਈ ਰਣਨੀਤਕ ਤੌਰ 'ਤੇ ਮਹੱਤਵਪੂਰਨ ਦੱਸਿਆ। ਅਜਿਹਾ ਪਹਿਲੀ ਵਾਰ ਹੋਇਆ ਜਦੋਂ ਟਰੰਪ ਨੇ ਜਨਤਕ ਤੌਰ 'ਤੇ ਅਮਰੀਕੀ ਫ਼ੌਜ ਦੀ ਇਸ ਤਰ੍ਹਾਂ ਵਰਤੋਂ ਕਰਨ ਬਾਰੇ ਕੋਈ ਟਿੱਪਣੀ ਕੀਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਕੈਨੇਡਾ ਨੂੰ ਅਮਰੀਕਾ ਦਾ ਹਿੱਸਾ ਬਣਾਉਣ ਲਈ ਆਰਥਿਕ ਦਬਾਅ ਦੀ ਵਰਤੋਂ ਕਰਨਗੇ। ਪਨਾਮਾ, ਗ੍ਰੀਨਲੈਂਡ, ਡੈਨਮਾਰਕ ਅਤੇ ਕੈਨੇਡਾ ਨੇ ਇਨ੍ਹਾਂ ਟਿੱਪਣੀਆਂ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ।



**ਪਨਾਮਾ ਨਹਿਰ**

20ਵੀਂ ਸਦੀ ਦੇ ਸ਼ੁਰੂ ਵਿੱਚ ਨਹਿਰ ਦੇ ਨਿਰਮਾਣ ਦਾ ਜ਼ਿੰਮਾ ਲੈਣ ਤੋਂ ਬਾਅਦ ਅਤੇ ਦਹਾਕਿਆਂ ਦੀ ਗੱਲਬਾਤ ਤੋਂ ਬਾਅਦ, ਅਮਰੀਕਾ ਨੇ 1999 ਵਿੱਚ ਨਹਿਰ ਦਾ ਪੂਰਾ ਕੰਟਰੋਲ ਪਨਾਮਾ ਨੂੰ ਸੌਂਪ ਦਿੱਤਾ ਸੀ। ਹੁਣ, ਟਰੰਪ ਕੌਮੀ ਸੁਰੱਖਿਆ ਦਾ ਹਵਾਲਾ ਦਿੰਦਿਆਂ ਨਹਿਰ ਨੂੰ ਵਾਪਸ ਅਮਰੀਕਾ ਦੇ ਕੰਟਰੋਲ ਵਿੱਚ ਲੈਣਾ ਚਾਹੁੰਦੇ ਹਨ। ਟਰੰਪ ਨੇ ਕਿਹਾ, "ਪਨਾਮਾ ਨਹਿਰ ਸਾਡੇ ਦੇਸ਼ ਲਈ ਬਹੁਤ ਜ਼ਰੂਰੀ ਹੈ। ਇਹ ਚੀਨ ਵੱਲੋਂ ਚਲਾਈ ਜਾ ਰਹੀ ਹੈ। ਅਸੀਂ ਇਸ ਨਹਿਰ ਦਾ ਕੰਟਰੋਲ ਪਮਾਨਾ ਨੂੰ ਦਿੱਤਾ ਸੀ, ਨਾ ਕਿ ਚੀਨ ਨੂੰ ਅਤੇ ਹੁਣ ਚੀਨ ਇਸ ਦੀ ਦੁਰਵਰਤੋਂ ਕਰ ਰਿਹਾ ਹੈ। "ਉਨ੍ਹਾਂ ਨੇ ਇਸ ਤੋਹਫ਼ੇ ਦੀ ਦੁਰਵਰਤੋਂ ਕੀਤੀ ਹੈ।" ਹਾਲਾਂਕਿ ਅਧਿਕਾਰਤ ਅੰਕੜੇ ਟਰੰਪ ਦੇ ਦ੍ਰਿਸ਼ਟੀਕੋਣ ਨਾਲ ਮੇਲ ਨਹੀਂ ਖਾਂਦੇ। ਅਸਲ ਵਿੱਚ ਤਾਂ ਕੁੱਲ ਨਹਿਰੀ ਆਵਾਜਾਈ ਦਾ 72 ਫ਼ੀਸਦੀ ਹਿੱਸਾ ਅਮਰੀਕਾ ਕਾਰਗੋ ਕੋਲ ਹੈ। ਪਨਾਮਾ ਕਨਾਲ ਅਥਾਰਟੀ ਮੁਤਾਬਕ ਚੀਨੀ ਕਾਰਗੋ ਤਕਰੀਬਨ 22 ਫ਼ੀਸਦੀ ਨਾਲ ਦੂਜੇ ਨੰਬਰ 'ਤੇ ਹੈ। ਚੀਨ ਨੇ ਵੀ ਪਨਾਮਾ ਵਿੱਚ ਵੱਡੇ ਪੱਧਰ 'ਤੇ ਆਰਥਿਕ ਨਿਵੇਸ਼ ਕੀਤਾ ਹੈ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਪਨਾਮਾ ਨਹਿਰ ਨਾ ਸਿਰਫ਼ ਪ੍ਰਸ਼ਾਂਤ ਵਿੱਚ ਅਮਰੀਕੀ ਵਪਾਰ ਲਈ ਜ਼ਰੂਰੀ ਹੈ, ਇਹ ਚੀਨ ਨਾਲ ਭਵਿੱਖ ਵਿੱਚ ਕਿਸੇ ਵੀ ਕਿਸਮ ਦੇ ਫੌਜੀ ਸੰਘਰਸ਼ ਦੀ ਸਥਿਤੀ ਨਾਲ ਨਜਿੱਠਣ ਲਈ ਵੀ ਅਹਿਮ ਹੈ। ਟਰੰਪ ਨੇ ਇਸ ਤੋਂ ਪਹਿਲਾਂ ਇਲਜ਼ਾਮ ਲਾਇਆ ਸੀ ਕਿ ਅਮਰੀਕੀ ਕਾਰਗੋ ਜਹਾਜ਼ਾਂ ਤੋਂ ਪਨਾਮਾ 'ਤੇ ਨਹਿਰ ਦੀ ਵਰਤੋਂ ਬਦਲੇ ਵੱਧ ਵਸੂਲੀ ਕੀਤੀ ਜਾਂਦੀ ਹੈ। ਟਰੂਥ ਸੋਸ਼ਲ ਨੈੱਟਵਰਕ 'ਤੇ ਟਰੰਪ ਦੇ ਅਕਾਊਂਟ 'ਤੇ ਇੱਕ ਨਜ਼ਰ ਤਸਵੀਰ ਦੇਖੀ ਜਾ ਸਕਦੀ ਹੈ, ਜਿਸ ਵਿੱਚ ਪਨਾਮਾ ਨਹਿਰ ਦੇ ਮੱਧ 'ਚ ਅਮਰੀਕੀ ਝੰਡੇ ਦਿਖਾਈ ਦਿੰਦੇ ਹਨ। ਪਨਾਮਾ ਸਿਟੀ ਵਿੱਚ ਇੱਕ ਨਿਊਜ਼ ਕਾਨਫਰੰਸ ਵਿੱਚ ਪਨਾਮਾ ਦੇ ਵਿਦੇਸ਼ ਮੰਤਰੀ, ਜੇਵੀਅਰ ਮਾਰਟੀਨੇਜ਼-ਅਚਾ ਨੇ ਟਰੰਪ ਦੀ ਇਸ ਟਿੱਪਣੀ ਉੱਤੇ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਨਾਮਾ ਨਹਿਰ ਦੀ ਪ੍ਰਭੂਸੱਤਾ ਗੈਰ-ਸਮਝੌਤਾਯੋਗ ਸੀ। ਮਾਰਟੀਨੇਜ਼-ਅਚਾ ਨੇ ਕਿਹਾ, "ਨਹਿਰ ਦਾ ਨਿਯੰਤਰਨ ਮੁਕੰਮਲ ਤੌਰ 'ਤੇ ਪਨਾਮੇਨੀਅਨ ਹੱਥਾਂ ਵਿੱਚ ਹੈ ਅਤੇ ਇਹ ਇਸੇ ਤਰ੍ਹਾਂ ਜਾਰੀ ਰਹੇਗਾ।"

**ਗ੍ਰੀਨਲੈਂਡ**

ਗ੍ਰੀਨਲੈਂਡ ਡੈਨਮਾਰਕ ਦੇ ਅਧੀਨ ਇੱਕ ਖ਼ੁਦਮੁਖਤਿਆਰ ਖੇਤਰ ਹੈ ਅਤੇ ਦੁਨੀਆ ਦੇ ਸਭ ਤੋਂ ਘੱਟ ਆਬਾਦੀ ਵਾਲੇ ਖੇਤਰਾਂ ਵਿੱਚੋਂ ਇੱਕ ਹੈ। ਟਰੰਪ ਨੇ ਰਾਸ਼ਟਰਪਤੀ ਵਜੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ 2019 ਵਿੱਚ ਗ੍ਰੀਨਲੈਂਡ ਨੂੰ ਖਰੀਦਣ ਦਾ ਵਿਚਾਰ ਸਾਹਮਣੇ ਰੱਖਿਆ ਸੀ। ਡੈਨਮਾਰਕ ਦੇ ਪ੍ਰਧਾਨ ਮੰਤਰੀ ਮੇਟੇ ਫ੍ਰੈਡਰਿਕਸਨ ਨੇ ਆਉਣ ਵਾਲੇ ਟਰੰਪ ਪ੍ਰਸ਼ਾਸਨ ਨਾਲ ਕੰਮ ਕਰਨ ਦੀ ਆਪਣੀ ਇੱਛਾ ਜ਼ਾਹਰ ਕੀਤੀ ਹੈ ਪਰ ਜ਼ੋਰ ਦੇ ਕੇ ਕਿਹਾ ਕਿ ਗ੍ਰੀਨਲੈਂਡ ਇਸਦੇ ਲੋਕਾਂ ਦਾ ਹੈ। "ਗ੍ਰੀਨਲੈਂਡ, ਗ੍ਰੀਨਲੈਂਡ ਵਿੱਚ ਰਹਿਣ ਵਾਲੇ ਲੋਕਾਂ ਲਈ ਹੈ।

ਫ੍ਰੈਡਰਿਕਸਨ ਨੇ ਕਿਹਾ, "ਇਹ ਮਾਣ ਨਾਲ ਭਰੇ ਲੋਕਾਂ ਦਾ ਹੈ, ਇਸ ਦੀ ਇੱਕ ਭਾਸ਼ਾ ਅਤੇ ਸੱਭਿਆਚਾਰ ਹੈ, ਜੋ ਉੱਥੇ ਰਹਿਣ ਵਾਲਿਆਂ ਦਾ ਹੈ। ਜਿਵੇਂ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਗ੍ਰੀਨਲੈਂਡ ਵਿਕਰੀ ਲਈ ਨਹੀਂ ਹੈ।" ਜੋ ਉਹਨਾਂ ਦਾ ਆਪਣਾ ਹੈ। ਟਰੰਪ ਦੀ ਇਸ ਇਲਾਕੇ ਵਿੱਚ ਦਿਲਚਸਪੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਇਹ ਇਲਾਕਾ ਕੁਦਰਤੀ ਸਰੋਤਾਂ ਨਾਲ ਲਬਰੇਜ਼ ਹੈ। ਡੈਨਮਾਰਕ ਦੇ ਭੂ-ਵਿਗਿਆਨਕ ਸਰਵੇਖਣ ਅਤੇ ਗ੍ਰੀਨਲੈਂਡ ਦੀ ਵੈੱਬਸਾਈਟ ਉੱਤੇ ਦਿੱਤੀ ਜਾਣਕਾਰੀ ਮੁਤਾਬਕ ਧਰਤੀ ਦੇ ਇਸ ਸਭ ਤੋਂ ਵੱਡੇ ਟਾਪੂ ਕੋਲ ਕੀਮਤੀ ਖਣਿਜਾਂ ਅਤੇ ਊਰਜਾ ਸਰੋਤਾਂ ਦਾ ਇੱਕ ਵੱਡਾ ਭੰਡਾਰ ਹੈ। ਇਨ੍ਹਾਂ ਵਿੱਚ ਸੋਨੇ ਅਤੇ ਪਲੈਟੀਨਮ ਵਰਗੀਆਂ ਕੀਮਤੀ ਧਾਤਾਂ ਸ਼ਾਮਲ ਹਨ, ਲਿਥੀਅਮ, ਟਾਈਟੇਨੀਅਮ ਸਣੇ ਅੱਠ ਦੁਰਲੱਭ ਧਾਤਾਂ ਇਸ ਖੇਤਰ ਵਿੱਚ ਪਾਈਆਂ ਜਾਦੀਆਂ ਹਨ। ਇਸ ਤੋਂ ਇਲਾਵਾ ਊਰਜਾ ਪਦਾਰਥ ਜਿਵੇਂ ਕੋਲਾ ਅਤੇ ਯੂਰੇਨੀਅਮ ਵੀ ਇੱਥੇ ਮੌਜੂਦ ਹਨ ਤੇ ਹੀਰੇ ਤੇ ਰੂਬੀ ਵਰਗੇ ਕੀਮਤੀ ਪੱਥਰ ਵੀ ਧਰਤੀ ਦੇ ਇਸ ਹਿੱਸੇ ਵਿੱਚ ਪਾਏ ਜਾਂਦੇ ਹਨ। ਮੰਨਿਆ ਜਾ ਰਿਹਾ ਹੈ ਕਿ ਇਸ ਖੇਤਰ ਵਿੱਚ ਤੇਲ ਅਤੇ ਗੈਸ ਦੇ ਵੱਡੇ ਭੰਡਾਰਾਂ ਹੋਣ ਦੀ ਵੀ ਸੰਭਾਵਨਾ ਹੈ ਪਰ ਇਸ ਬਾਰੇ ਹਾਲੇ ਖੋਜ ਕੀਤੀ ਜਾਣੀ ਬਾਕੀ ਹੈ।

ਗ੍ਰੀਨਲੈਂਡ ਵਿੱਚ ਮੌਜੂਦ ਅਜਿਹੀਆਂ ਦੁਰਲੱਭ ਧਾਤਾਂ ਦੀ ਮੌਜੂਦਗੀ ਹੈ, ਜੋ ਬਹੁਤੇ ਬੈਟਰੀ ਉਤਪਾਦਾਂ ਵਿੱਚ ਵਰਤੀਆਂ ਜਾਂਦੀਆਂ ਹਨ, ਇਸ ਖੇਤਰ ਨੂੰ ਕੀਮਤੀ ਬਣਾਉਂਦੀ ਹੈ। ਵਿਸ਼ਵ ਬੈਂਕ ਦੇ ਅੰਦਾਜ਼ਿਆਂ ਮੁਤਾਬਕ ਵਿਸ਼ਵਵਿਆਪੀ ਮੰਗ ਨੂੰ ਪੂਰਾ ਕਰਨ ਲਈ 2050 ਤੱਕ ਇਨ੍ਹਾਂ ਖਣਿਜਾਂ ਦੀ ਨਿਕਾਸੀ ਨੂੰ ਪੰਜ ਗੁਣਾ ਵਧਾਉਣ ਦੀ ਲੋੜ ਪਵੇਗੀ ਅਤੇ ਨਾ ਸਿਰਫ਼ ਅਮਰੀਕਾ ਦੁਆਰਾ ਬਲਕਿ ਚੀਨ ਵਿੱਚ ਵੀ ਇਨ੍ਹਾਂ ਧਾਤਾਂ ਦੀ ਵੱਡੇ ਪੱਧਰ ਉੱਤੇ ਮੰਗ ਕੀਤੀ ਜਾ ਰਹੀ ਹੈ। ਇੱਕ ਹੋਰ ਪਹਿਲੂ ਵੀ ਇਸ ਨਾਲ ਜੁੜਿਆ ਹੋਇਆ ਹੈ। ਰੂਸ ਵੀ ਇਸ ਖੇਤਰ ਨੂੰ ਆਪਣੇ ਅਤੇ ਅਮਰੀਕਾ ਵਿਚਕਾਰ ਸਥਿਤ ਹੋਣ ਕਾਰਨ ਰਣਨੀਤਕ ਤੌਰ 'ਤੇ ਮਹੱਤਵਪੂਰਨ ਸਮਝਦਾ ਹੈ। ਵਾਸ਼ਿੰਗਟਨ ਦਾ ਪਹਿਲਾਂ ਤੋਂ ਹੀ ਇਸ ਟਾਪੂ 'ਤੇ ਇੱਕ ਮਿਲਟਰੀ ਬੇਸ (ਫ਼ੌਜੀ ਅੱਡਾ) ਹੈ, ਜਿਸ ਵਿੱਚ ਪਹਿਲਾਂ ਤੋਂ ਚੇਤਾਵਨੀ ਦੇਣ ਵਾਲੀ ਬੈਲਿਸਟਿਕ ਮਿਜ਼ਾਈਲ ਪ੍ਰਣਾਲੀ ਮੌਜੂਦ ਹੈ। ਗ੍ਰੀਨਲੈਂਡ ਦੀ ਅਗਵਾਈ ਹੁਣ ਸੁਤੰਤਰ ਪੱਖੀ ਪ੍ਰਧਾਨ ਮੰਤਰੀ ਮਿਊਟ ਬੋਰਪ ਏਗੇਡੇ ਕਰ ਰਹੇ ਹਨ। ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਇਹ ਟਾਪੂ ਵਿਕਰੀ ਲਈ ਨਹੀਂ ਹੈ ਅਤੇ ਅਪ੍ਰੈਲ ਵਿੱਚ ਸੰਸਦੀ ਚੋਣਾਂ ਦੇ ਨਾਲ ਇੱਕ ਸੁਤੰਤਰਤਾ ਰਾਏਸ਼ੁਮਾਰੀ ਹੋਣ ਦੀ ਸੰਭਾਵਨਾ ਪ੍ਰਗਟਾਈ ਹੈ।



**ਕੈਨੇਡਾ**

ਟਰੰਪ ਨੇ ਹਾਲ ਹੀ ਦੇ ਹਫ਼ਤਿਆਂ ਵਿੱਚ ਅਮਰੀਕਾ ਦੇ ਸਭ ਤੋਂ ਵੱਡੇ ਗੁਆਂਢੀ ਮੁਲਕ ਕੈਨੇਡਾ ਦੇ ਅਮਰੀਕਾ ਦਾ 51ਵਾਂ ਰਾਜ ਬਣਨ ਬਾਰੇ ਕਿਹਾ ਅਤੇ ਨਾਲ ਹੀ ਦੋਵਾਂ ਦੇਸ਼ਾਂ ਵਿੱਚਲੀ ਸਰਹੱਦ ਨੂੰ 'ਆਰਟੀਫ਼ੀਸ਼ੀਅਲ' (ਨਕਲੀ) ਦੱਸਿਆ ਹੈ। ਅਮਰੀਕੀ ਰਾਸ਼ਟਰਪਤੀ ਨੇ ਕੈਨੇਡਾ ਦੀ ਸੁਰੱਖਿਆ ਲਈ ਅਰਬਾਂ ਡਾਲਰ ਖ਼ਰਚ ਕੀਤੇ ਜਾਣ ਦੀ ਆਲੋਚਨਾ ਕੀਤੀ ਹੈ ਅਤੇ ਕੈਨੇਡੀਅਨ ਕਾਰਾਂ, ਲੱਕੜ ਅਤੇ ਡੇਅਰੀ ਉਤਪਾਦਾਂ ਦੇ ਆਯਾਤ ਦਾ ਮੁੱਦਾ ਵੀ ਚੁੱਕਿਆ ਹੈ। ਮੈਕਸੀਕੋ ਦੀ ਤਰ੍ਹਾਂ ਕੈਨੇਡਾ ਵੀ ਟਰੰਪ ਦੀ ਪ੍ਰਧਾਨਗੀ ਅਧੀਨ ਅਮਰੀਕਾ ਨੂੰ ਬਰਾਮਦ ਕੀਤੇ ਜਾਂਦੇ ਆਪਣੇ ਸਮਾਨ ਉੱਤੇ 25 ਫ਼ੀਸਦੀ ਟੈਰਿਫ ਕੀਤੇ ਜਾਣ ਦੀ ਧਮਕੀ ਦਾ ਸਾਹਮਣਾ ਕਰ ਰਿਹਾ ਹੈ।

ਟਰੰਪ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਮੈਕਸੀਕੋ ਅਤੇ ਕੈਨੇਡਾ ਦੀਆਂ ਸਰਹੱਦਾਂ ਜ਼ਰੀਏ ਅਮਰੀਕਾ ਵਿੱਚ ਡਰੱਗਜ਼ ਦੀ ਸਪਲਾਈ ਦੀ ਸੰਭਾਵਨਾ ਬਾਰੇ ਆਪਣੀਆਂ ਚਿੰਤਾਵਾਂ ਨੂੰ ਦੁਹਰਾਇਆ ਸਨ।

ਹਾਲਾਂਕਿ, ਅਮਰੀਕੀ ਅੰਕੜਿਆਂ ਮੁਤਾਬਕ ਅਮਰੀਕਾ-ਕੈਨੇਡਾ ਸਰਹੱਦ 'ਤੇ ਜ਼ਬਤ ਕੀਤੇ ਗਏ ਫੈਂਟਾਨਿਲ ਦੀ ਮਾਤਰਾ ਦੱਖਣੀ ਸਰਹੱਦ ਦੇ ਮੁਕਾਬਲੇ ਕਾਫ਼ੀ ਘੱਟ ਹੈ। ਕੈਨੇਡਾ ਨੇ ਸਰਹੱਦ 'ਤੇ ਨਵੇਂ ਸੁਰੱਖਿਆ ਉਪਾਵਾਂ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਹੈ। ਜਿਸ ਵਿੱਚ ਨਿਗਰਾਨੀ ਨੂੰ ਮਜ਼ਬੂਤ ਕਰਨਾ ਅਤੇ ਕੌਮਾਂਤਰੀ ਸੰਗਠਿਤ ਅਪਰਾਧ ਨੂੰ ਨਿਸ਼ਾਨਾ ਬਣਾਉਣ ਲਈ ਇੱਕ ਸੰਯੁਕਤ ਸਟ੍ਰਾਈਕ ਫੋਰਸ ਸ਼ਾਮਲ ਕਰਨਾ ਸ਼ਾਮਲ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡਾ ਨੂੰ ਅਮਰੀਕਾ ਵੱਲੋਂ ਆਰਥਿਕ ਤਾਕਤ ਦੀ ਵਰਤੋਂ ਕਰਕੇ ਆਪਣਾ ਹਿੱਸਾ ਬਣਾ ਲਏ ਜਾਣ ਦੀ ਸੰਭਾਵਨਾ ਨੂੰ ਮੁੱਢੋਂ ਨਕਾਰਿਆ ਹੈ। ਟਰੂਡੋ ਨੇ ਸੋਸ਼ਲ ਮੀਡੀਆ ਵੈੱਬਸਾਈਟ ਐਕਸ 'ਤੇ ਲਿਖਿਆ ਹੈ ਕਿ ਇਹ ਸੰਭਵ ਨਹੀਂ ਹੈ ਕਿ ਕੈਨੇਡਾ ਅਮਰੀਕਾ ਦਾ ਹਿੱਸਾ ਬਣ ਜਾਵੇ।

**ਬਿਆਨਬਾਜ਼ੀ ਜਾਂ ਅਸਲੀਅਤ?**

ਅਮਰੀਕਾ ਦੇ ਸਾਬਕਾ ਡਿਪਟੀ-ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਮਜ਼ ਜੈਫ਼ਰੀ ਨੇ ਦੱਸਿਆ ਕਿ ਟਰੰਪ ਆਪਣੇ ਕੌਮਾਂਤਰੀ ਸਹਿਯੋਗੀਆਂ ਦੇ ਨਾਲ-ਨਾਲ ਆਪਣੇ ਘਰੇਲੂ ਸਮਰਥਕਾਂ ਨੂੰ ਵੀ ਸੰਕੇਤ ਦੇ ਰਹੇ ਹਨ। ਉਹ ਕਹਿੰਦੇ ਹਨ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਨਿਰਾਸ਼ਾ ਹੈ ਕਿ ਅਮੀਰ ਯੂਰਪੀਅਨ ਸਹਿਯੋਗੀ ਕੌਮਾਂਤਰੀ ਸੁਰੱਖਿਆ ਦੀ ਰੱਖਿਆ ਲਈ ਲੋੜੀਂਦਾ ਕੰਮ ਨਹੀਂ ਕਰ ਰਹੇ ਹਨ। ਜੈਫ਼ਰੀ ਨੇ ਫੌਜੀ ਦਖਲਅੰਦਾਜ਼ੀ ਦੀ ਸੰਭਾਵਨਾ ਨੂੰ ਖਾਰਜ ਕੀਤਾ ਹੈ।

ਉਨ੍ਹਾਂ ਕਿਹਾ, "ਅਸੀਂ ਗ੍ਰੀਨਲੈਂਡ ਵਿੱਚ ਮਾਰਚ ਨਹੀਂ ਕਰਨ ਜਾ ਰਹੇ ਹਾਂ, ਅਸੀਂ ਕੈਨੇਡਾ ਵਿੱਚ ਕੋਈ ਫ਼ੌਜੀ ਮਾਰਚ ਨਹੀਂ ਕਰ ਰਹੇ ਹਾਂ, ਅਸੀਂ ਪਨਾਮਾ ਨਹਿਰ ਨੂੰ ਜ਼ਬਤ ਕਰਨ ਲਈ ਨਹੀਂ ਜਾ ਰਹੇ ਹਾਂ।" "ਪਰ ਇਸ ਨਾਲ ਕਿੰਨੀ ਗੜਬੜ ਪੈਦਾ ਹੋਵੇਗੀ ਇਹ ਇੱਕ ਵੱਖਰਾ ਸਵਾਲ ਹੈ।" ਜੈਫ਼ਰੀ ਨੇ ਕਿਹਾ, "ਕੌਮਾਂਤਰੀ ਵਿਵਸਥਾ ਨੂੰ ਖ਼ਤਰਾ ਡੌਨਲਡ ਟਰੰਪ ਨਹੀਂ ਹੈ ਬਲਕਿ ਅਸਲ ਖ਼ਤਰਾ ਰੂਸ ਅਤੇ ਚੀਨ ਹੈ।" ਲੰਡਨ ਵਿੱਚ ਦਿ ਇੰਡੀਪੈਂਡੈਂਟ ਦੇ ਸਿਆਸੀ ਸੰਪਾਦਕ ਡੇਵਿਡ ਮੈਡੌਕਸ ਦਾ ਮੰਨਣਾ ਹੈ ਕਿ ਟਰੰਪ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਉਹ ਕਹਿੰਦੇ ਹਨ, "ਇਹ ਇੱਕ ਤਰ੍ਹਾਂ ਦਾ ਸਾਮਰਾਜਵਾਦੀ ਟਰੰਪ ਹੈ। ਉਹ ਦੁਨੀਆ 'ਤੇ ਅਮਰੀਕਾ ਦੀ ਪੈਂਠ ਨੂੰ ਅਸਲੋਂ ਵਧਾਉਣਾ ਚਾਹੁੰਦਾ ਹੈ। ਇਹ ਗੰਭੀਰ ਧਮਕੀਆਂ ਹਨ।" ਮੈਡੌਕਸ ਨੇ ਕਿਹਾ, "ਇਸ ਵਾਰ ਟਰੰਪ ਦੀ ਪਹੁੰਚ ਪਹਿਲੇ ਟਰੰਪ ਪ੍ਰਸ਼ਾਸਨ ਨਾਲੋਂ ਬਿਲਕੁਲ ਵੱਖਰੀ ਹੋਣ ਦੀ ਹੈ, ਜੋ ਬਾਕੀ ਦੁਨੀਆ ਲਈ ਬਹੁਤ ਅਸਥਿਰ ਹੋਣ ਵਾਲਾ ਹੈ।

# ਸਜ਼ਾ-ਏ-ਮੌਤ ’ਤੇ ਮੁੜ ਵਿਚਾਰ ਜ਼ਰੂਰੀ ਕਿਉਂ?

ਜਸਟਿਸ ਮਦਨ ਬੀ ਲੋਕੁਰ

ਯਮਨ ਵਿੱਚ ਸਜ਼ਾ-ਏ-ਮੌਤ ਦੀ ਕਤਾਰ ਵਿੱਚ ਖੜ੍ਹੀ ਭਾਰਤੀ ਔਰਤ ਨੂੰ ਬਚਾਉਣ ਦੇ ਯਤਨ ਕਰਦਿਆਂ ਸਾਨੂੰ ਇਸ ਮੁਤੱਲਕ ਮੁੜ ਵਿਚਾਰ ਕਰਨਾ ਚਾਹੀਦਾ ਹੈ ਕਿ ਸਾਨੂੰ ਇਸ ਕਿਸਮ ਦੀ ਸਜ਼ਾ ਜਾਰੀ ਰੱਖਣਾ ਚਾਹੀਦੀ ਹੈ। ਨਿਮੀਸ਼ਾ ਪ੍ਰਿਆ ਪੇਸ਼ੇ ਵਜੋਂ ਨਰਸ ਹੈ ਅਤੇ ਉਸ ’ਤੇ ਦੋਸ਼ ਹੈ ਕਿ ਉਸ ਨੇ ਜੇਲ੍ਹ ਵਿੱਚ ਬੰਦ ਯਮਨੀ ਨਾਗਰਿਕ ਜਿਸ ਨੂੰ ਉਹ ਪਹਿਲਾਂ ਤੋਂ ਜਾਣਦੀ ਸੀ, ਨੀਂਦ ਦਾ ਟੀਕਾ ਲਾ ਕੇ ਮਾਰ ਦਿੱਤਾ ਸੀ। ਅਜੇ ਤੱਕ ਉਸ ਦੀ ਸਜ਼ਾ-ਏ-ਮੌਤ ਨੂੰ ਰਫ਼ਾ-ਦਫ਼ਾ ਕਰਨ ਦੀਆਂ ਜਿੰਨੀਆਂ ਵੀ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਉਨ੍ਹਾਂ ਦਾ ਕੋਈ ਸਿੱਟਾ ਨਹੀਂ ਨਿਕਲਿਆ।

ਹੁਣ ਸੱਜਰੀ ਕੋਸ਼ਿਸ਼ ਇਹ ਕੀਤੀ ਜਾ ਰਹੀ ਹੈ ਕਿ ਮਕਤੂਲ ਦੇ ਪਰਿਵਾਰ ਨੂੰ ਬਲੱਡ ਮਨੀ (ਦੀਆ) ਦੇ ਕੇ ਮੁਆਫ਼ੀ ਮੰਗੀ ਜਾਵੇ। ਸੁਣਨ ਵਿੱਚ ਆਇਆ ਹੈ ਕਿ 40 ਹਜ਼ਾਰ ਅਮਰੀਕੀ ਡਾਲਰ ਦੀ ਰਕਮ ਦਿੱਤੀ ਜਾਵੇਗੀ ਜੋ ਭਾਰਤੀ ਕਰੰਸੀ ਵਿਚ 34 ਲੱਖ ਰੁਪਏ ਬਣਦੇ ਹਨ। ਇਸ ਦਾ ਚੋਖਾ ਹਿੱਸਾ ਕਿਸੇ ਵਕੀਲ ਦੇ ਪਰਿਵਾਰ ਵੱਲੋਂ ਜੁਟਾ ਕੇ ਜਮ੍ਹਾ ਕਰਵਾ ਦਿੱਤਾ ਗਿਆ ਹੈ। ਖ਼ੈਰ, ਇਸ ਦੇ ਵਿੱਤੀ ਪੱਖ ਨੂੰ ਤਾਂ ਸੰਭਾਲ ਲਿਆ ਗਿਆ ਹੈ ਪਰ ਹੁਣ ਜਿਸ ਗੱਲ ਦੀ ਬੇਸਬਰੀ ਨਾਲ ਉਡੀਕ ਹੋ ਰਹੀ ਹੈ, ਉਹ ਹੈ- ਕੀ ਪਰਿਵਾਰ ਮੁਆਫ਼ੀ ਲਈ ਤਿਆਰ ਹੋ ਸਕੇਗਾ। ਸਾਡੀ ਸਰਕਾਰ ਪਰਿਵਾਰ ਦੀ ਸਹਾਇਤਾ ਲਈ ਜੋ ਕੁਝ ਵੀ ਹੋ ਸਕਦਾ ਹੈ, ਕਰ ਰਹੀ ਹੈ।

ਅਸੀਂ ਹਮੇਸ਼ਾ ਕਹਿੰਦੇ ਹਾਂ- “ਕਾਨੂੰਨ ਨੂੰ ਆਪਣਾ ਰਾਹ ਅਖ਼ਤਿਆਰ ਕਰਨ ਦਿ ” ਤੇ ਇਸ ਔਰਤ ਦੇ ਕੇਸ ਵਿੱਚ ਵੀ ਇਵੇਂ ਹੀ ਹੋਣ ਦੇਣਾ ਚਾਹੀਦਾ ਹੈ। ਇਸ ਲਈ ਸਰਕਾਰ ਇਸ ਔਰਤ ਨੂੰ ਫਾਂਸੀ ਦੇ ਰੱਸੇ ਤੋਂ ਬਚਾਉਣ ਦੀ ਕੋਸ਼ਿਸ਼ ਕਿਉਂ ਕਰ ਰਹੀ ਹੈ? ਕੀ ਸਰਕਾਰ ਨੂੰ ਯਕੀਨ ਹੈ ਕਿ ਉਹ ਔਰਤ ਦੋਸ਼ੀ ਨਹੀਂ ਹੈ, ਜਾਂ ਕੀ ਉਸ ਨੂੰ ਆਪਣੇ ਬਚਾਉਣ ਦਾ ਸਹੀ ਢੰਗ ਨਾਲ ਕਾਨੂੰਨੀ ਹੱਕ ਨਹੀਂ ਮਿਲਿਆ? ਕੀ ਇਹ ਇਸ ਕਰ ਕੇ ਹੈ ਕਿਉਂਕਿ ਉਹ ਭਾਰਤੀ ਨਾਗਰਿਕ ਹੈ ਅਤੇ ਸਰਕਾਰ ਕਿਸੇ ਭਾਰਤੀ ਦੀ ਜਾਨ ਬਚਾਉਣ ਲਈ ਪੂਰੀ ਵਾਹ ਲਾ ਸਕਦੀ ਹੈ? ਕੀ ਇਹ ਇਸ ਕਰ ਕੇ ਹੈ ਕਿ ਸਰਕਾਰ ਮਹਿਸੂਸ ਕਰਦੀ ਹੈ ਕਿ ਉਸ ਨੂੰ ਜੋ ਸਜ਼ਾ ਦਿੱਤੀ ਗਈ ਹੈ, ਉਹ ਬਹੁਤ ਜ਼ਿਆਦਾ ਸਖ਼ਤ ਹੈ? ਕਾਰਨ ਕੁਝ ਵੀ ਹੋਵੇ ਪਰ ਇਸ ਗੱਲੋਂ ਸਰਕਾਰ ਦੀ ਪ੍ਰਸ਼ੰਸਾ ਕੀਤੀ ਜਾਣੀ ਬਣਦੀ ਹੈ ਕਿ ਉਸ ਨੇ ਸਹਾਇਤਾ ਦਿੱਤੀ ਹੈ।

ਇਸ ਕੇਸ ਦੇ ਆਧਾਰ ’ਤੇ ਆਪਣੇ ਕਾਨੂੰਨਾਂ ’ਚ ਫਾਂਸੀ ਦੀ ਸਜ਼ਾ ਬਾਰੇ ਮੁੜ ਵਿਚਾਰ ਕਰਨੀ ਚਾਹੀਦੀ ਹੈ। ਆਖ਼ਿਰਕਾਰ ਜਦੋਂ ਅਸੀਂ ਕਿਸੇ ਸ਼ਖ਼ਸ ਨੂੰ ਸਜ਼ਾ-ਏ-ਮੌਤ ਦਿੰਦੇ ਹਾਂ ਤਾਂ ਉਹ ਭਾਰਤੀ ਨਾਗਰਿਕ ਹੀ ਹੁੰਦਾ ਹੈ। ਇਸ ਗੱਲ ਨਾਲ ਬਹੁਤਾ ਫ਼ਰਕ ਨਹੀਂ ਪੈਂਦਾ ਕਿ ਉਸ ਨੂੰ ਸਾਡੇ ਦੇਸ਼ ਅੰਦਰ ਸਜ਼ਾ-ਏ-ਮੌਤ ਦਿੱਤੀ ਜਾਂਦੀ ਹੈ ਜਾਂ ਫਿਰ ਕਿਸੇ ਬਾਹਰਲੇ ਦੇਸ਼ ਵਿੱਚ। ਇਹ ਗੱਲ ਸੱਚ ਹੈ ਕਿ ਸਾਡੇ ਦੇਸ਼ ਦੀਆਂ ਅਦਾਲਤਾਂ ਫ਼ਾਂਸੀ ਦੀ ਸਜ਼ਾ ਦੇਣ ਸਮੇਂ ਬਹੁਤ ਸੋਚ ਵਿਚਾਰ ਕਰ ਕੇ ਅਤੇ ਬਹੁਤ ਸਾਵਧਾਨੀ ਨਾਲ ਵਿਚਾਰ ਕਰਦੀਆਂ ਹਨ ਜਿਸ ਕਰ ਕੇ ਬਹੁਤ ਹੀ ਵਿਰਲੇ ਟਾਵੇਂ ਕੇਸਾਂ ਵਿੱਚ ਹੀ ਅਜਿਹੀ ਸਜ਼ਾ ਦਿੱਤੀ ਜਾਂਦੀ ਹੈ ਪਰ ਕੀ ਇਹ ਸਹੀ ਨਹੀਂ ਹੋਵੇਗਾ ਕਿ ਇਸਤਗਾਸਾ ਉੱਕਾ ਹੀ ਸਜ਼ਾ-ਏ-ਮੌਤ ਦੀ ਮੰਗ ਕਰਨ ਤੋਂ ਗੁਰੇਜ਼ ਕਰੇ?

ਕਿਸੇ ਸ਼ਖ਼ਸ ਨੂੰ ਫਾਂਸੀ ’ਤੇ ਚੜ੍ਹਾ ਦੇਣ ਨਾਲ ਕੀ ਸੰਵਰਦਾ ਹੈ? ਜਦੋਂ ਵੀ ਕਦੇ ਸਜ਼ਾ-ਏ-ਮੌਤ ਦੇ ਸਵਾਲ ’ਤੇ ਵਿਚਾਰ ਚਰਚਾ ਹੁੰਦੀ ਹੈ ਤਾਂ ਆਮ ਜਵਾਬ ਇਹੀ ਹੁੰਦਾ ਹੈ ਕਿ ਇਹ (ਫਾਂਸੀ ਦੀ ਸਜ਼ਾ) ਘਿਨਾਉਣੇ ਅਪਰਾਧਾਂ ਖ਼ਿਲਾਫ਼ ਡਰਾਵੇ ਦਾ ਕੰਮ ਦਿੰਦੀ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਇਸ ਦਲੀਲ ਨੂੰ ਸਹੀ ਠਹਿਰਾਉਣ ਦਾ ਕੋਈ ਸਬੂਤ ਨਹੀਂ ਮਿਲਦਾ। ਅਮਰੀਕਾ ਵਿੱਚ ਸਜ਼ਾ-ਏ-ਮੌਤ ਦੀ ਕਤਾਰ ਵਿੱਚ ਲੱਗੇ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਹੈ; ਉੱਥੇ ਕਾਫ਼ੀ ਗਿਣਤੀ ਵਿੱਚ ਲੋਕਾਂ ਨੂੰ ਇਹ ਸਜ਼ਾ ਦਿੱਤੀ ਵੀ ਜਾਂਦੀ ਹੈ। ਕੀ ਇਸ ਨਾਲ ਲੋਕਾਂ ਦੇ ਮਨ ਵਿੱਚ ਹੱਤਿਆ ਜਾਂ ਸਕੂਲਾਂ ਵਿੱਚ ਸਮੂਹਿਕ ਗੋਲੀ ਕਾਂਡ ਜਾਂ ਫਿਰ ਹੁਣੇ ਜਿਹੇ ਨਿਊ ਰਲੀਅਨਜ਼ ਵਿੱਚ ਹੋਈ ਘਟਨਾ ਜਿਹੇ ਅਪਰਾਧਾਂ ਤੋਂ ਡਰ ਬਿਠਾਇਆ ਜਾ ਸਕਿਆ ਹੈ?

ਦੂਜੇ ਪਾਸੇ, ਇਹ ਵੀ ਨਜ਼ਰ ਆਉਂਦਾ ਹੈ ਕਿ ਜਿਨ੍ਹਾਂ ਦੇਸ਼ਾਂ ਨੇ ਫਾਂਸੀ ਦੀ ਸਜ਼ਾ ਖ਼ਤਮ ਕਰ ਦਿੱਤੀ ਸੀ, ਉੱਥੇ ਘਿਨਾਉਣੇ ਅਪਰਾਧਾਂ ਦੀ ਗਿਣਤੀ ਵਿੱਚ ਕੋਈ ਵਾਧਾ ਨਹੀਂ ਹੋਇਆ। ਫਰਾਂਸ ਨੇ 1981 ਵਿੱਚ ਹੀ ਸਜ਼ਾ-ਏ-ਮੌਤ ਖ਼ਤਮ ਕਰ ਦਿੱਤੀ ਸੀ; ਕਰੀਬ ਚਾਰ ਦਹਾਕਿਆਂ ਤੋਂ ਵੱਧ ਅਰਸੇ ਦੌਰਾਨ ਉੱਥੇ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਜਿਸ ਤੋਂ ਇਹ ਪਤਾ ਲੱਗਦਾ ਹੋਵੇ ਕਿ ਘਿਨਾਉਣੇ ਅਪਰਾਧਾਂ ਦੀ ਦਰ ਵਿੱਚ ਇਜ਼ਾਫਾ ਹੋਇਆ ਹੈ। ਜ਼ਿੰਬਾਬਵੇ ਜੋ ਪਿਛਲੇ ਸਾਲ ਦਸੰਬਰ ਵਿੱਚ ਸਜ਼ਾ-ਏ-ਮੌਤ ਉੱਪਰ ਰੋਕ ਲਾਉਣ ਵਾਲੇ ਸੰਯੁਕਤ ਰਾਸ਼ਟਰ ਦੇ ਮਤੇ ਦੀ ਵੋਟਿੰਗ ਸਮੇਂ ਗ਼ੈਰ-ਹਾਜ਼ਰ ਹੋ ਗਿਆ ਸੀ, ਨੇ ਹੁਣ ਸਜ਼ਾ-ਏ-ਮੌਤ ਖ਼ਤਮ ਕਰ ਦਿੱਤੀ ਹੈ। ਦੇਖਦੇ ਹਾਂ ਕਿ ਇਸ ਫ਼ੈਸਲੇ ਨਾਲ ਉੱਥੇ ਕਿਹੋ ਜਿਹਾ ਅਸਰ ਸਾਹਮਣੇ ਆਉਂਦਾ ਹੈ।

ਹਰੇਕ ਸਾਲ ਸਾਡੇ ਦੇਸ਼ ਵਿੱਚ ਲੱਖਾਂ ਹੱਤਿਆ ਤੇ ਜਬਰ-ਜਨਾਹ ਦੇ ਕੇਸ ਦਰਜ ਹੁੰਦੇ ਹਨ। ਅਤਿਵਾਦੀ ਹਮਲਿਆਂ ਦੀਆਂ ਘਟਨਾਵਾਂ ਵੀ ਵਾਪਰਦੀਆਂ ਹਨ। ਮੈਨੂੰ ਲੱਗਦਾ ਹੈ ਕਿ ਘਿਨਾਉਣੇ ਅਪਰਾਧਾਂ ਵਾਲੇ ਇਨ੍ਹਾਂ ਸਾਰੇ ਮਾਮਲਿਆਂ ’ਚ, ਜੇਕਰ ਜਾਂਚ ਤੇਜ਼ੀ ਨਾਲ ਮੁਕੰਮਲ ਕੀਤੀ ਜਾਂਦੀ ਹੈ ਤੇ ਸੁਣਵਾਈ ਸਾਲ ਦੇ ਅੰਦਰ ਪੂਰੀ ਹੁੰਦੀ ਹੈ ਤਾਂ ਕਾਫੀ ਹੱਦ ਤੱਕ ਨਿਆਂ ਦਿੱਤਾ ਜਾ ਸਕੇਗਾ। ਇਸ ਲਈ ਪੁਲੀਸ ਨੂੰ ਅਪਰਾਧਾਂ ਦੀ ਜਾਂਚ ਲਈ ਉੱਚ ਪੱਧਰੀ ਸਿਖਲਾਈ ਨਾਲ ਤਿਆਰ ਕਰਨਾ ਪਏਗਾ; ਸਾਡੀਆਂ ਜਾਂਚ ਏਜੰਸੀਆਂ ਤੇ ਜਾਂਚ ਕਰਤਾਵਾਂ ਨੂੰ ਵੀ ਪੂਰੀ ਤਰ੍ਹਾਂ ਠੋਸ ਤੇ ਵਿਗਿਆਨਕ ਸਬੂਤਾਂ ਨਾਲ ਲੈਸ ਹੋਣਾ ਚਾਹੀਦਾ ਹੈ। ਇੱਕ ਅਖ਼ਬਾਰ ਵਿੱਚ ਹਾਲ ਹੀ ’ਚ ਛਪੀ ਖ਼ਬਰ ਮੁਤਾਬਿਕ, 49 ਵਿੱਚੋਂ 48 ਗਵਾਹ ਪਲਟ ਗਏ। ਇਸ ਤੋਂ ਸਾਨੂੰ ਸਾਡੇ ਅਪਰਾਧਿਕ ਨਿਆਂਤੰਤਰ ਬਾਰੇ ਕੀ ਪਤਾ ਲੱਗਦਾ ਹੈ? ਇਹੀ ਕਿ ਵਿਆਪਕ ਪੱਧਰ ’ਤੇ ਤਬਦੀਲੀਆਂ ਦੀ ਲੋੜ ਹੈ ਪਰ ਆਪਣੇ ਢਾਂਚੇ ’ਚ ਸੁਧਾਰ ਦੀ ਬਜਾਇ, ਸਭ ਤੋਂ ਸਖ਼ਤ ਸਜ਼ਾ ਦਿੱਤੇ ਜਾਣ ਦੀ ਮੰਗ ਉੱਠਦੀ ਹੈ- ਸਜ਼ਾ-ਏ-ਮੌਤ। ਇਸ ਨਾਲ ਤੰਤਰ ’ਚ ਕੋਈ ਸੁਧਾਰ ਨਹੀਂ ਆਏਗਾ। ਪੂਰੇ ਦੇਸ਼ ’ਚ ਅਦਾਲਤਾਂ ਨੂੰ ਅਪਰਾਧਿਕ ਕੇਸਾਂ ਵਿੱਚ ਸੁਣਵਾਈ ਤੇ ਅਪੀਲਾਂ ਦਾ ਨਿਬੇੜਾ ਤੇਜ਼ ਕਰਨ ਦੀ ਲੋੜ ਹੈ ਤਾਂ ਕਿ ਜਲਦੀ ਤੋਂ ਜਲਦੀ ਨਤੀਜੇ ਉੱਤੇ ਪਹੁੰਚਿਆ ਜਾ ਸਕੇ। ਘਿਨਾਉਣੇ ਜਾਂ ਹੋਰ ਕਿਸਮ ਦੇ ਅਪਰਾਧ ਕਰਨ ਵਾਲਿਆਂ ਨੂੰ ਇਹ ਸੁਨੇਹਾ ਜਾਵੇਗਾ ਕਿ ਉਨ੍ਹਾਂ ਨੂੰ ਦੇਰੀ ਨਾਲ ਨਹੀਂ ਬਲਕਿ ਜਲਦੀ ਅੜਿੱਕੇ ਲੈ ਲਿਆ ਜਾਵੇਗਾ ਅਤੇ ਜੇਲ੍ਹ ਦੀ ਹਵਾ ਖਾਣੀ ਪਵੇਗੀ।

# ਮੋਦੀ ਸਰਕਾਰ ਵੱਲੋਂ ਭਰੋਸਾ ਵਧਾਉਣ ਵਾਲੇ ਫ਼ੈਸਲਿਆਂ ਦੀ ਉਡੀਕ



ਸੰਜੇ ਗੁਪਤ

ਬੀਤੀਆਂ ਲੋਕ ਸਭਾ ਚੋਣਾਂ ਵਿਚ ਜਦ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਨੂੰ ਆਪਣੇ ਬਲਬੂਤੇ ਬਹੁਮਤ ਨਹੀਂ ਮਿਲਿਆ ਤਾਂ ਇਸ ਦੇ ਕਿਆਸ ਲਗਾਏ ਜਾਣ ਲੱਗੇ ਕਿ ਗੱਠਜੋੜ ਸਰਕਾਰ ਉਸ ਵੇਗ ਅਤੇ ਲਚਕੀਲੇਪਣ ਦੇ ਨਾਲ ਕੰਮ ਨਹੀਂ ਕਰ ਸਕੇਗੀ ਜਿਵੇਂ ਪਿਛਲੇ ਦੋ ਕਾਰਜਕਾਲਾਂ ਵਿਚ ਦਿਸਿਆ ਸੀ। ਗੱਠਜੋੜ ਸਰਕਾਰ ਦੀਆਂ ਆਪਣੀਆਂ ਮਜਬੂਰੀਆਂ ਹੁੰਦੀਆਂ ਹਨ। ਤੀਜੀ ਪਾਰੀ ਵਿਚ ਮੋਦੀ ਸਰਕਾਰ ਨੂੰ ਆਪਣਾ ਏਜੰਡਾ ਇਸ ਨੂੰ ਧਿਆਨ ਵਿਚ ਰੱਖ ਕੇ ਅੱਗੇ ਵਧਾਉਣਾ ਪੈਣਾ ਹੈ ਕਿ ਉਹ ਨਿਤੀਸ਼ ਕੁਮਾਰ ਦੀ ਜਨਤਾ ਦਲ (ਯੂਨਾਈਟਿਡ) ਭਾਵ ਜੇਡੀਯੂ ਅਤੇ ਚੰਦਰਬਾਬੂ ਨਾਇਡੂ ਦੀ ਤੇਲਗੂ ਦੇਸਮ ਪਾਰਟੀ ਯਾਨੀ ਟੀਡੀਪੀ ਦੇ ਸਮਰਥਨ 'ਤੇ ਨਿਰਭਰ ਹੈ। ਮੋਦੀ ਸਰਕਾਰ ਆਪਣੇ ਤੀਜੇ ਕਾਰਜਕਾਲ ਦੇ ਲਗਪਗ ਸੱਤ ਮਹੀਨੇ ਪੂਰੇ ਕਰ ਚੁੱਕੀ ਹੈ। ਇਸ ਦੌਰਾਨ ਅਜਿਹਾ ਲੱਗਾ ਕਿ ਉਹ ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਦੁਆਰਾ ਤੈਅ ਕੀਤੇ ਜਾ ਰਹੇ ਨੈਰੇਟਿਵ ਅਤੇ ਉਨ੍ਹਾਂ ਦੇ ਵਿਰੋਧ ਕਾਰਨ ਉਸ ਰਫ਼ਤਾਰ ਨਾਲ ਅੱਗੇ ਨਹੀਂ ਵਧ ਪਾ ਰਹੀ ਹੈ ਜਿਸ ਦੀ ਉਮੀਦ ਕੀਤੀ ਸੀ। ਇਹ ਸਾਫ਼ ਦਿਸ ਰਿਹਾ ਹੈ ਕਿ 'ਉਸ ਨੂੰ ਵਕਫ਼ ਐਕਟ', 'ਇਕ ਦੇਸ਼-ਇਕ ਚੋਣ' ਉੱਤੇ ਵਿਰੋਧੀ ਧਿਰ ਦੇ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੀ ਵੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਮੋਦੀ ਸਰਕਾਰ ਨੇ ਆਪਣੇ ਤੀਜੇ ਕਾਰਜਕਾਲ ਦਾ ਆਪਣਾ ਜੋ ਪਹਿਲਾ ਬਜਟ ਪੇਸ਼ ਕੀਤਾ, ਉਸ ਵਿਚ ਅਜਿਹੇ ਕ੍ਰਾਂਤੀਕਾਰੀ ਕਦਮ ਨਹੀਂ ਦਿਸੇ ਜੋ ਦੇਸ਼ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਦੂਰ ਕਰ ਪਾਉਂਦੇ। ਜੇ ਸੰਸਦ ਦੇ ਪਿਛਲੇ ਇਜਲਾਸਾਂ ਨੂੰ ਦੇਖਿਆ ਜਾਵੇ ਤਾਂ ਮੋਦੀ ਸਰਕਾਰ ਮਹੱਤਵਪੂਰਨ ਸਮਝਿਆ ਜਾਣ ਵਾਲਾ ਇਕਮਾਤਰ ਬਿੱਲ-ਭਾਰਤੀ ਹਵਾਬਾਜ਼ੀ ਬਿੱਲ ਹੀ ਪਾਸ ਕਰਵਾ ਸਕੀ ਹੈ।

ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਮੋਦੀ ਸਰਕਾਰ ਵੀ ਰਹਿ-ਰਹਿ ਕੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦਾ ਸਾਹਮਣਾ ਕਰਦੀ ਹੈ। ਵਾਰ-ਵਾਰ ਚੋਣਾਂ ਕਾਰਨ ਹੁਕਮਰਾਨ ਧਿਰ ਨੂੰ ਵਿਰੋਧੀ ਧਿਰ ਨੂੰ ਜਵਾਬ ਦੇਣ ਲਈ ਉਸ ਵਰਗੇ ਹੀ ਤੌਰ-ਤਰੀਕੇ ਅਪਣਾਉਣੇ ਪੈਂਦੇ ਹਨ। ਕਈ ਵਾਰ ਤਾਂ ਉਸ ਨੂੰ ਨਾ ਚਾਹੁੰਦੇ ਹੋਏ ਵੀ ਉਹ ਸਭ ਕਰਨਾ ਪੈਂਦਾ ਹੈ ਜੋ ਆਰਥਿਕ ਦ੍ਰਿਸ਼ਟੀ ਨਾਲ ਸਹੀ ਨਹੀਂ ਹੁੰਦਾ। ਭਾਜਪਾ ਨੂੰ ਉਸੇ ਤਰ੍ਹਾਂ ਦੀਆਂ ਲੋਕ ਭਲਾਈ ਵਾਲੀਆਂ ਯੋਜਨਾਵਾਂ ਐਲਾਨਣੀਆਂ ਪਈਆਂ ਹਨ ਜਿਹੋ ਜਿਹੀਆਂ ਵਿਰੋਧੀ ਪਾਰਟੀਆਂ ਨੇ ਵੋਟਾਂ ਹਾਸਲ ਕਰਨ ਲਈ ਐਲਾਨੀਆਂ। ਮਹਿਲਾਵਾਂ ਨੂੰ ਮਾਸਿਕ ਭੁਗਤਾਨ ਦੇਣ ਦਾ ਜੋ ਚਲਨ ਸ਼ੁਰੂ ਹੋਇਆ ਹੈ, ਉਸ ਤੋਂ ਹੁਣ ਕੋਈ ਵੀ ਸਿਆਸੀ ਪਾਰਟੀ ਅਣਛੋਹੀ ਨਹੀਂ ਹੈ। ਮਹਿਲਾਵਾਂ ਨੂੰ ਆਕਰਸ਼ਿਤ ਕਰਨ ਵਾਲੀਆਂ ਇਨ੍ਹਾਂ ਯੋਜਨਾਵਾਂ ਕਾਰਨ ਹੀ ਮਹਾਰਾਸ਼ਟਰ ਵਿਚ ਭਾਜਪਾ ਨੂੰ ਪ੍ਰਚੰਡ ਜਿੱਤ ਮਿਲੀ। ਮੱਧ ਪ੍ਰਦੇਸ਼, ਹਿਮਾਚਲ, ਕਰਨਾਟਕ ਅਤੇ ਝਾਰਖੰਡ ਵਿਚ ਵੀ ਅਜਿਹੀਆਂ ਯੋਜਨਾਵਾਂ ਵੋਟਾਂ ਹਾਸਲ ਕਰਨ ਦਾ ਜ਼ਰੀਆ ਬਣੀਆਂ। ਹੁਣ ਦਿੱਲੀ ਵਿਚ ਆਮ ਆਦਮੀ ਪਾਰਟੀ ਵੀ ਇਸੇ



ਤਰ੍ਹਾਂ ਦੀ ਯੋਜਨਾ ਲੈ ਕੇ ਆਈ ਹੈ। ਰਾਜਨੀਤਕ ਦਲ ਚਾਹੇ ਜੋ ਦਾਅਵਾ ਕਰਨ, ਸਰਕਾਰੀ ਖ਼ਜ਼ਾਨੇ 'ਤੇ ਬੋਝ ਬਣਨ ਵਾਲੀਆਂ ਅਜਿਹੀਆਂ ਯੋਜਨਾਵਾਂ ਨੂੰ ਸੰਚਾਲਿਤ ਕਰਨ ਨਾਲ ਬੁਨਿਆਦੀ ਤਬਦੀਲੀ ਲਿਆਉਣ ਵਾਲੀਆਂ ਯੋਜਨਾਵਾਂ ਸ਼ੁਰੂ ਕਰਨ ਵਿਚ ਸਮੱਸਿਆ ਹੁੰਦੀ ਹੈ। ਮੋਦੀ ਸਰਕਾਰ ਕੁਝ ਦੂਰਗਾਮੀ ਪ੍ਰਭਾਵ ਵਾਲੀਆਂ ਨੀਤੀਆਂ 'ਤੇ ਕੰਮ ਕਰ ਰਹੀ ਹੈ, ਜਿਵੇਂ ਜਲ ਅਥਾਰਟੀ ਬਣਾਉਣ ਦੀ ਤਿਆਰੀ। ਉਸ ਨੇ ਤਿੰਨ ਨਵੇਂ ਅਪਰਾਧਕ ਕਾਨੂੰਨਾਂ 'ਤੇ ਅਮਲ ਵੀ ਸ਼ੁਰੂ ਕੀਤਾ ਹੈ। ਇਸ ਤੋਂ ਇਲਾਵਾ ਮੋਦੀ ਸਰਕਾਰ ਨੇ ਕੁਝ ਅਜਿਹੀਆਂ ਯੋਜਨਾਵਾਂ ਸ਼ੁਰੂ ਕੀਤੀਆਂ ਹਨ ਜੋ ਪ੍ਰਭਾਵਸ਼ਾਲੀ ਹਨ ਪਰ ਉਨ੍ਹਾਂ ਦੇ ਨਤੀਜੇ ਸਾਹਮਣੇ ਆਉਣ ਵਿਚ ਵਕਤ ਲੱਗੇਗਾ। ਕੋਈ ਨਹੀਂ ਜਾਣਦਾ ਕਿ ਖ਼ਾਹਿਸ਼ੀ ਉਦੇਸ਼ ਵਾਲੀ ਜਲ ਅਥਾਰਟੀ ਦੇ ਗਠਨ ਦਾ ਲਾਹਾ ਕਦੋਂ ਤੱਕ ਮਿਲਣ ਲੱਗੇਗਾ। ਇਸੇ ਤਰ੍ਹਾਂ ਇਹ ਕਹਿਣਾ ਵੀ ਕਠਿਨ ਹੈ ਕਿ ਰਾਸ਼ਟਰੀ ਜਲ ਨੀਤੀ ਕਦ ਤੱਕ ਪ੍ਰਭਾਵੀ ਤੌਰ 'ਤੇ ਲਾਗੂ ਹੋ ਸਕੇਗੀ। ਧਿਆਨ ਰਹੇ ਕਿ ਹਾਲੇ ਜਨਤਾ ਨੂੰ ਸ਼ੁੱਧ ਪੀਣ ਵਾਲੇ ਪਾਣੀ ਦੇ ਹੀ ਲਾਲੇ ਪਏ ਰਹਿੰਦੇ ਹਨ। ਇਹ ਠੀਕ ਹੈ ਕਿ 'ਹਰ ਘਰ ਨਲ' ਯੋਜਨਾ ਅੱਗੇ ਵਧ ਰਹੀ ਹੈ ਪਰ ਕੀ ਉਹ ਸਾਰਿਆਂ ਨੂੰ ਸ਼ੁੱਧ ਪੀਣ ਵਾਲਾ ਪਾਣੀ ਉਪਲਬਧ ਕਰਵਾਉਣ ਵਿਚ ਸਫਲ ਸਿੱਧ ਹੋ ਰਹੀ ਹੈ? ਅੱਜ ਭਾਰਤ ਜਿਨ੍ਹਾਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਉਹ ਬੀਤੇ ਕਈ ਸਾਲਾਂ ਵਿਚ ਅਣਦੇਖੀ ਕਾਰਨ ਗੰਭੀਰ ਰੂਪ ਧਾਰ ਚੁੱਕੀਆਂ ਹਨ। ਮਿਸਾਲ ਦੇ ਤੌਰ 'ਤੇ ਸ਼ਹਿਰਾਂ ਦਾ ਢਹਿ-ਢੇਰੀ ਹੁੰਦਾ ਬੁਨਿਆਦੀ ਢਾਂਚਾ, ਵਿਗੜਦੀ ਹੋਈ ਆਬੋ-ਹਵਾ ਅਤੇ ਨਦੀਆਂ ਦਾ ਬੇਹੱਦ ਪ੍ਰਦੂਸ਼ਿਤ ਹੋ ਜਾਣਾ। ਇਹ ਸਮੱਸਿਆਵਾਂ ਸਿਹਤ ਲਈ ਹਾਨੀਕਾਰਕ ਬਣ ਰਹੀਆਂ ਹਨ। ਤੱਥ ਇਹ ਵੀ ਹੈ ਕਿ ਕਿਸਾਨਾਂ ਦੀ ਹਾਲਤ ਸੁਧਾਰਨ ਦੇ ਅਨੇਕ ਕਦਮ ਚੁੱਕੇ ਜਾਣ ਤੋਂ ਬਾਅਦ ਵੀ ਉਨ੍ਹਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਦੂਰ ਹੈ। ਮੋਦੀ ਸਰਕਾਰ ਨਿਆਂਪਾਲਿਕਾ ਦੀ ਕਾਰਜਪ੍ਰਣਾਲੀ ਵਿਚ ਕੋਈ ਕਾਬਿਲੇਗ਼ੌਰ ਸੁਧਾਰ ਨਹੀਂ ਕਰ ਸਕੀ ਹੈ। ਵੇਲੇ ਸਿਰ ਨਿਆਂ ਮਿਲ ਸਕਣਾ ਇਕ ਦੂਰ ਦੀ ਕੌਡੀ ਹੈ। ਨਾ ਤਾਂ ਨਿਆਂਪਾਲਿਕਾ ਵਿਚ ਸੁਧਾਰ ਹੋ ਪਾ ਰਿਹਾ ਹੈ ਅਤੇ ਨਾ ਹੀ ਨੌਕਰਸ਼ਾਹੀ ਵਿਚ। ਨੌਕਰਸ਼ਾਹੀ ਵਿਚ ਹੇਠਲੇ ਪੱਧਰ 'ਤੇ ਪਸਰਿਆ ਹੋਇਆ ਭ੍ਰਿਸ਼ਟਾਚਾਰ ਘੱਟ ਹੋਣ ਦਾ ਨਾਂ ਨਹੀਂ ਲੈ ਰਿਹਾ ਹੈ। ਅਜਿਹਾ ਇਸ ਲਈ ਹੈ ਕਿ ਉਸ ਨੂੰ ਜਵਾਬਦੇਹ ਨਹੀਂ ਬਣਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਪੁਲਿਸ ਸੁਧਾਰ ਵੀ ਲਮਕੇ ਪਏ ਹਨ। ਮੋਦੀ ਸਰਕਾਰ ਆਪਣੇ ਪਿਛਲੇ ਕਾਰਜਕਾਲ ਵਿਚ ਜੋ ਨਵੀਂ ਸਿੱਖਿਆ ਨੀਤੀ ਲਿਆਈ ਸੀ, ਉਸ 'ਤੇ ਅਮਲ ਬਹੁਤ ਮੱਠੀ ਰਫ਼ਤਾਰ ਨਾਲ ਹੋ ਰਿਹਾ ਹੈ। ਹਾਲੇ ਇਸ ਨੀਤੀ ਦੇ ਹਾਂ-ਪੱਖੀ ਪ੍ਰਭਾਵ ਦਿਸਣੇ ਸ਼ੁਰੂ ਨਹੀਂ ਹੋਏ ਹਨ। ਇਕ ਪਾਸੇ ਜਿੱਥੇ ਉੱਚ ਸਿੱਖਿਆ ਲਈ ਵੱਡੀ ਗਿਣਤੀ ਵਿਚ ਨੌਜਵਾਨ ਵਿਦੇਸ਼ ਵੱਲ ਰੁਖ਼ ਕਰ ਰਹੇ ਹਨ, ਓਥੇ ਹੀ ਜੋ ਨੌਜਵਾਨ ਭਾਰਤ ਵਿਚ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ, ਉਹ ਰੁਜ਼ਗਾਰ ਹਾਸਲ ਕਰਨ ਵਿਚ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਨੌਜਵਾਨਾਂ ਦੀ ਜਿੰਨੀ ਭੀੜ ਸਰਕਾਰੀ ਨੌਕਰੀਆਂ ਹਾਸਲ ਕਰਨ ਲਈ ਲਲਚਾਈ ਦਿਸਦੀ ਹੈ, ਓਨੀਆਂ ਨੌਕਰੀਆਂ ਉਪਲਬਧ ਨਹੀਂ ਹਨ। ਬਹੁਤ ਜ਼ਰੂਰੀ ਸਮਝੇ ਜਾਣ ਵਾਲੇ ਸਿਆਸੀ ਸੁਧਾਰ ਵੀ ਕਿਉਂਕਿ ਨਹੀਂ ਹੋ ਪਾ ਰਹੇ ਹਨ, ਇਸ ਲਈ ਰਾਜਨੀਤੀ ਜਨਸੇਵਾ ਦੇ ਟੀਚੇ ਤੋਂ ਦੂਰ ਹੁੰਦੀ ਜਾ ਰਹੀ ਹੈ। ਉਹ ਤਾਂ ਵੋਟ ਬੈਂਕ ਬਣਾਉਣ ਦਾ ਜ਼ਰੀਆ ਬਣ ਗਈ ਹੈ। ਮੋਦੀ ਸਰਕਾਰ ਨਾ ਤਾਂ ਆਪਣੇ ਸਾਹਮਣੇ ਮੌਜੂਦ ਚੁਣੌਤੀਆਂ ਤੋਂ ਅਣਭਿੱਜ ਹੋ ਸਕਦੀ ਹੈ ਅਤੇ ਨਾ ਹੀ ਇਸ ਤੋਂ ਕਿ ਜਨਤਾ ਦੀ ਬੇਚੈਨੀ ਵਧਦੀ ਜਾ ਰਹੀ ਹੈ। ਇਹ ਸਹੀ ਹੈ ਕਿ ਮੋਦੀ ਸਰਕਾਰ ਕਈ ਬੁਨਿਆਦੀ ਸਮੱਸਿਆਵਾਂ ਦੇ ਹੱਲ ਲਈ ਯਤਨਸ਼ੀਲ ਹੈ ਪਰ ਉਸ ਨੂੰ ਇਹ ਧਿਆਨ ਰੱਖਣਾ ਹੋਵੇਗਾ ਕਿ ਜਨਤਾ ਆਪਣੀਆਂ ਕਈ ਸਮੱਸਿਆਵਾਂ ਦਾ ਤਤਕਾਲ ਹੱਲ ਚਾਹੁੰਦੀ ਹੈ।

ਅਜਿਹਾ ਉਦੋਂ ਹੀ ਸੰਭਵ ਹੋ ਸਕੇਗਾ ਜਦ ਸਮੱਸਿਆਵਾਂ ਦੇ ਹੱਲ ਵਾਸਤੇ ਲੋੜੀਂਦੀ ਇੱਛਾ ਸ਼ਕਤੀ ਦਾ ਸਬੂਤ ਦਿੱਤਾ ਜਾਵੇਗਾ। ਮੋਦੀ ਸਰਕਾਰ ਇੱਛਾ ਸ਼ਕਤੀ ਤਾਂ ਦਿਖਾ ਰਹੀ ਹੈ ਪਰ ਇਹ ਕਹਿਣਾ ਮੁਸ਼ਕਲ ਹੈ ਕਿ ਉਹ ਵੱਖ-ਵੱਖ ਖੇਤਰਾਂ ਵਿਚ ਸੁਧਾਰਾਂ ਨੂੰ ਸਮਾਂ ਰਹਿੰਦੇ ਅੱਗੇ ਵਧਾ ਸਕੇਗੀ। ਚੰਗਾ ਹੋਵੇ ਕਿ ਮੋਦੀ ਸਰਕਾਰ ਅਗਲੇ ਮਹੀਨੇ ਜੋ ਬਜਟ ਪੇਸ਼ ਕਰਨ ਜਾ ਰਹੀ ਹੈ, ਉਸ ਜ਼ਰੀਏ ਨਾ ਸਿਰਫ਼ ਇਹ ਦਿਖਾਏ ਕਿ ਬਹੁਮਤ ਤੋਂ ਦੂਰ ਰਹਿਣ ਤੋਂ ਬਾਅਦ ਵੀ ਉਹ ਇਕ ਸਮਰੱਥ ਸਰਕਾਰ ਹੈ ਅਤੇ ਆਪਣੇ ਏਜੰਡੇ ਨੂੰ ਲਾਗੂ ਕਰਨ ਲਈ ਅਟੱਲ ਹੈ। ਇਸ ਤੋਂ ਵੀ ਜ਼ਰੂਰੀ ਇਹ ਹੈ ਕਿ ਆਗਾਮੀ ਬਜਟ ਜਨਤਾ ਵਿਚ ਇਹ ਭਰੋਸਾ ਜਗਾਉਣ ਵਾਲਾ ਸਾਬਿਤ ਹੋਵੇ ਕਿ ਉਸ ਦੀਆਂ ਕੁਝ ਸਮੱਸਿਆਵਾਂ ਦਾ ਛੇਤੀ ਅਤੇ ਅਸਰਦਾਰ ਤਰੀਕੇ ਨਾਲ ਹੱਲ ਹੋਣ ਜਾ ਰਿਹਾ ਹੈ।

# ਜਹਾਜ਼ ਹਾਦਸਿਆਂ ਕਾਰਨ ਸਿਵਲ ਹਵਾਬਾਜ਼ੀ 'ਤੇ ਲੱਗ ਰਹੇ ਸਵਾਲੀਆਂ ਨਿਸ਼ਾਨ

ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਅੱਜ ਹਵਾਈ ਸਫ਼ਰ ਵੀ ਸੁਰੱਖਿਅਤ ਨਹੀਂ ਰਿਹਾ। ਬੀਤੇ ਸਾਲ ਦੇ ਆਖ਼ਰੀ ਦਿਨਾਂ ਵਿਚ ਦੋ ਭਿਆਨਕ ਹਵਾਈ ਹਾਦਸਿਆਂ ਨੇ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ ਅਤੇ ਹਰ ਪਾਸੇ ਸੋਗ ਦੀ ਲਹਿਰ ਫੈਲ ਗਈ ਸੀ। ਹਾਲਾਂਕਿ ਹਾਲ ਹੀ ਵਿਚ ਹੋਏ ਹਵਾਈ ਹਾਦਸੇ ਭਾਰਤ ਵਿਚ ਨਹੀਂ ਹੋਏ ਹਨ ਪਰ ਉਨ੍ਹਾਂ ਕਾਰਨ ਵੱਡਾ ਜਾਨੀ ਨੁਕਸਾਨ ਹੋਇਆ ਹੈ। ਕਜ਼ਾਕਿਸਤਾਨ ਵਿਚ ਅਜ਼ਰਬਾਏਜਾਨ ਦੇ ਇਕ ਜਹਾਜ਼ ਦੇ ਹਾਦਸਾਗ੍ਰਸਤ ਹੋਣ ਕਾਰਨ 38 ਲੋਕਾਂ ਦੀ ਮੌਤ ਹੋ ਗਈ ਸੀ ਜਦਕਿ ਦੱਖਣੀ ਕੋਰੀਆ ਵਿਚ ਇਕ ਜਹਾਜ਼ ਹਾਦਸੇ ਵਿਚ 179 ਲੋਕਾਂ ਦੀ ਮੌਤ ਹੋ ਗਈ ਸੀ।

ਇਹ ਬਹੁਤ ਦੁਖਦਾਈ ਹੈ ਕਿ ਦੱਖਣੀ ਕੋਰੀਆ ਵਿਚ ਹੋਏ ਜਹਾਜ਼ ਹਾਦਸੇ ਵਿਚ ਵੱਡੀ ਗਿਣਤੀ ਵਿਚ ਲੋਕਾਂ ਦੀ ਮੌਤ ਹੋ ਗਈ। ਇਕ ਹਫ਼ਤੇ ਵਿਚ ਦੋ ਜਹਾਜ਼ ਹਾਦਸੇ ਅਤੇ ਇਨ੍ਹਾਂ ਵਿਚ ਇੰਨੀ ਵੱਡੀ ਗਿਣਤੀ ਵਿਚ ਲੋਕਾਂ ਦੀ ਮੌਤ ਦਰਸਾਉਂਦੀ ਹੈ ਕਿ ਅੱਜ ਹਵਾਈ ਯਾਤਰਾ ਸੁਰੱਖਿਅਤ ਨਹੀਂ ਰਹੀ। ਦੱਖਣੀ ਕੋਰੀਆ ਦੇ ਮੁਆਨ ਵਿਚ ਹੋਏ ਹਾਦਸੇ ਦਾ ਕਾਰਨ ਪੰਛੀਆਂ ਦਾ ਜਹਾਜ਼ ਨਾਲ ਟਕਰਾਉਣਾ ਦੱਸਿਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਹਾਦਸਾ ਲੈਂਡਿੰਗ ਵੇਲੇ ਉਸ ਸਮੇਂ ਵਾਪਰਿਆ ਜਦੋਂ ਜਹਾਜ਼ ਦੇ ਪਿਛਲੇ ਹਿੱਸੇ 'ਤੇ ਇਕ ਪੰਛੀ ਟਕਰਾ ਗਿਆ ਤੇ ਕੁਝ ਹੀ ਸਕਿੰਟਾਂ 'ਚ ਜਹਾਜ਼ ਨੂੰ ਅੱਗ ਲੱਗ ਗਈ।

ਦੱਸਿਆ ਜਾ ਰਿਹਾ ਹੈ ਕਿ ਪੰਛੀਆਂ ਦੇ ਟਕਰਾਉਣ ਕਾਰਨ ਲੈਂਡਿੰਗ ਗੀਅਰ ਖ਼ਰਾਬ ਹੋ ਗਿਆ। ਬਹੁਤ ਸਾਰੇ ਮਾਹਿਰ ਇਸ ਨਾਲ ਸਹਿਮਤ ਨਹੀਂ ਹਨ। ਹਾਦਸੇ ਦਾ ਅਸਲ ਕਾਰਨ ਕੀ ਹੈ, ਇਹ ਤਾਂ ਜਾਂਚ ਤੋਂ ਬਾਅਦ ਹੀ ਸਾਹਮਣੇ ਆ ਸਕੇਗਾ। ਹਾਲਾਂਕਿ ਅਜ਼ਰਬਾਏਜਾਨ ਦੇ ਜਹਾਜ਼ ਹਾਦਸੇ ਨੂੰ ਲੈ ਕੇ ਵੱਖ-ਵੱਖ ਤਰ੍ਹਾਂ ਦੇ ਦਾਅਵੇ ਕੀਤੇ ਜਾ ਰਹੇ ਹਨ। ਸੱਚ ਤਾਂ ਇਹ ਹੈ ਕਿ ਇਨ੍ਹਾਂ ਵੱਖ-ਵੱਖ ਦਾਅਵਿਆਂ ਦਰਮਿਆਨ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੇ ਮਾਫ਼ੀਨਾਮੇ ਨੇ ਸ਼ੰਕਿਆਂ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਪੂਤਿਨ ਨੇ ਕਿਹਾ ਸੀ ਕਿ ਜਦੋਂ ਜਹਾਜ਼ ਕਜ਼ਾਕਿਸਤਾਨ 'ਚ ਲੈਂਡ ਕਰ ਰਿਹਾ ਸੀ ਤਾਂ ਯੂਕਰੇਨ ਦੇ ਡ੍ਰੋਨ ਹਮਲਿਆਂ ਦੇ ਮੱਦੇਨਜ਼ਰ ਰੂਸੀ ਰੱਖਿਆ ਪ੍ਰਣਾਲੀ ਸਰਗਰਮ ਸੀ। ਪਰ ਪੂਤਿਨ ਨੇ ਇਹ ਸਵੀਕਾਰ ਨਹੀਂ ਕੀਤਾ ਕਿ ਉਕਤ ਜਹਾਜ਼ ਇਸ ਪ੍ਰਣਾਲੀ ਦਾ ਨਿਸ਼ਾਨਾ ਬਣ ਗਿਆ ਸੀ। ਇਹ ਕਹਿਣਾ ਮੁਸ਼ਕਲ ਹੈ ਕਿ ਲੈਂਡਿੰਗ ਦੌਰਾਨ ਜਹਾਜ਼ ਵਿਚ ਕੋਈ ਤਕਨੀਕੀ ਖ਼ਰਾਬੀ ਸੀ ਜਾਂ ਫਿਰ ਇਹ ਮਿਜ਼ਾਈਲ ਦਾ ਸ਼ਿਕਾਰ ਬਣ ਗਿਆ ਸੀ ਪਰ ਮਾਮਲਾ ਜੋ ਵੀ ਹੋਵੇ, ਸੱਚਾਈ ਇਹ ਹੈ ਕਿ ਜਹਾਜ਼ ਵਿਚ ਸਵਾਰ ਯਾਤਰੀਆਂ ਦੀ ਜਾਨ ਚਲੀ ਗਈ। ਇੱਥੇ ਇਹ ਵੀ ਧਿਆਨ ਦੇਣ ਯੋਗ ਹੈ ਕਿ ਹਵਾਬਾਜ਼ੀ ਉਦਯੋਗ ਵਿਚ ਦੱਖਣੀ ਕੋਰੀਆ ਦਾ ਰਿਕਾਰਡ ਚੰਗਾ ਮੰਨਿਆ ਜਾਂਦਾ ਹੈ ਤੇ ਪਿਛਲੇ ਇਕ ਦਹਾਕੇ ਵਿਚ ਉਸ ਦੀ ਕਿਸੇ ਏਅਰਲਾਈਨ ਦਾ ਇਹ ਪਹਿਲਾ ਵੱਡਾ ਹਾਦਸਾ ਹੈ।



ਇਸ ਤੋਂ ਪਹਿਲਾਂ ਸਾਲ 2013 ਵਿਚ ਇਕ ਹਾਦਸਾ ਵਾਪਰਿਆ ਸੀ ਜਦੋਂ ਏਸ਼ਿਆਨਾ ਏਅਰਲਾਈਨਜ਼ ਦੀ ਸਾਨ ਫਰਾਂਸਿਸਕੋ ਜਾ ਰਹੀ ਉਡਾਣ ਵਿਚ ਤਿੰਨ ਲੋਕਾਂ ਦੀ ਮੌਤ ਹੋ ਗਈ ਸੀ। ਜ਼ਿਕਰਯੋਗ ਹੈ ਕਿ ਜ਼ਿਆਦਾਤਰ ਜਹਾਜ਼ ਹਾਦਸੇ ਟੇਕ-ਆਫ ਅਤੇ ਫਿਰ ਲੈਂਡਿੰਗ ਦੌਰਾਨ ਹੁੰਦੇ ਹਨ। ਸਾਲ 2023 ਦੌਰਾਨ ਅਜਿਹੇ 109 ਹਾਦਸੇ ਹੋਏ ਸਨ ਜਿਨ੍ਹਾਂ 'ਚੋਂ 37 ਤਾਂ ਉਡਾਣ ਦੌਰਾਨ ਅਤੇ 30 ਲੈਂਡਿੰਗ ਦੌਰਾਨ ਵਾਪਰੇ ਤੇ 120 ਲੋਕ ਮਾਰੇ ਗਏ ਸਨ। ਇਸ ਮੁਤਾਬਕ ਹਰ ਮਹੀਨੇ ਔਸਤਨ 9 ਜਹਾਜ਼ ਹਾਦਸੇ ਵਾਪਰੇ ਜਿਨ੍ਹਾਂ 'ਚ 10 ਲੋਕਾਂ ਦੀ ਮੌਤ ਹੋ ਗਈ। ਏਵੀਏਸ਼ਨ ਸੇਫਟੀ ਮੁਤਾਬਕ ਪਿਛਲੇ ਸਾਲ ਸਭ ਤੋਂ ਵੱਧ 34 ਜਹਾਜ਼ ਹਾਦਸੇ ਅਮਰੀਕਾ ਵਿਚ ਹੋਏ। ਦੱਸਣਯੋਗ ਹੈ ਕਿ 2017 ਤੋਂ 2023 ਤੱਕ ਦੁਨੀਆ ਭਰ 'ਚ 813 ਜਹਾਜ਼ ਕਰੈਸ਼ ਹੋਏ ਅਤੇ 1,473 ਯਾਤਰੀਆਂ ਦੀ ਮੌਤ ਹੋ ਚੁੱਕੀ ਹੈ। ਉਕਤ ਅਰਸੇ ਵਿਚ ਲੈਂਡਿੰਗ ਦੌਰਾਨ 261 ਹਾਦਸੇ ਵਾਪਰ ਚੁੱਕੇ ਹਨ। ਉਡਾਣ ਦੌਰਾਨ 212 ਹਾਦਸੇ ਵਾਪਰ ਚੁੱਕੇ ਹਨ। ਇਸ ਸਮੇਂ ਦੌਰਾਨ ਭਾਰਤ ਵਿਚ 14 ਹਾਦਸੇ ਵਾਪਰ ਚੁੱਕੇ ਹਨ। ਅੰਕੜੇ ਦੱਸਦੇ ਹਨ ਕਿ 7 ਸਾਲਾਂ ਵਿਚ ਹਰ ਸਾਲ ਔਸਤਨ 200 ਹਵਾਈ ਹਾਦਸੇ ਹੋਏ ਹਨ ਤੇ ਇਕ ਸਾਲ ਵਿਚ ਇਨ੍ਹਾਂ 'ਚ ਸੈਂਕੜੇ ਤੋਂ ਵੱਧ ਲੋਕ ਜਾਨ ਗੁਆ ਚੁੱਕੇ ਹਨ।

ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ (ਆਈਏਟੀਏ) ਹਰ ਸਾਲ ਫਲਾਈਟ ਸੇਫਟੀ ਨੂੰ ਲੈ ਕੇ ਰਿਪੋਰਟ ਜਾਰੀ ਕਰਦੀ ਹੈ ਜਿਸ ਵਿਚ ਹਵਾਈ ਹਾਦਸਿਆਂ ਦੇ ਵੱਖ-ਵੱਖ ਕਾਰਨਾਂ ਦਾ ਜ਼ਿਕਰ ਕੀਤਾ ਗਿਆ ਹੁੰਦਾ ਹੈ। ਦਰਅਸਲ, ਜਹਾਜ਼ ਦੁਰਘਟਨਾਵਾਂ ਦੇ ਕਈ ਕਾਰਨ ਹੋ ਸਕਦੇ ਹਨ। ਇਸ ਸਬੰਧੀ ਮਾਹਿਰਾਂ ਦਾ ਕਹਿਣਾ ਹੈ ਕਿ ਅਕਸਰ ਪਾਇਲਟ ਦੀ ਗ਼ਲਤੀ, ਤਕਨੀਕੀ ਖ਼ਾਮੀਆਂ, ਖ਼ਰਾਬ ਮੌਸਮ ਅਤੇ ਇੱਥੋਂ ਤੱਕ ਕਿ ਏਅਰਲਾਈਨ ਕੰਪਨੀਆਂ ਦੀ ਅਣਗਹਿਲੀ ਕਾਰਨ ਵੀ ਹਾਦਸੇ ਵਾਪਰਦੇ ਹਨ। ਇਕ ਹੋਰ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਪਾਇਲਟ ਦੀ ਗ਼ਲਤੀ ਹਵਾਈ ਹਾਦਸਿਆਂ ਦਾ ਸਭ ਤੋਂ ਵੱਡਾ ਕਾਰਨ ਹੈ ਜੋ ਲਗਪਗ 53% ਹਾਦਸਿਆਂ ਲਈ ਜ਼ਿੰਮੇਵਾਰ ਹੈ। ਦਰਅਸਲ, ਅਜੋਕੇ ਦੌਰ ਵਿਚ ਪਾਇਲਟਾਂ ਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਖ਼ਰਾਬ ਮੌਸਮ, ਮਕੈਨੀਕਲ ਸਮੱਸਿਆਵਾਂ ਤੇ ਸੁਰੱਖਿਅਤ ਲੈਂਡਿੰਗ ਨੂੰ ਯਕੀਨੀ ਬਣਾਉਣਾ ਆਦਿ।

ਇਸ ਤੋਂ ਇਲਾਵਾ, ਚਾਲਕ ਦਲ ਦੇ ਮੈਂਬਰਾਂ ਦੀਆਂ ਛੋਟੀਆਂ-ਮੋਟੀਆਂ ਗ਼ਲਤੀਆਂ ਦੇ ਵੀ ਗੰਭੀਰ ਨਤੀਜੇ ਨਿਕਲਦੇ ਹਨ। ਰੱਖ-ਰਖਾਅ ਦੀ ਘਾਟ, ਜਹਾਜ਼ਾਂ ਦੇ ਡਿਜ਼ਾਈਨ ਅਤੇ ਨਿਰਮਾਣ ਵਿਚ ਖ਼ਾਮੀਆਂ, ਹਵਾਈ ਆਵਾਜਾਈ ਕੰਟਰੋਲ, ਸੁਰੱਖਿਆ ਉਪਕਰਨ ਅਤੇ ਲੈਂਡਿੰਗ ਤਕਨੀਕ ਵੀ ਜਹਾਜ਼ ਹਾਦਸਿਆਂ ਦਾ ਵੱਡਾ ਕਾਰਨ ਹਨ। ਹਵਾਈ ਹਾਦਸਿਆਂ ਦਾ ਕਾਰਨ ਚਾਹੇ ਕੋਈ ਵੀ ਹੋਵੇ, ਇਨ੍ਹਾਂ ਕਾਰਨ ਜਾਨ-ਮਾਲ ਦਾ ਭਾਰੀ ਨੁਕਸਾਨ ਹੁੰਦਾ ਹੈ। ਇਨ੍ਹਾਂ ਨੂੰ ਰੋਕਣ ਲਈ ਵੱਖ-ਵੱਖ ਉਪਾਅ ਸਖ਼ਤੀ ਨਾਲ ਲਾਗੂ ਕੀਤੇ ਜਾਣੇ ਚਾਹੀਦੇ ਹਨ।

ਇਸ ਦੇ ਨਾਲ ਹੀ ਕਈ ਤਕਨੀਕੀ ਕਮੀਆਂ ਨੂੰ ਵੀ ਸਮੇਂ ਸਿਰ ਠੀਕ ਕਰਨ ਦੀ ਲੋੜ ਹੈ। ਹਰੇਕ ਏਅਰਲਾਈਨ ਨੂੰ ਯਾਤਰੀਆਂ ਦੀ ਸੁਰੱਖਿਆ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਆਪਣੀਆਂ ਨੀਤੀਆਂ ਵਿਚ ਲੋੜ ਅਨੁਸਾਰ ਬਦਲਾਅ ਕਰਨਾ ਚਾਹੀਦਾ ਹੈ। ਤਾਂ ਹੀ ਹਵਾਈ ਹਾਦਸਿਆਂ ਨੂੰ ਘਟਾਇਆ ਜਾ ਸਕਦਾ ਹੈ।




# ਚੀਨ ਨੇ ਨਵੇਂ ਵਾਇਰਸ ਕਾਰਨ ਦੁਨੀਆਂ ਦੀ ਚਿੰਤਾ ਵਧਾਈ

ਭਾਰਤ ਵਿੱਚ ਐੱਚਐੱਮਪੀਵੀ ਵਾਇਰਸ ਦੇ ਘੱਟੋ-ਘੱਟ 5 ਮਾਮਲੇ ਸਾਹਮਣੇ ਆਏ ਹਨ। ਬੀਤੇ ਸੋਮਵਾਰ ਹੀ ਕਰਨਾਟਕ ਵਿੱਚ ਵਾਇਰਸ ਦੇ 2 ਮਾਮਲੇ ਸਾਹਮਣੇ ਆਏ ਸਨ। ਇਸ ਤੋਂ ਬਾਅਦ ਗੁਜਰਾਤ ਦੇ ਅਹਿਮਦਾਬਾਦ ਅਤੇ ਤਾਮਿਲਨਾਡੂ ਤੋਂ ਦੋ ਕੇਸ ਸਾਹਮਣੇ ਆਏ। ਇਸ ਵਾਇਰਸ ਦੇ ਫੈਲਣ ਦੀਆਂ ਖ਼ਬਰਾਂ ਪਹਿਲਾ ਚੀਨ ਵਿੱਚ ਆਉਣੀਆਂ ਸ਼ੁਰੂ ਹੋਈਆ ਸਨ। ਚੀਨ ਦੇ ਸਿਹਤ ਅਧਿਕਾਰੀਆਂ ਦੇ ਮੁਤਾਬਕ ਇਸ ਵਾਇਰਸ ਨਾਲ ਖਾਸ ਤੌਰ 'ਤੇ 14 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਲਾਗ ਦੀ ਗਿਣਤੀ ਵੱਧ ਰਹੀ ਹੈ, ਪਰ ਉਨ੍ਹਾਂ ਨੇ ਹਸਪਤਾਲਾਂ ਦਾ ਵਾਇਰਸ ਦੇ ਮਰੀਜ਼ਾਂ ਨਾਲ ਭਰੇ ਹੋਣ ਦੇ ਦਾਅਵੇ ਤੋਂ ਇਨਕਾਰ ਕੀਤਾ ਸੀ। ਇਸ ਦੇ ਨਾਲ ਹੀ ਕੋਵਿਡ ਦੇ ਖਤਰਨਾਕ ਦੌਰ ਤੋਂ ਬਾਅਦ ਵਾਇਰਸ ਦੇ ਕੇਸਾਂ ਨੂੰ ਲੈ ਕੇ ਚਿੰਤਾ ਹੋਣਾ ਆਮ ਗੱਲ ਹੈ ਪਰ ਇਸ ਵਿਚਕਾਰ ਇਹ ਵੀ ਜਾਨਣਾ ਜਰੂਰੀ ਹੈ ਕਿ ਕੀ ਸਾਨੂੰ ਇਸ ਤੋਂ ਘਬਰਾਉਣ ਦੀ ਲੋੜ ਹੈ ਅਤੇ ਬਚਾਅ ਲਈ ਮਾਹਰ ਕੀ ਸੁਝਾਅ ਦਿੰਦੇ ਹਨ।

### ਕੀ ਐੱਚਐੱਮਪੀਵੀ ਕੋਈ ਨਵਾਂ ਵਾਇਰਸ ਹੈ?

ਅਮਰੀਕਾ ਦੇ ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰ (ਸੀਡੀਸੀ) ਦੇ ਅਨੁਸਾਰ ਐੱਚਐੱਮਪੀਵੀ ਦੀ ਪਹਿਲੀ ਵਾਰ ਪਛਾਣ 2001 ਵਿੱਚ ਕੀਤੀ ਗਈ ਸੀ, ਪਰ ਮਾਹਰਾਂ ਦਾ ਕਹਿਣਾ ਹੈ ਕਿ ਇਹ ਇਸ ਤੋਂ ਵੀ ਦਹਾਕਿਆਂ ਤੋਂ ਵੱਧ ਸਮੇਂ ਤੋਂ ਮੌਜੂਦ ਸੀ। ਆਮ ਤੌਰ 'ਤੇ, ਐੱਚਐੱਮਪੀਵੀ ਦੇ ਲੱਛਣ ਜ਼ੁਕਾਮ ਜਾਂ ਫਲੂ ਦੇ ਸਮਾਨ ਹੁੰਦੇ ਹਨ। ਇਨ੍ਹਾਂ ਵਿੱਚ ਖੰਘ, ਬੁਖਾਰ, ਨੱਕ ਬੰਦ ਹੋਣਾ ਅਤੇ ਸਾਹ ਲੈਣ ਵਿੱਚ ਤਕਲੀਫ਼ ਸ਼ਾਮਲ ਹੈ। ਸੀਡੀਸੀ ਮੁਤਾਬਕ ਵਾਇਰਸ ਹਰ ਉਮਰ ਦੇ ਲੋਕਾਂ ਵਿੱਚ ਸਾਹ ਸਬੰਧੀ ਦਿੱਕਤਾਂ ਪੈਦਾ ਕਰ ਸਕਦਾ ਹੈ ਪਰ ਛੋਟੇ ਬੱਚਿਆਂ, ਬਜ਼ੁਰਗਾਂ ਅਤੇ ਰੋਗਾਂ ਨਾਲ ਲੜਨ ਦੀ ਕਮਜ਼ੋਰ ਸ਼ਕਤੀ ਵਾਲੇ ਲੋਕਾਂ ਵਿੱਚ ਜ਼ਿਆਦਾ ਪਰੇਸ਼ਾਨੀ ਲਿਆ ਸਕਦਾ ਹੈ। ਸੀਡੀਸੀ ਦਾ ਕਹਿਣਾ ਹੈ ਕਿ ਐੱਚਐੱਮਪੀਵੀ ਸਰਦੀਆਂ ਦੇ ਅਖੀਰ ਅਤੇ ਬਸੰਤ ਰੁੱਤ ਵਿੱਚ ਸਭ ਤੋਂ ਵੱਧ ਸਰਗਰਮ ਹੁੰਦਾ ਹੈ।

ਕੇਂਦਰੀ ਸਿਹਤ ਮੰਤਰੀ ਜੇ ਪੀ ਨੱਡਾ ਨੇ ਵੀਡੀਓ ਸੰਦੇਸ਼ ਰਾਹੀ ਕਿਹਾ ਕਿ ਇਹ ਕੋਈ ਨਵਾਂ ਵਾਇਰਸ ਨਹੀਂ ਹੈ ਬਲਕਿ 2000 ਦੇ ਦਹਾਕੇ ਤੋਂ ਦੁਨੀਆ ਭਰ ਵਿੱਚ ਇਸ ਦੇ ਕੇਸਾਂ ਨੂੰ ਵੇਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਿਹਤ ਮੰਤਰਾਲਾ ਅਤੇ ਆਈਸੀਐੱਮਈਆਰ ਨੇ ਸਥਿਤੀ ਤੇ ਲਗਾਤਾਰ ਨਜ਼ਰ ਬਣਾਕੇ ਰੱਖੀ ਹੋਈ ਹੈ ਅਤੇ ਲੋਕਾਂ ਦੀ ਸਿਹਤ ਸੁਰਖਿਆ ਲਈ ਲੋੜੀਦੇ ਪ੍ਰਬੰਧ ਮੌਜੂਦ ਹਨ। ਉਨ੍ਹਾਂ ਕਿਹਾ ਕਿ ਇਸ ਵਾਇਰਸ ਤੋਂ ਡਰਨ ਜਾ ਘਬਰਾਉਣ ਦੀ ਲੋੜ ਨਹੀਂ ਸਗੋਂ ਜ਼ਰੂਰੀ ਬਚਾਅ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਭਾਰਤ ਵਿੱਚ ਇਸ ਦੇ ਵੱਧਦੇ ਮਾਮਲਿਆ ਦੇ ਚੱਲਦੇ ਪੀਜੀਆਈ ਚੰਡੀਗੜ੍ਹ ਨੇ ਵੀ ਪ੍ਰੈਸ ਰਿਲੀਜ਼ ਜਾਰੀ ਕੀਤੀ ਹੈ। ਪ੍ਰੈਸ ਰਿਲੀਜ਼ ਮੁਤਾਬਕ ਡੀਨ (ਖੋਜ) ਅਤੇ ਮੁਖੀ ਇੰਟਰਨਲ ਮੈਡੀਸਨ ਪ੍ਰੋ. ਸੰਜੇ ਜੈਨ ਨੇ ਕਿਹਾ ਕਿ ਹਿਊਮਨ ਮੈਟਾਨਿਊਮੋਵਾਇਰਸ (ਐਚਐਮਪੀਵੀ) ਇੱਕ ਸਾਹ ਸੰਬੰਧੀ ਵਾਇਰਸ ਹੈ ਅਤੇ ਸਰਦੀਆਂ ਦੌਰਾਨ ਵਧੇਰੇ ਫੈਲਦਾ ਹੈ। ਇਸ ਦੇ ਚੱਲਦਿਆਂ ਵਿਅਕਤੀ ਵਿੱਚ ਖੰਘ, ਬੁਖਾਰ ਅਤੇ ਗਲੇ ਵਿੱਚ ਖਰਾਸ਼ ਵਰਗੇ ਲੱਛਣ ਦਿਖਾਈ ਦਿੰਦੇ ਹਨ। ਉਨ੍ਹਾਂ ਅਨੁਸਾਰ ਪੀਜੀਆਈ ਵਿੱਚ ਹਾਲੇ ਤੱਕ ਇਨਫਲੂਐਂਜ਼ਾ ਵਰਗੇ ਮਾਮਲਿਆਂ ਜਾਂ ਹਸਪਤਾਲ ਵਿੱਚ ਭਰਤੀ ਹੋਣ ਵਿੱਚ ਕੋਈ ਵਾਧਾ ਨਹੀਂ ਹੋਇਆ ਹੈ। ਰਿਲੀਜ਼ ਮੁਤਾਬਕ ਸਾਫ਼-ਸਫਾਈ ਦਾ ਖਿਆਲ ਰੱਖਣਾ ਬਚਾਅ ਲਈ ਕਾਰਗਰ ਹੋ ਸਕਦਾ ਹੈ। ਉਨ੍ਹਾਂ ਯਕੀਨ ਦਵਾਇਆ ਕਿ ਅਜਿਹੀ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਸਿਹਤ ਪ੍ਰਬੰਧ ਪੂਰੀ ਤਰ੍ਹਾਂ ਕਾਰਗਰ ਹਨ। ਐੱਚਐੱਮਪੀਵੀ ਸੰਭਾਵਤ ਤੌਰ 'ਤੇ ਇੱਕ ਸੰਕਰਮਿਤ ਵਿਅਕਤੀ ਤੋਂ ਖੰਘ ਅਤੇ ਛਿੱਕਣ ਤੋਂ ਨਿਕਲਣ ਵਾਲੇ ਲਾਰ ਦੁਆਰਾ ਦੂਜਿਆਂ ਵਿੱਚ ਫੈਲਦਾ ਹੈ। ਇਹ ਕਿਸੇ ਸੰਕਰਮਿਤ ਵਿਅਕਤੀ ਨੂੰ ਛੂਹਣ ਜਾਂ ਹੱਥ ਮਿਲਾਉਣ ਨਾਲ ਵੀ ਫੈਲ ਸਕਦਾ ਹੈ। ਇਹ ਵਾਇਰਸ ਜਿਆਦਾ ਸਰਦੀਆਂ ਦੇ ਮਹੀਨਿਆਂ ਵਿੱਚ ਫੈਲਦਾ ਹੈ

### ਬੱਚੇ ਅਤੇ ਬਜ਼ੁਰਗ ਜ਼ਿਆਦਾ ਪ੍ਰਭਾਵਿਤ ਕਿਉਂ ਹੁੰਦੇ ਹਨ?

ਮਾਹਿਰਾਂ ਮੁਤਾਬਕ ਪਹਿਲੀ ਵਾਰ ਵਾਇਰਸ ਦੇ ਸੰਪਰਕ ਵਿੱਚ ਆਉਣਾ ਥੋੜਾ ਗੰਭੀਰ ਹੁੰਦਾ ਹੈ। ਇਸ ਤੋਂ ਬਾਅਦ ਵਿਅਕਤੀ ਅੰਦਰ ਕੁਝ ਹੱਦ ਤੱਕ ਇਮਿਊਨਿਟੀ ਬਣ ਜਾਂਦੀ ਹੈ ਅਤੇ ਦੁਬਾਰਾ ਵਿਅਕਤੀ ਦਾ ਇਸ ਨਾਲ ਬੀਮਾਰ ਪੈਣ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ। ਇਸ ਨਾਲ ਸਮਝਿਆ ਜਾ ਸਕਦਾ ਹੈ ਕਿ ਪੰਜ ਸਾਲ ਤੋਂ ਘੱਟ ਉਮਰ ਦੇ ਛੋਟੇ ਬੱਚੇ ਅਤੇ 65 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਲਈ ਵਾਇਰਸ ਜਿਆਦਾ ਮੁਸ਼ਕਿਲ ਕਿਵੇਂ ਪੈਦਾ ਕਰ ਸਕਦਾ ਹੈ। ਘੱਟ ਅਤੇ ਵਧੇਰੇ ਉਮਰ ਦੇ ਲੋਕਾਂ ਵਿੱਚ ਇਮਿਊਨ ਸਿਸਟਮ ਕਿਸੇ ਹੱਦ ਤੱਕ ਕਮਜ਼ੋਰ ਮੰਨਿਆ ਜਾਂਦਾ ਹੈ। ਹਾਲਾਂਕਿ, ਇਹ ਮੰਨਿਆ ਜਾਂਦਾ ਹੈ ਕਿ ਐੱਚਐੱਮਪੀਵੀ ਵਾਇਰਸ ਕਈ ਦਹਾਕਿਆਂ ਤੋਂ ਮੌਜੂਦ ਹੈ। ਇਸ ਕਰਕੇ ਮਾਹਿਰਾਂ ਦਾ ਮੰਨਣਾ ਹੈ ਕਿ ਨਤੀਜੇ ਵਜੋਂ ਇਸ ਨਾਲ ਲੜਨ ਲਈ ਆਮ ਜਨਤਾ ਵਿੱਚ ਕਾਫ਼ੀ ਇਮਿਊਨਿਟੀ ਬਣ ਗਈ ਹੈ।



### ਚੀਨ ਵਿੱਚ ਕੀ ਹੋ ਰਿਹਾ ਹੈ?

ਚੀਨ ਦੇ ਹਸਪਤਾਲਾਂ ਵਿੱਚ ਮਾਸਕ ਪਹਿਨਣ ਵਾਲੇ ਲੋਕਾਂ ਦੀਆਂ ਫੋਟੋਆਂ ਅਤੇ ਵੀਡੀ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸਾਹਮਣੇ ਆਈਆਂ ਹਨ। ਕੁਝ ਸਥਾਨਕ ਰਿਪੋਰਟਾਂ ਨੇ ਇਨ੍ਹਾਂ ਦ੍ਰਿਸ਼ਾਂ ਦੀ ਤੁਲਨਾ ਕੋਵਿਡ ਦੇ ਸ਼ੁਰੂਆਤੀ ਦੌਰ ਨਾਲ ਕੀਤੀ ਹੈ। ਸੀਡੀਸੀ ਦੇਕਾਨ ਬਿਆਓ ਨੇ ਕਿਹਾ ਕਿ ਸਰਦੀਆਂ ਵਿੱਚ ਸਾਹ ਸੰਬੰਧੀ ਵੱਖ-ਵੱਖ ਬਿਮਾਰੀਆਂ ਤੋਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਉਨ੍ਹਾਂ ਕਿਹਾ ਕਿ 14 ਸਾਲ ਤੋਂ ਘੱਟ ਉਮਰ ਦੇ ਲੋਕਾਂ ਵਿੱਚ ਐੱਚਐੱਮਪੀਵੀ ਦੇ ਮਾਮਲਿਆਂ ਦੀ ਗਿਣਤੀ ਵਿੱਚ ਥੋੜਾ ਵਾਧਾ ਵੇਖਿਆ ਜਾ ਸਕਦਾ ਹੈ ਪਰ ਉਨ੍ਹਾਂ ਇਹ ਵੀ ਕਿਹਾ ਕਿ ਪਿਛਲੇ ਸਾਲ ਦੇ ਮੁਕਾਬਲੇ ਸਾਹ ਸੰਬੰਧੀ ਮਾਮਲਿਆਂ ਦੀ ਕੁੱਲ ਗਿਣਤੀ ਇਸ ਸਾਲ ਬਹੁਤ ਹੱਦ ਤੱਕ ਘੱਟ ਹੈ।

ਸੈਂਟਰ ਫਾਰ ਐਪੀਡੈਮਿਕ ਰਿਸਪਾਂਸ ਐਂਡ ਇਨੋਵੇਸ਼ਨ ਦੇ ਸੰਸਥਾਪਕ ਨਿਰਦੇਸ਼ਕ, ਪ੍ਰੋਫੈਸਰ ਟੂਲੀ ਡੀ ਲੀਵੀਰਾ ਦੇ ਅਨੁਸਾਰ ਐੱਚਐੱਮਪੀਵੀ ਚਾਰ ਵਾਇਰਸਾਂ ਵਿੱਚੋਂ ਇੱਕ ਹੈ ਜੋ ਵਰਤਮਾਨ ਵਿੱਚ ਚੀਨ ਵਿੱਚ ਸਰਦੀਆਂ ਵਿੱਚ ਵੱਧ ਰਹੇ ਹਨ। ਇਨ੍ਹਾਂ ਵਿੱਚ ਹੋਰ ਵਾਇਰਸ ਰਿਸਪਾਇਟਰੀ ਸਿੰਸੀਟੀਅਲ ਵਾਇਰਸ, ਕੋਵਿਡ ਅਤੇ ਇਨਫਲੂਐਂਜ਼ਾ ਹਨ। ਉਨ੍ਹਾਂ ਨੇ ਦੱਸਿਆ ਕਿ ਇਨ੍ਹਾਂ ਚਾਰ ਵਾਇਰਸਾਂ ਦੇ ਵਧਣ ਨਾਲ ਹਸਪਤਾਲਾਂ ਨੂੰ ਕੁੱਝ ਹੱਦ ਤੱਕ ਦਬਾਅ ਹੇਠ ਵੇਖਿਆ ਜਾ ਸਕਦਾ ਹੈ ਪਰ ਇਹ ਸਿਹਤ ਸੁਰਖਿਆ ਪ੍ਰਬੰਧ ਪੰਜ ਸਾਲ ਪਹਿਲਾਂ ਦੀ ਤਿਆਰੀ ਨਾਲੋਂ ਕਾਫੀ ਵਧੇਰੇ ਹਨ ਜਦੋਂ ਕੋਰੋਨਾ ਵਾਇਰਸ ਪਹਿਲੀ ਵਾਰ ਸਾਹਮਣੇ ਆਇਆ ਸੀ।

### ਕਿਹੜੀਆਂ ਗੱਲਾਂ ਦਾ ਧਿਆਨ ਰੱਖੀਏ?

ਭਾਰਤੀ ਸਿਹਤ ਸੇਵਾਵਾਂ ਦੇ ਡਾਇਰੈਕਟਰ ਜਨਰਲ ਡਾ: ਅਤੁਲ ਗੋਇਲ ਅਨੁਸਾਰ ਐੱਮਐੱਮਪੀਵੀ ਵਾਇਰਸ ਦੇ ਵਿਅਕਤੀ ਜਾਂ ਜੇਕਰ ਕਿਸੇ ਨੂੰ ਜ਼ੁਕਾਮ ਹੈ ਤਾਂ ਉਸ ਤੋਂ ਲੋੜੀਦੀ ਦੂਰੀ ਬਣਾ ਕੇ ਰੱਖੋ। ਖੰਘਦੇ ਜਾਂ ਛਿੱਕਦੇ ਸਮੇਂ ਆਪਣੇ ਮੂੰਹ 'ਤੇ ਰੁਮਾਲ ਜਾਂ ਕੱਪੜਾ ਰੱਖੋ। ਖੰਘਣ ਅਤੇ ਛਿੱਕਣ ਲਈ ਵੱਖਰੇ ਰੁਮਾਲ ਜਾਂ ਤੌਲੀਏ ਦੀ ਵਰਤੋਂ ਕਰੋ ਅਤੇ ਫਿਰ ਕੁਝ ਘੰਟਿਆਂ ਬਾਅਦ ਸਾਬਣ ਨਾਲ ਧੋ ਦੇਵੋ। ਜੇ ਤੁਹਾਨੂੰ ਜ਼ੁਕਾਮ ਹੈ, ਤਾਂ ਮਾਸਕ ਪਾਕੇ ਰੱਖੋ। ਘਰ ਵਿੱਚ ਰਹੋ ਅਤੇ ਆਰਾਮ ਕਰੋ। ਅਮਰੀਕੀ ਸਰਕਾਰ ਦੇ ਸੀਡੀਸੀ ਦੇ ਮੁਤਾਬਕ ਘੱਟੋ-ਘੱਟ 20 ਸਕਿੰਟਾਂ ਲਈ ਸਾਬਣ ਅਤੇ ਪਾਣੀ ਨਾਲ ਹੱਥ ਧੋਵੋ।

ਆਪਣੇ ਬਰਤਨ, (ਕੱਪ, ਪਲੇਟ ਜਾਂ ਚਮਚੇ) ਨੂੰ ਇੱਕ ਦੂਜੇ ਨਾਲ ਸਾਂਝਾ ਨਾ ਕਰੋ। ਇਸ ਵਾਇਰਸ ਲਈ ਨਾ ਤਾਂ ਕੋਈ ਵਿਸ਼ੇਸ਼ ਐਂਟੀ-ਵਾਇਰਲ ਦਵਾਈ ਅਤੇ ਨਾ ਹੀ ਕੋਈ ਟੀਕਾ ਹੀ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਇਸ ਦੇ ਲਈ ਆਮ ਤੌਰ 'ਤੇ ਜ਼ੁਕਾਮ ਅਤੇ ਬੁਖਾਰ ਦੀਆਂ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਪਰ ਇਹ ਵਾਇਰਸ ਪਹਿਲਾ ਹੀ ਸਾਹ ਦੀ ਕਿਸੇ ਬੀਮਾਰੀ ਨਾਲ ਜੂਝ ਰਹੇ ਵਿਅਕਤੀ ਲਈ ਮੁਸ਼ਕਿਲ ਪੈਦਾ ਕਰ ਸਕਦਾ ਹੈ। ਅਜਿਹੇ 'ਚ ਡਾਕਟਰ ਦੀ ਸਲਾਹ ਜ਼ਰੂਰ ਲਓ।






# ਪਾਕਿਸਤਾਨ-ਬੰਗਲਾਦੇਸ਼ ਗੱਠਜੋੜ

ਜੰਮੂ ਦੇ ਅਖਨੂਰ 'ਚ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪਾਕਿਸਤਾਨ ਨੂੰ ਚੌਕਸ ਕਰਦੇ ਹੋਏ ਜਿਸ ਤਰ੍ਹਾਂ ਉਸ ਨੂੰ ਮਕਬੂਜ਼ਾ ਕਸ਼ਮੀਰ ਤੋਂ ਅੱਤਵਾਦੀ ਢਾਂਚੇ ਨੂੰ ਖ਼ਤਮ ਕਰਨ ਲਈ ਕਿਹਾ, ਉਸ ਤੋਂ ਇਹ ਸਾਫ਼ ਹੈ ਕਿ ਉਥੇ ਹੁਣ ਵੀ ਅੱਤਵਾਦੀਆਂ ਨੂੰ ਪਾਲਿਆ ਜਾ ਰਿਹਾ ਹੈ। ਇਸ ਦੀ ਰੱਖਿਆ ਮੰਤਰੀ ਨੇ ਇਹ ਕਹਿ ਕੇ ਪੁਸ਼ਟੀ ਵੀ ਕੀਤੀ ਕਿ ਭਾਰਤ ਕੋਲ ਇਸ ਦੇ ਸਬੂਤ ਹਨ ਕਿ ਸਰਹੱਦ ਪਾਰ ਅੱਤਵਾਦੀਆਂ ਦੇ ਟ੍ਰੇਨਿੰਗ ਕੈਂਪ ਦੇ ਨਾਲ ਲਾਂਚ ਪੈਡ ਵੀ ਕਾਇਮ ਹਨ।



ਹਾਲਾਂਕਿ ਪਾਕਿਸਤਾਨ ਨੂੰ ਇਸ ਤੋਂ ਪਹਿਲਾਂ ਵੀ ਸਮੇਂ-ਸਮੇਂ 'ਤੇ ਚਿਤਾਵਨੀਆਂ ਦਿੱਤੀਆਂ ਗਈਆਂ ਹਨ ਪਰ ਉਹ ਆਪਣੇ ਕਬਜ਼ੇ ਵਾਲੇ ਭਾਰਤੀ ਹਿੱਸੇ ਤੋਂ ਅੱਤਵਾਦੀ ਢਾਂਚੇ ਨੂੰ ਖ਼ਤਮ ਕਰਨ ਲਈ ਤਿਆਰ ਨਹੀਂ। ਇਸ ਅੱਤਵਾਦੀ ਢਾਂਚੇ ਦੇ ਕਾਇਮ ਰਹਿਣ ਦਾ ਮਤਲਬ ਹੈ ਕਿ ਸਰਹੱਦ ਪਾਰ ਤੋਂ ਅੱਤਵਾਦੀਆਂ ਦੀ ਘੁਸਪੈਠ ਤੇ ਜੰਮੂ-ਕਸ਼ਮੀਰ 'ਚ ਅੱਤਵਾਦੀ ਹਮਲਿਆਂ ਦਾ ਖ਼ਤਰਾ ਬਣਿਆ ਰਹਿਣਾ।

ਪਾਕਿਸਤਾਨ ਨਾਲ ਲਗਦੀ ਸਰਹੱਦ 'ਤੇ ਸਾਰੀ ਚੌਕਸੀ ਤੋਂ ਬਾਅਦ ਵੀ ਸਰਹੱਦ ਪਾਰ ਤੋਂ ਜਿਸ ਤਰ੍ਹਾਂ ਲਗਾਤਾਰ ਅੱਤਵਾਦੀਆਂ ਦੀ ਘੁਸਪੈਠ ਹੁੰਦੀ ਰਹਿੰਦੀ ਹੈ, ਇਹ ਗੰਭੀਰ ਚਿੰਤਾ ਦੀ ਗੱਲ ਹੈ। ਜਦ ਪਾਕਿਸਤਾਨ ਨਾਲ ਲਗਦੀ ਸਰਹੱਦ ਭਾਰਤ ਦੀ ਸੁਰੱਖਿਆ ਲਈ ਖ਼ਤਰਾ ਬਣੀ ਹੋਈ ਹੈ, ਤਾਂ ਇਹ ਸ਼ੁੱਭ ਸੰਕੇਤ ਨਹੀਂ ਕਿ ਬੰਗਲਾਦੇਸ਼ ਨਾਲ ਲਗਦੀ ਸਰਹੱਦ ਵੀ ਭਾਰਤ ਲਈ ਚਿੰਤਾ ਦਾ ਕਾਰਨ ਬਣ ਰਹੀ ਹੈ।

ਬੰਗਲਾਦੇਸ਼ 'ਚ ਸ਼ੇਖ਼ ਹਸੀਨਾ ਦੇ ਤਖ਼ਤਾ ਪਲਟ ਤੋਂ ਬਾਅਦ ਉਥੇ ਦੀ ਸੱਤਾ 'ਤੇ ਕਾਬਜ ਅੰਤਰਿਮ ਸਰਕਾਰ ਵੱਲੋਂ ਨਾ ਸਿਰਫ਼ ਭਾਰਤ ਵਿਰੋਧੀ ਭਾਵਨਾਵਾਂ ਭੜਕਾਈਆਂ ਜਾ ਰਹੀਆਂ ਹਨ, ਬਲਕਿ ਸਰਹੱਦ 'ਤੇ ਵਾੜ ਲਾਉਣ ਦੇ ਕੰਮ 'ਚ ਅੜਿੱਕਾ ਵੀ ਪਾਇਆ ਜਾ ਰਿਹਾ ਹੈ ਤੇ ਉਹ ਵੀ ਤਦ, ਜਦ ਇਸ ਲਈ ਇਕ ਸਮਝੌਤਾ ਹੋ ਚੁੱਕਾ ਹੈ। ਇਸੇ ਸਮਝੌਤੇ ਦੇ ਚਲਦੇ ਹੀ ਸਰਹੱਦ 'ਤੇ ਵਾੜ ਲਾਉਣ ਦਾ ਲਗਪਗ 80 ਫ਼ੀਸਦੀ ਕੰਮ ਪੂਰਾ ਹੋ ਚੁੱਕਾ ਹੈ। ਹੁਣ ਬੰਗਲਾਦੇਸ਼ ਵਾੜਬੰਦੀ 'ਤੇ ਇਤਰਾਜ਼ ਜ਼ਾਹਰ ਕਰ ਰਿਹਾ ਹੈ ਅਤੇ ਇਸੇ ਸਿਲਸਿਲੇ 'ਚ ਪਿਛਲੇ ਦਿਨੀਂ ਉਸ ਨੇ ਭਾਰਤੀ ਹਾਈ ਕਮਿਸ਼ਨਰ ਨੂੰ ਤਲਬ ਕੀਤਾ।

ਇਸ ਦੇ ਜਵਾਬ 'ਚ ਭਾਰਤ ਨੇ ਵੀ ਅਜਿਹਾ ਹੀ ਕੀਤਾ ਪਰ ਲਗਦਾ ਨਹੀਂ ਕਿ ਬੰਗਲਾਦੇਸ਼ ਸਰਹੱਦ 'ਤੇ ਭਾਰਤ ਦੇ ਸਾਹ-ਮਣੇ ਜਾਣ ਬੁੱਝ ਕੇ ਮੁਸ਼ਕਲ ਪੈਦਾ ਕਰਨ ਤੋਂ ਬਾਜ਼ ਆਉਣ ਵਾਲਾ ਹੈ। ਬੰਗਲਾਦੇਸ਼ ਵਾੜ ਲਾਉਣ ਦੇ ਸਮਝੌਤੇ ਦਾ ਸਨਮਾਨ ਕਰਨ ਦੀ ਥਾਂ ਉਸ ਦੀ ਸਮੀਖਿਆ ਕਰਨ ਦੀ ਗੱਲ ਕਰ ਰਿਹਾ ਹੈ।

ਉਹ ਉਨ੍ਹਾਂ ਥਾਵਾਂ 'ਤੇ ਕੰਡਿਆਲੀਆਂ ਤਾਰਾਂ ਵਾਲੀ ਵਾੜ ਲਾਉਣ ਦਾ ਖ਼ਾਸ ਤੌਰ 'ਤੇ ਵਿਰੋਧ ਕਰ ਰਿਹਾ ਹੈ, ਜਿੱਥੇ ਵੱਡੀ ਪੱਧਰ 'ਤੇ ਘੁਸਪੈਠ ਤੇ ਤਸਕਰੀ ਹੁੰਦੀ ਹੈ। ਇਸ ਸੰਦਰਭ 'ਚ ਉਹ ਉਸੇ ਤਰ੍ਹਾਂ ਦੇ ਗ਼ਲਤ ਤਰਕ ਪੇਸ਼ ਕਰ ਰਿਹਾ ਹੈ, ਜਿਹੋ-ਜਿਹੇ ਸਰਹੱਦੀ ਸੁਰੱਖਿਆ ਦੀਆਂ ਭਾਰਤ ਦੀਆਂ ਕੋਸ਼ਿਸ਼ਾਂ 'ਤੇ ਪਾਕਿਸਤਾਨ ਕਰਦਾ ਰਹਿੰਦਾ ਹੈ। ਹੈਰਾਨੀ ਨਹੀਂ ਕਿ ਇਹ ਬੰਗਲਾਦੇਸ਼ ਨਾਲ ਪਾਕਿਸਤਾਨ ਦੀ ਹਾਲੀਆ ਨਜ਼ਦੀਕੀ ਦਾ ਅਸਰ ਹੋਵੇ।

ਭਾਰਤ ਇਸ ਦੀ ਅਣਦੇਖੀ ਨਹੀਂ ਕਰ ਸਕਦਾ ਕਿ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਕਿਸ ਤਰ੍ਹਾਂ ਪਾਕਿਸਤਾਨ ਨਾਲ ਸਬੰਧ ਸੁਧਾਰਨ ਦੇ ਨਾਲ ਉਸ ਨੂੰ ਲੋੜ ਤੋਂ ਵੱਧ ਅਹਿਮੀਅਤ ਦੇ ਰਹੀ ਹੈ। ਭਾਰਤ ਨੂੰ ਇਹ ਦੇਖਣਾ ਪਵੇਗਾ ਕਿ ਕਿਤੇ ਇਹ ਦੋਵੇਂ ਦੇਸ਼ ਮਿਲ ਕੇ ਉਸ ਖ਼ਿਲਾਫ਼ ਕੋਈ ਸਾਜ਼ਿਸ਼ ਤਾਂ ਨਹੀਂ ਰਚ ਰਹੇ? ਭਾਰਤ ਲਈ ਇਹ ਠੀਕ ਹੈ ਕਿ ਉਹ ਪਾਕਿ-ਬੰਗਲਾਦੇਸ਼ ਦੇ ਸੰਭਾਵਿਤ ਗੱਠਜੋੜ ਤੋਂ ਚੌਕਸ ਰਹੇ।

# ਚੌਤਰਫੇ ਸੰਕਟ ’ਚ ਘਿਰੀ ਕੈਨੇਡਾ ਸਰਕਾਰ

ਮਨਦੀਪ

ਤਕਰੀਬਨ ਇੱਕ ਦਹਾਕੇ ਤੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਵਜੋਂ ਸੇਵਾ ਨਿਭਾ ਰਹੇ ਲਿਬਰਲ ਪਾਰਟੀ ਦੇ ਆਗੂ ਜਸਟਿਨ ਟਰੂਡੋ ਦੇ ਅਸਤੀਫੇ ਦੇ ਐਲਾਨ ਮਗਰੋਂ ਕੈਨੇਡਾ ਦੇ ਢਾਂਚਾਗਤ ਸੰਕਟ ਦੇ ਲੱਛਣ ਹੋਰ ਵੱਧ ਉਘੜ ਕੇ ਸਾਹਮਣੇ ਆ ਗਏ ਹਨ। ਇਸ ਅਸਤੀਫੇ ਦੇ ਮਾਇਨੇ, ਉਸ ਦੀ ਲੋਕਪ੍ਰਿਅਤਾ ਦੇ ਪੱਧਰ ’ਚ ਲਗਾਤਾਰ ਗਿਰਾਵਟ ਅਤੇ ਅਗਾਮੀ ਚੋਣਾਂ ਵਿੱਚ ਕੰਜ਼ਰਵੇਟਿਵ ਪਾਰਟੀ ਦਾ ਪੱਲੜਾ ਭਾਰੀ ਹੋਣ ਦੇ ਖ਼ਦਸ਼ੇ ਤੋਂ ਕਿਤੇ ਵੱਧ ਗਹਿਰੇ ਹਨ। ਇਹ ਅਸਤੀਫਾ ਮਹਿਜ਼ ਪਾਰਟੀ ਦੇ ਅੰਦਰੂਨੀ ਅਤੇ ਬਾਹਰੀ ਦਬਾਅ ਦੇ ਨਾਲ-ਨਾਲ ਟਰੂਡੋ ਦੇ ਅੰਤਲੇ ਨੈਤਿਕ-ਸਿਆਸੀ ਦਾਅ ਤੱਕ ਹੀ ਸੀਮਿਤ ਨਹੀਂ। ਇਹ ਸਮਝਣਾ ਬਹੁਤ ਮਹੱਤਵਪੂਰਨ ਹੈ ਕਿ ਕੈਨੇਡਾ ਦੇ ਸੰਕਟ ਦੇ ਬੁਨਿਆਦੀ ਕਾਰਨ ਕੀ ਹਨ ਅਤੇ ਕੀ ਕੈਨੇਡਾ ਦਾ ਮੌਜੂਦਾ ਬਹੁਪੱਖੀ ਸੰਕਟ ਟਰੂਡੋ ਦੇ ਅਸਤੀਫੇ ਨਾਲ ਹੱਲ ਹੋ ਜਾਵੇਗਾ?

ਇਸ ਸਮੇਂ ਕੈਨੇਡਾ ਦੀ ਆਰਥਿਕਤਾ ਅਤੇ ਇਸ ਦੇ ਸਮਾਜਿਕ-ਸਿਆਸੀ ਹਾਲਾਤ ਘੋਰ ਅਸਥਿਰਤਾ ਵਿੱਚੋਂ ਗੁਜ਼ਰ ਰਹੇ ਹਨ। ਪੰਜਾਬ ਸਮੇਤ ਪੂਰੇ ਦੱਖਣੀ-ਏਸ਼ਿਆਈ ਭਾਈਚਾਰਿਆਂ ਦੀਆਂ ਨਜ਼ਰਾਂ ਜਿੱਥੇ ਕੈਨੇਡਾ ਸਰਕਾਰ ਦੇ ਸਮਾਜਿਕ-ਸਿਆਸੀ ਸੰਕਟ ਉੱਤੇ ਟਿਕੀਆਂ ਹੋਈਆਂ ਹਨ, ਉੱਥੇ ਕੈਨੇਡਾ ਵਾਸੀਆਂ ਵਿੱਚ ਸਰਕਾਰ ਦੀਆਂ ਨਾਕਾਮੀਆਂ ਖਿਲਾਫ ਗੁੱਸੇ ਦੀ ਲਹਿਰ ਦਿਨ-ਬ-ਦਿਨ ਵਧ ਰਹੀ ਹੈ। ਕਥਿਤ ਖੱਬੇ ਪੱਖੀ ਐਨਡੀਪੀ ਦੀ ਕਮਜ਼ੋਰ ਭਾਈਵਾਲੀ ਨਾਲ ਲੜਖੜਾਉਂਦੀ ਚੱਲ ਰਹੀ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਲਗਾਤਾਰ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਘੱਟਗਿਣਤੀ ਸਰਕਾਰ ਦਾ ਭਾਈਵਾਲ ਜਗਮੀਤ ਸਿੰਘ, ਟਰੂਡੋ ਸਰਕਾਰ ਤੋਂ ਆਪਣਾ ਸਮਰਥਨ ਵਾਪਸ ਲੈਣ ਦਾ ਲਗਾਤਾਰ ਦਬਾਅ ਪਾਉਂਦਾ ਰਿਹਾ ਤੇ ਲਿਬਰਲ ਸਰਕਾਰ ਦੇ ਮੰਤਰੀ ਟਰੂਡੋ ਦੀਆਂ ‘ਮਹਿੰਗੀਆਂ ਸਿਆਸੀ ਚਾਲਾਂ’ ਤੋਂ ਅੱਕੇ ਆਪਣੇ ਅਹੁਦਿਆਂ ਤੋਂ ਅਸਤੀਫੇ ਦਿੰਦੇ ਰਹੇ। ਆਰਥਿਕ-ਸਿਆਸੀ ਤੂਫਾਨ ਵਿੱਚ ਫਸਿਆ ਟਰੂਡੋ ਸਰਕਾਰ ਦਾ ਡਿਕਡੋਲੇ ਖਾਂਦਾ ਜਹਾਜ਼ ਕਿਸੇ ਬੰਨੇ ਲੱਗਣ ਤੋਂ ਪਹਿਲਾਂ ਡੁੱਬਣਾ ਲੱਗਭੱਗ ਤੈਅ ਸੀ। 2019 ਵਿੱਚ ਟਰੂਡੋ ਵਜ਼ਾਰਤ ਜਿਨ੍ਹਾਂ ਚੋਣ ਵਾਅਦਿਆਂ ਤੇ ਆਸਾਂ-ਉਮੀਦਾਂ ਨਾਲ ਸੱਤਾ ਦੀ ਦੂਜੀ ਪਾਰੀ ਵਿੱਚ ਕੁੱਦੀ ਸੀ, ਉਹ ਵਾਅਦੇ-ਉਮੀਦਾਂ ਕਰੋਨਾ, ਯੂਕਰੇਨ ਤੇ ਫਲਸਤੀਨ ਜੰਗ ਦੇ ਬੋਝ ਹੇਠ ਦੱਬ ਕੇ ਦਮ ਤੋੜ ਗਏ ਸਨ। ਪਿਛਲੇ ਕੁਝ ਸਾਲਾਂ ਤੋਂ ਕੈਨੇਡਾ ਵਿੱਚ ਲਗਾਤਾਰ ਬੇਕਾਬੂ ਹੋ ਰਹੀ ਮਹਿੰਗਾਈ, ਰਿਹਾਇਸ਼ੀ ਘਰਾਂ ਦੀ ਥੁੜ੍ਹ, ਵਧਦੀਆਂ ਵਿਆਜ਼ ਦਰਾਂ, ਵਧਦਾ ਕਰਜ਼ ਬੋਝ, ਬੁਨਿਆਦੀ ਢਾਂਚੇ ਵਿੱਚ ਘਟਦਾ ਵਿਦੇਸ਼ੀ ਨਿਵੇਸ਼, ਵਧਦੇ ਅਪਰਾਧ, ਗੈਰ-ਯੋਜਨਾਬੱਧ ਪਰਵਾਸ ਸੰਕਟ ਆਦਿ ਨੇ ਕੈਨੇਡਾ ਦੇ ਆਰਥਿਕ-ਸਮਾਜਿਕ ਸੰਕਟ ਨੂੰ ਹੋਰ ਗਹਿਰਾ ਕਰ ਦਿੱਤਾ। ਟਰੰਪ ਪ੍ਰਸ਼ਾਸਨ ਦੀਆਂ ਟੈਰਿਫ ਲਗਾਉਣ ਦੀਆਂ ਧਮਕੀਆਂ ਨੇ ਕੈਨੇਡਾ ਦੀਆਂ ਸਿਆਸੀ ਜਮਾਤਾਂ ਦੀ ਬੇਚੈਨੀ ਹੋਰ ਵਧਾ ਦਿੱਤੀ ਜਿਸ ਨੇ ਕੈਨੇਡੀਅਨ ਸਮਾਜ ਵਿੱਚ ਸਹਿਮ, ਨਸਲੀ ਵਿਤਕਰੇ ਅਤੇ ਸਮਾਜਿਕ ਅਸੁਰੱਖਿਆ ਤੇ ਅਸਥਿਰਤਾ ਦਾ ਮਾਹੌਲ ਬਣਾ ਦਿੱਤਾ।



ਕੈਨੇਡਾ ਜਿਸ ਦੀ ਸੰਸਾਰ ਸਾਹਮਣੇ ਸ਼ਾਖ ਸ਼ਾਤੀ ਪਸੰਦ ਉਦਾਰਵਾਦੀ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੇ ਪੈਰੋਕਾਰ ਵਜੋਂ ਬਣੀ ਹੋਈ ਸੀ, ਦਾ ਨਕਾਬ ਬੀਤੇ ਕੁਝ ਵਰ੍ਹਿਆਂ ਵਿੱਚ ਵਾਪਰੀਆਂ ਘਟਨਾਵਾਂ ਕਰ ਕੇ ਲੱਥ ਚੁੱਕਾ ਹੈ। ਕੈਨੇਡਾ ਸਰਕਾਰ ਅਮਰੀਕੀ ਸਾਮਰਾਜ ਦੀ ਪੈੜ ’ਚ ਪੈਰ ਧਰਦਿਆਂ ਰੂਸ ਖਿਲਾਫ ਜੰਗ ’ਚ ਯੂਕਰੇਨ ਨੂੰ 4.5 ਬਿਲੀਅਨ ਡਾਲਰ (ਇਹ ਸਹਾਇਤਾ 2029 ਤੱਕ ਜਾਰੀ ਰਹੇਗੀ) ਫੌਜੀ ਅਤੇ ਵਿੱਤੀ ਸਹਾਇਤਾ ਦੇਣ ਲਈ ਵਚਨਬੱਧ ਹੈ। ਇਸੇ ਤਰ੍ਹਾਂ ਫਲਸਤੀਨ ਵਿੱਚ ਹੋ ਰਹੀ ਨਸਲਕੁਸ਼ੀ ਦੇ ਜ਼ਿੰਮੇਵਾਰ ਇਜ਼ਰਾਈਲ ਨੂੰ ਫੌਜੀ ਅਤੇ ਕੂਟਨੀਤਕ ਸਹਾਇਤਾ ਦੇ ਨਾਮ ਹੇਠ ਲੱਖਾਂ-ਕਰੋੜਾਂ ਡਾਲਰਾਂ ਦੀ ਵਿੱਤੀ ਤੇ ਫੌਜੀ ਸਾਜ਼ੋ-ਸਮਾਨ ਦੀ ਸਹਾਇਤਾ ਜਾਰੀ ਹੈ। ਅਮਰੀਕੀ ਦਬਾਅ ਹੇਠ ਕੈਨੇਡਾ ਸਰਕਾਰ ਨੇ ਜੰਗੀ ਖਰਚਿਆਂ ਲਈ ਨਾਟੋ ਦਾ ਟੀਚਾ ਪੂਰਾ ਕਰਨ ਲਈ 2032 ਤੱਕ ਆਪਣੇ ਫੌਜੀ ਤੇ ਰੱਖਿਆ ਖੇਤਰ ਵਿੱਚ ਕੁੱਲ ਜੀਡੀਪੀ ਦਾ 2% ਖਰਚਣ ਦਾ ਵਾਅਦਾ ਕੀਤਾ ਹੈ। ਇਸ ਦਾ ਅਰਥ ਹੋਵੇਗਾ, ਦੇਸ਼ ਦੀ ਆਰਥਿਕਤਾ ਉੱਤੇ ਹਰ ਸਾਲ 60 ਬਿਲੀਅਨ ਡਾਲਰ ਦਾ ਵਾਧੂ ਬੋਝ। ਇਸ ਦੀ ਭਰਪਾਈ ਕੈਨੇਡੀਅਨਾਂ ’ਤੇ ਟੈਕਸ ਵਧਾ ਕੇ ਅਤੇ ਜਨਤਕ ਖਰਚਿਆਂ ਵਿੱਚ ਕਟੌਤੀ ਕਰ ਕੇ ਕੀਤੀ ਜਾਵੇਗੀ।

ਅਮਰੀਕਾ ਅੰਦਰ ਟਰੰਪ ਦੇ ਸੱਤਾ ’ਚ ਆਉਣ ਤੋਂ ਬਾਅਦ ਕੈਨੇਡਾ ਅੰਦਰੋਂ ਟਰੰਪ-ਮਸਕ ਜੋੜੀ ਨੂੰ ਕੈਨੇਡੀਅਨਾਂ ਦੇ ਟਰੂਡੋ ਸਰਕਾਰ ਤੋਂ ਛੁਟਕਾਰੇ ਦੀ ਚਰਚਾ ਛਿੜ ਗਈ ਸੀ। ਸੱਤਾ ਸੰਭਾਲਣ ਤੋਂ ਪਹਿਲਾਂ ਹੀ ਟਰੰਪ ਵੱਲੋਂ ਅਮਰੀਕੀ ਦਰਾਮਦਾਂ ਉੱਤੇ 25% ਟੈਰਿਫ ਲਾਉਣ ਅਤੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੀਆਂ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ। ਟਰੰਪ ਦੀ ਸ਼ੁਰੂ ਕੀਤੀ ਸ਼ਬਦੀ ਵਪਾਰਕ ਜੰਗ ਦਾ ਕੈਨੇਡੀਅਨ ਹਾਕਮ ਜਮਾਤਾਂ ਵੱਲੋਂ ਠੋਸ ਜਵਾਬ ਨਾ ਦੇਣਾ, ਕੈਨੇਡਾ ਸਰਕਾਰ ਦੀ ਨਿਰਬਲਤਾ ਅਤੇ ਇਸ ਦੀ ਅਮਰੀਕੀ ਸਾਮਰਾਜ ’ਤੇ ਨਿਰਭਰਤਾ ਦਰਸਾਉਂਦਾ ਹੈ। ਇਹੀ ਨਹੀਂ, ਟਰੰਪ ਦੇ ਅਮਰੀਕਾ ’ਚ ਕਾਰਪੋਰੇਟ ਟੈਕਸ ਵਿੱਚ 20% ਦੀ ਕਟੌਤੀ ਕਰਨ ਦੇ ਬਿਆਨ ਨਾਲ ਉੱਥੇ ਨਿਵੇਸ਼ ਵਧ ਰਿਹਾ ਹੈ ਅਤੇ ਕੈਨੇਡਾ ਵਿੱਚ ਪਹਿਲਾਂ ਤੋਂ ਹੀ ਘਟ ਰਹੇ ਵਿਦੇਸ਼ੀ ਨਿਵੇਸ਼ ਦੀ ਹਾਲਤ ਹੋਰ ਮਾੜੀ ਹੋ ਰਹੀ ਹੈ। ਬਹੁਤ ਸਾਰੀਆਂ ਕੰਪਨੀਆਂ ਆਪਣਾ ਪੈਸਾ ਕੈਨੇਡੀਅਨ ਮਾਰਕਿਟ ਵਿੱਚੋਂ ਕੱਢ ਕੇ ਅਤੇ ਦੀਵਾਲੀਆਪਣ ਦਿਖਾ ਕੇ ਅਮਰੀਕਾ ਵਿੱਚ ਨਿਵੇਸ਼ ਨੂੰ ਤਰਜੀਹ ਦੇ ਰਹੀਆਂ ਹਨ। ਵਪਾਰਕ ਘੁਰਕੀਆਂ ਦੇ ਫਲਸਰੂਪ ਅਮਰੀਕੀ ਡਾਲਰ ਦੇ ਮੁਕਾਬਲੇ ਕੈਨੇਡੀਅਨ ਡਾਲਰ ਲੁੜਕ ਰਿਹਾ ਹੈ। ਅਮਰੀਕੀ ਨਿਵੇਸ਼ ਖਿੱਚਣ ਤੇ ਨਿੱਜੀ ਖੇਤਰ ਨੂੰ ਹੁਲਾਰਾ ਦੇਣ ਲਈ ਕੈਨੇਡਾ ਸਰਕਾਰ ਭਾਵੇਂ ਜਨਤਕ ਖੇਤਰ ਉੱਤੇ ਕੀਤੇ ਜਾਣ ਵਾਲੇ ਖਰਚਿਆਂ ਉੱਤੇ ਕੱਟ ਲਾ ਕੇ ਅਤੇ ਇਸ ਦਾ ਨਿੱਜੀਕਰਨ ਕਰ ਕੇ ਕਾਰਪੋਰੇਟਰਾਂ ਨੂੰ ਬੇਲ-ਆਊਟ ਪੈਕੇਜ ਦੇਣ ਦੇ ਓਹੜ-ਪੋਹੜ ਕਰ ਰਹੀ ਹੈ ਪਰ ਇਸ ਦਾ ਬੋਝ ਆਖ਼ਿਰਕਾਰ ਆਮ ਲੋਕਾਂ ਉੱਤੇ ਹੀ ਵਧ ਰਿਹਾ ਹੈ; ਇਸ ਨਾਲ ਕੈਨੇਡਾ ਪੋਸਟ, ਕੈਨੇਡੀਅਨ ਰੇਲਵੇ, ਐਮਾਜ਼ੌਨ ਤੇ ਬੰਦਰਗਾਹ ਦੇ ਕਾਮਿਆਂ ਨੇ ਦੇਸ਼ ਪੱਧਰੀ ਹੜਤਾਲਾਂ ਕੀਤੀਆਂ ਹਨ।

ਵੱਖ-ਵੱਖ ਖੇਤਰਾਂ (ਵਸਤਾਂ, ਉਸਾਰੀ ਤੇ ਨਿਰਮਾਣ) ਵਿੱਚ ਲਗਾਤਾਰ ਘਟ ਰਹੀ ਉਤਪਾਦਕਤਾ ਅਤੇ ਘਟ ਰਹੇ ਨਿਵੇਸ਼ ਕਾਰਨ ਬਹੁਤ ਸਾਰੇ ਕਾਰੋਬਾਰ ਸੁਸਤ ਜਾਂ ਬੰਦ ਹੋ ਰਹੇ ਹਨ। ਇਉਂ ਗੈਰ-ਯੋਜਨਾਬੱਧ ਤਰੀਕੇ ਨਾਲ ਕੈਨੇਡਾ ਵਿੱਚ ਦਰਾਮਦ ਕੀਤੀ ਸਸਤੀ ਕਿਰਤ ਸ਼ਕਤੀ (ਪਰਵਾਸੀ ਵਸੋਂ) ਦਾ ਸੰਕਟ ਖੜ੍ਹਾ ਹੋ ਗਿਆ ਹੈ। ਕਿਸੇ ਸਮੇਂ ਕੈਨੇਡੀਅਨ ਮੰਡੀ ਵਿੱਚ ਸਸਤੀ ਕਿਰਤ ਸ਼ਕਤੀ ਦੀ ਭਾਰੀ ਮੰਗ ਸੀ ਜਿਸ ਦੀ ਭਰਪਾਈ ਲਈ ਵੱਖ-ਵੱਖ ਤਰ੍ਹਾਂ ਦੇ ਸਿੱਖਿਆ, ਸੂਬਾਈ, ਪਰਿਵਾਰਕ, ਦਿਹਾਤੀ, ਖੇਤੀਬਾੜੀ, ਸ਼ਰਨਾਰਥੀ ਆਦਿ ਪ੍ਰੋਗਰਾਮ ਚਲਾਏ ਗਏ। ਇਨ੍ਹਾਂ ਗੈਰ-ਸੰਗਠਿਤ ਕੱਚੇ-ਪੱਕੇ ਪਰਵਾਸੀ ਮਜ਼ਦੂਰਾਂ ਨੂੰ ਸਸਤੀ ਕਿਰਤ ਸ਼ਕਤੀ ਦੇ ਨਾਲ-ਨਾਲ ਮੁੱਢਲੇ ਬੁਨਿਆਦੀ ਅਧਿਕਾਰਾਂ ਤੋਂ ਵਾਂਝੇ ਰੱਖ ਕੇ ਸ਼ੋਸ਼ਣ ਦਾ ਸ਼ਿਕਾਰ ਬਣਾਇਆ ਗਿਆ। ਇਸੇ ਲਈ ਯੂਐਨ ਨੇ ਕੈਨੇਡਾ ਨੂੰ ਆਧੁਨਿਕ ਉਜਰਤੀ ਗੁਲਾਮੀ ਦੀ ਜੰਮਣ ਭੋਇੰ ਦੇ ਲਕਬ ਨਾਲ ਨਿਵਾਜਿਆ ਸੀ। ਹੁਣ ਨਵੀਂ ਤਕਨੀਕ ਅਤੇ ਆਰਥਿਕ ਗਤੀ ਸੁਸਤ ਪੈਣ ਨਾਲ ਸਸਤੀ ਕਿਰਤ ਸ਼ਕਤੀ ਦਾ ਸਾਧਨ ਪਰਵਾਸੀ ਰਾਖਵੀਂ ਫੌਜ ਵੱਡੀ ਪੱਧਰ ’ਤੇ ਵਿਹਲੀ ਹੋ ਗਈ ਹੈ। ਇਸ ਵਾਧੂ ਰਾਖਵੀਂ ਫੌਜ ਨੂੰ ਵਿਦੇਸ਼ਾਂ ਵਿੱਚ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਨਸਲੀ ਆਧਾਰ ’ਤੇ ਮਜ਼ਦੂਰ ਜਮਾਤ ਨੂੰ ਵੰਡਣ, ਲੋਕਾਂ ਦਾ ਧਿਆਨ ਬੁਨਿਆਦੀ ਮੁੱਦਿਆਂ ਤੋਂ ਭਟਕਾਉਣ ਤੇ ਸਥਾਨਕ ਵੋਟ ਬੈਂਕ ਨੂੰ ਭਰਮਾਉਣ ਦਾ ਸਾਧਨ ਬਣਾਇਆ ਜਾ ਰਿਹਾ ਹੈ। ਇਸ ਤਰ੍ਹਾਂ ਕੌਮੀ ਸ਼ਾਵਨਵਾਦ ਭੜਕਾ ਕੇ ਘੋਰ ਸੱਜੇ ਪੱਖੀ ਤਾਕਤਾਂ ਲੋਕ ਰੋਹ ਨੂੰ ਵੋਟ ਬੈਂਕ ਵਿੱਚ ਬਦਲਣ ਲਈ ਕਾਮਯਾਬ ਹੋ ਰਹੀਆਂ ਹਨ। ਵਿਦੇਸ਼ਾਂ ਅੰਦਰ ਆਵਾਸ ਨੀਤੀਆਂ ਵਿੱਚ ਤਿੱਖੀ ਤਬਦੀਲੀ ਕਰ ਕੇ ਪਰਵਾਸੀਆਂ ਦੇ ਮੁੜ ਉਜਾੜੇ ਦਾ ਰਾਹ ਬਣਾਇਆ ਜਾ ਰਿਹਾ ਹੈ।

ਕੈਨੇਡੀਅਨ ਸਥਾਪਤੀ ਤੇਜ਼ੀ ਨਾਲ ਹਕੀਕੀ ਬੁਨਿਆਦੀ ਸੰਕਟ ਵੱਲ ਧਸ ਰਹੀ ਹੈ। ਇਸ ਦੀ ਜੀਡੀਪੀ ਕੱਛੂ ਦੀ ਚਾਲ ਚੱਲ ਰਹੀ ਹੈ ਤੇ ਮਹਿੰਗਾਈ ਦੀ ਦਰ 7.6% (ਜੁਲਾਈ 2024) ਦੇ ਆਸ-ਪਾਸ ਹੈ। ਇਸ ਨੇ ਪਿਛਲੇ 39 ਸਾਲਾਂ ਦੇ ਰਿਕਾਰਡ ਪੱਧਰ ਨੂੰ ਛੋਹ ਲਿਆ ਹੈ। ਕੈਨੇਡਾ ਦੀ ਆਰਥਿਕਤਾ ‘ਆਰਥਿਕ ਸਹਿਯੋਗ ਅਤੇ ਵਿਕਾਸ ਲਈ ਸੰਗਠਨ’ (ਓਈਸੀਡੀ) ਵਿੱਚ ਸ਼ਾਮਲ ਦੇਸ਼ਾਂ ਵਿੱਚੋਂ ਪਛੜ ਰਹੀ ਹੈ। ਕੈਨੇਡਾ ’ਚ ਬੇਰੁਜ਼ਗਾਰੀ ਦੀ ਦਰ 6.8% (ਨਵੰਬਰ 2024) ਤੱਕ ਪਹੁੰਚ ਚੁੱਕੀ ਹੈ ਅਤੇ ਦੇਸ਼ ਸਿਰ ਕਰਜ਼ ਬੋਝ 2.18 ਟ੍ਰਿਲੀਅਨ ਡਾਲਰ ਹੋ ਗਿਆ ਹੈ। 28 ਫੀਸਦੀ ਕੈਨੇਡੀਅਨ ਵਸੋਂ ਫੂਡ ਬੈਂਕਾਂ ਤੋਂ ਭੋਜਨ ਲੈ ਕੇ ਗੁਜ਼ਾਰਾ ਕਰ ਰਹੀ ਹੈ। ਅਮੀਰੀ-ਗਰੀਬੀ ਦਾ ਪਾੜਾ ਤੀਬਰ ਹੋ ਰਿਹਾ ਹੈ। ਕੈਨੇਡਾ ਦੀ ਉਪਰਲੀ 20% ਵਸੋਂ ਦੇਸ਼ ਦੀ ਕੁੱਲ ਸੰਪਤੀ ਦੇ ਦੋ-ਤਿਹਾਈ ਹਿੱਸੇ ਉੱਤੇ ਕਾਬਜ਼ ਹੈ ਅਤੇ ਦੇਸ਼ ਦੀ ਵਸੋਂ ਦਾ ਸਭ ਤੋਂ ਹੇਠਲਾ 40% ਤਬਕਾ ਦੇਸ਼ ਦੀ ਕੁੱਲ ਸੰਪਤੀ ਦੇ ਮਹਿਜ਼ 2.8% ਧਨ-ਦੌਲਤ ਤੇ ਗੁਜ਼ਰ-ਬਸਰ ਕਰ ਰਿਹਾ ਹੈ। ਅਮਰੀਕੀ ਬਹੁਕੌਮੀ ਕਾਰਪੋਰੇਸ਼ਨਾਂ ਦੀ ਕੈਨੇਡੀਅਨ ਮੰਡੀ ਵਿੱਚ ਇਜਾਰੇਦਾਰੀ ਹੈ ਅਤੇ ਇਸ ਦੇ ਸੁਪਰ ਮੁਨਾਫੇ ਆਰਥਿਕ ਮੰਦਹਾਲੀ ਦੇ ਦੌਰ ਵਿੱਚ ਵੀ ਸਿਖਰਾਂ ਛੋਹ ਰਹੇ ਹਨ। ਕੈਨੇਡਾ ਵਿੱਚ ਇਕੱਲੇ ਵਾਲਮਾਰਟ ਸਟੋਰ ਦੀ 2024 ਦੀ ਕੁੱਲ ਆਮਦਨ 6,48,000 ਮਿਲੀਅਨ ਡਾਲਰ ਰਹੀ ਜਿਸ ਵਿੱਚ ਪਿਛਲੇ ਸਾਲ ਨਾਲੋਂ 1.8% ਇਜ਼ਾਫਾ ਹੋਇਆ। ਇਸੇ ਤਰ੍ਹਾਂ ਤੇਲ-ਗੈਸ, ਤਕਨਾਲੋਜੀ, ਆਟੋਮੋਟਿਵ ਆਦਿ ਖੇਤਰਾਂ ਵਿੱਚ ਕੈਨੇਡਾ ਸਥਿਤ ਅਮਰੀਕੀ ਕਾਰਪੋਰੇਸ਼ਨਾਂ ਹਰ ਸਾਲ ਸੁਪਰ ਮੁਨਾਫੇ ਕਮਾ ਰਹੀਆਂ ਹਨ; ਦੂਜੇ ਪਾਸੇ ਆਮ ਲੋਕਾਂ ਦਾ ਜੀਵਨ ਪੱਧਰ ਹੇਠਾਂ ਜਾ ਰਿਹਾ ਹੈ, ਉਨ੍ਹਾਂ ਦੇ ਰੋਜ਼ਮੱਰਾ ਖਰਚੇ ਵਧ ਰਹੇ ਹਨ।

ਕੈਨੇਡੀਅਨ ਸਰਕਾਰ ਅਮਰੀਕੀ ਏਜੰਡੇ ਤਹਿਤ ਭਾਰਤ ਉੱਤੇ ਕੂਟਨੀਤਕ ਦਬਾਅ ਬਣਾਉਣ ਅਤੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਵੱਲ ਧਿਆਨ ਦੇਣ ਨਾਲੋਂ ਵੱਧ ਬੇਲੋੜੇ ਤੇ ਗੈਰ-ਸੰਜੀਦਾ ਕੂਟਨੀਤਕ ਵਿਵਾਦਾਂ ਵਿੱਚ ਉਲਝੀ ਰਹੀ। ਕੈਨੇਡਾ ਨੂੰ ਅਮਰੀਕਾ ਦੇ ਪਦਚਿੰਨ੍ਹਾਂ ’ਤੇ ਚੱਲਣਾ ਬੇਹੱਦ ਮਹਿੰਗਾ ਪੈ ਰਿਹਾ ਹੈ। ਕੈਨੇਡੀਅਨ ਹਾਕਮਾਂ ਨੇ ਅਮਰੀਕੀ ਸਾਮਰਾਜ ਪਿੱਛੇ ਲੱਗ ਕੇ ਅਮਰੀਕਾ ਵਿਰੋਧੀ ਰੂਸ, ਚੀਨ, ਕਿਊਬਾ ਆਦਿ ਅਨੇਕ ਦੇਸ਼ਾਂ ਨਾਲ ਆਪਣੇ ਵਪਾਰਕ ਸਬੰਧ ਤੋੜ ਕੇ ਆਪਣੀ ਨਿਰਭਰਤਾ ਅਮਰੀਕੀ ਮੰਡੀ ਉੱਤੇ ਬਣਾਈ ਹੋਈ ਹੈ ਜੋ ਇਸ ਦੀ ਸਵੈ-ਨਿਰਭਰਤਾ ਤੇ ਵਿਕਾਸ ਦੇ ਰਾਹ ਵਿੱਚ ਵੱਡਾ ਅੜਿੱਕਾ ਹੈ। ਦੂਸਰਾ, ਕੈਨੇਡੀਅਨ ਪੂੰਜੀਵਾਦ ਸੰਕਟ ਵਿੱਚੋਂ ਨਿਕਲਣ ਲਈ ਜਿਹੜੀਆਂ ਨੀਤੀਆਂ ਅਪਣਾ ਰਿਹਾ ਹੈ, ਉਹ ਇਸ ਦੀ ਕਬਰ ਪੁੱਟਣ ਦਾ ਮੁੱਖ ਕਾਰਨ ਹਨ। ਇਹ ਨੀਤੀਆਂ ਬਹੁਕੌਮੀ ਅਮਰੀਕੀ ਕਾਰਪੋਰੇਸ਼ਨਾਂ ਤੇ ਕੈਨੇਡੀਅਨ ਕਾਰਪੋਰੇਟ ਘਰਾਣਿਆਂ ਪੱਖੀ ਅਤੇ ਲੋਕ ਵਿਰੋਧੀ ਹਨ। ਇਨ੍ਹਾਂ ਨੀਤੀਆਂ ਪ੍ਰਤੀ ਕੰਜ਼ਰਵੇਟਿਵ ਪਾਰਟੀ ਦਾ ਵਿਰੋਧੀ ਧਿਰ ਦਾ ਨੇਤਾ ਪਿਏਰ ਪੋਲੀਵਰ ਟਰੂਡੋ ਸਰਕਾਰ ਤੋਂ ਵੀ ਦੋ ਕਦਮ ਅੱਗੇ ਹੈ। ਇਸ ਲਈ ਕੈਨੇਡਾ ਦੀ ਸੱਤਾ ਉੱਤੇ ਕੰਜ਼ਰਵੇਟਿਵ ਜਾਂ ਲਿਬਰਲ ਪਾਰਟੀ ਦਾ ਕੋਈ ਵੀ ਚਿਹਰਾ ਬਿਰਾਜਮਾਨ ਹੋ ਜਾਵੇ, ਉਸ ਨੂੰ ਧੀਮੀ ਹੋ ਰਹੀ ਗਲੋਬਲ ਆਰਥਿਕਤਾ ਦੇ ਅੰਗ ਵਜੋਂ ਕੈਨੇਡਾ ਦੀ ਆਰਥਿਕ ਮੰਦਹਾਲੀ, ਵਧ ਰਹੇ ਕਰਜ਼ ਸੰਕਟ, ਅਮਰੀਕਾ ਨਾਲ ਵਪਾਰਕ ਜੰਗ, ਮਹਿੰਗਾਈ ਤੇ ਰਿਹਾਇਸ਼ੀ ਘਰਾਂ ਦੇ ਸੰਕਟ ਨਾਲ ਜੂਝਣਾ ਪੈਣਾ ਹੈ। ਇਨ੍ਹਾਂ ਚੁਣੌਤੀਆਂ ਨੂੰ ਸਰ ਕਰਨ ਲਈ ਨਵਾਂ ਹਾਕਮ ਜਿਹੜੀਆਂ ਬੇਰਹਿਮ ਪੂੰਜੀਵਾਦੀ ਨੀਤੀਆਂ ਅਪਣਾਏਗਾ, ਉਸ ਦੇ ਸਿੱਟੇ ਵਜੋਂ ਉਸ ਨੂੰ ਵੱਡੇ ਲੋਕ ਰੋਹ ਦਾ ਸਾਹਮਣਾ ਜ਼ਰੂਰ ਕਰਨਾ ਪਵੇਗਾ।

# ਭਾਰਤ-ਚੀਨ ਸਬੰਧ ਦੁਬਾਰਾ ਹੋ ਸਕਦੇ ਖ਼ਰਾਬ

ਮੁਖ਼ਤਾਰ ਗਿੱਲ

ਰੂਸ ਦੇ ਸ਼ਹਿਰ ਕਜ਼ਾਨ ਵਿਚ ਅਕਤੂਬਰ 2024 ਨੂੰ ਬ੍ਰਿਕਸ ਸਿਖਰ ਸੰਮੇਲਨ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦਰਮਿਆਨ ਇਕ ਸੰਖੇਪ ਜਿਹੀ ਮੁਲਾਕਾਤ ਦੌਰਾਨ ਭਾਰਤ-ਚੀਨ ਦੇ ਰਿਸ਼ਤਿਆਂ ਨੂੰ ਮੁੜ ਲੀਹਾਂ ’ਤੇ ਲਿਆਉਣ ਲਈ ਬਣੀ ਸਹਿਮਤੀ ਨੂੰ ਅਜੇ ਤਿੰਨ ਮਹੀਨੇ ਵੀ ਨਹੀਂ ਹੋਏ ਕਿ ਦੋਵਾਂ ਦੇਸ਼ਾਂ ਦਰਮਿਆਨ ਹੋਇਆ ‘ਸਮਝੌਤਾ’ ਲੜਖੜਾਉਣ ਲੱਗਾ ਹੈ। ਹਾਲ ਹੀ ਵਿਚ ਚੀਨ ਨੇ ਹੈਤਾਨ ਸੂਬੇ ’ਚ ਦੋ ਪ੍ਰਸ਼ਾਸਕੀ ਕਾਊਟੀਆਂ ਬਣਾਉਣ ਦਾ ਐਲਾਨ ਕਰ ਦਿੱਤਾ ਹੈ ਜਿਸ ਦੇ ਅਧਿਕਾਰ ਖੇਤਰ ਦੇ ਕੁਝ ਹਿੱਸੇ ਭਾਰਤ ਦੇ ਯੂਟੀ ਲੱਦਾਖ ’ਚ ਆਉਂਦੇ ਹਨ। ਇਸ ਤੋਂ ਪਹਿਲਾਂ ਚੀਨ ਨੇ ਭਾਰਤ ਦੀ ਸਰਹੱਦ ਨੇੜੇ ਬ੍ਰਹਮ ਪੁੱਤਰ ਦਰਿਆ ਉੱਤੇ ਇਕ ਵਿਸ਼ਾਲ ਬੰਨ੍ਹ (ਡੈਮ) ਬਣਾਉਣ ਦਾ ਐਲਾਨ ਕੀਤਾ ਸੀ।

ਤਿੱਬਤ ਵਿਚ ਕੈਲਾਸ਼ ਪਰਬਤ ਦੇ ਨੇੜੇ ਬ੍ਰਹਮ ਪੁੱਤਰ ਨਦੀ (ਤਿੱਬਤ ਵਿਚ ਜਿਸ ਦਾ ਨਾਂ ਯਾਰਲੁੰਗ ਸਾਂਗਪੋ ਹੈ) ਉੱਤੇ ਦੁਨੀਆ ਦੇ ਸਭ ਤੋਂ ਉੱਚੇ ਪਣ ਬਿਜਲੀ ਬੰਨ੍ਹ (ਬੁਨਿਆਦੀ ਢਾਂਚਾ ਪ੍ਰਾਜੈਕਟ) ਬਣਾਉਣ ਨੂੰ ਮਨਜ਼ੂਰੀ ਦਿੱਤੀ ਸੀ ਜਿਸ ਉੱਤੇ ਅੰਦਾਜ਼ਨ 137 ਅਰਬ ਡਾਲਰ ਦਾ ਖ਼ਰਚ ਆਵੇਗਾ। ਬ੍ਰਹਮ ਪੁੱਤਰ (ਯਾਰਲੁੰਗ ਸਾਂਗਪੋ) ਅਸਾਮ ਤੋਂ ਹੁੰਦੀ ਹੋਈ ਬੰਗਲਾਦੇਸ਼ ਪਹੁੰਚਦੀ ਹੈ। ਚੀਨ ਵੱਲੋਂ ਤਿੱਬਤ ’ਚ ਬ੍ਰਹਮ ਪੁੱਤਰ ਦਰਿਆ ’ਤੇ ਵੱਡਾ ਡੈਮ ਬਣਾਉਣ ਦੀ ਯੋਜਨਾ ਅਤੇ ਦੋ ਪ੍ਰਸ਼ਾਸਕੀ ਕਾਊਂਟੀਆਂ ਸਥਾਪਤ ਕਰਨ ਦਾ ਐਲਾਨ ਕਰਨ ਤੋਂ ਕੁਝ ਦਿਨ ਬਾਅਦ ਭਾਰਤ ਨੇ ਕਿਹਾ ਕਿ ਉਹ ਆਪਣੇ ਹਿੱਤਾਂ ਦੀ ਰਾਖੀ ਲਈ ਜ਼ਰੂਰੀ ਕਦਮ ਚੁੱਕੇਗਾ ਤੇ




ਲਗਾਤਾਰ ਨਿਗਰਾਨੀ ਜਾਰੀ ਰੱਖੇਗਾ।

ਭਾਰਤ ਨੂੰ ਖ਼ਦਸ਼ਾ ਹੈ ਕਿ ਚੀਨ ਇਕ ਤਰ੍ਹਾਂ ਪਾਣੀ ਨੂੰ ਹਥਿਆਰ ਬਣਾ ਕੇ ਭਾਰਤ ਦੇ ਲੱਦਾਖ, ਅਸਾਮ ਆਦਿ ’ਤੇ ਕੰਟਰੋਲ ਕਰਨ ਦੀ ਇੱਛਾ ਰੱਖਦਾ ਹੈ। ਚੀਨ ਵੱਲੋਂ ਤਜਵੀਜ਼ ਕੀਤੇ ਬੰਨ੍ਹ ’ਤੇ ਆਪਣੀ ਪਹਿਲੀ ਪ੍ਰਤੀਕਿਰਿਆ ਦਿੰਦਿਆਂ ਨਵੀਂ ਦਿੱਲੀ ਨੇ ਬੀਜਿੰਗ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਉੱਪਰਲੇ ਖੇਤਰ ਵਿਚ ਗਤੀਵਿਧੀਆਂ ਨਾਲ ਬ੍ਰਹਮ ਪੁੱਤਰ ਦੇ ਹੇਠਲੇ ਰਾਜਾਂ ਦੇ ਹਿੱਤਾਂ ਨੂੰ ਨੁਕਸਾਨ ਨਾ ਪੁੱਜੇ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਚੀਨ ਦੇ ਉਕਤ ਫ਼ੈਸਲੇ ਬਾਰੇ ਨਾਜਾਇਜ਼ ਕਬਜ਼ੇ ਦਾ ਇਲਜ਼ਾਮ ਲਾਉਂਦਿਆਂ ਇਸ ਖ਼ਿਲਾਫ਼ ਸਖ਼ਤ ਵਿਰੋਧ ਜਤਾਇਆ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਅਸੀਂ ਲਗਾਤਾਰ ਨਿਗਰਾਨੀ ਰੱਖਾਂਗੇ ਤੇ ਆਪਣੇ ਹਿੱਤਾਂ ਦੀ ਰਾਖੀ ਲਈ ਜ਼ਰੂਰੀ ਕਦਮ ਚੁੱਕਾਂਗੇ।

ਅਜਿਹੀਆਂ ਕਿਆਸ-ਅਰਾਈਆਂ ਹਨ ਕਿ ਇਸ ਡੈਮ ਨਾਲ ਅਰੁਣਾਚਲ ਪ੍ਰਦੇਸ਼ ਦੇ ਨਾਲ-ਨਾਲ ਅਸਾਮ ’ਤੇ ਮਾੜਾ ਅਸਰ ਪਵੇਗਾ। ਉਨ੍ਹਾਂ ਕਿਹਾ ਕਿ ਚੀਨੀ ਧਿਰ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਉੱਪਰਲੇ ਖੇਤਰਾਂ ’ਚ ਗਤੀਵਿਧੀਆਂ ਦੇ ਨਾਲ ਬ੍ਰਹਮ ਪੁੱਤਰ ਦੇ ਹੇਠਲੇ ਰਾਜਾਂ ਦੇ ਹਿੱਤ ਪ੍ਰਭਾਵਿਤ ਨਾ ਹੋਣ। ਚੀਨ ਦੀ ਇਸ ਯੋਜਨਾ ਨੇ ਭਾਰਤ ਤੇ ਬੰਗਲਾਦੇਸ਼ ਨੂੰ ਫ਼ਿਕਰ ’ਚ ਪਾਇਆ ਹੋਇਆ ਹੈ।

ਜ਼ਿਕਰਯੋਗ ਹੈ ਕਿ ਚੀਨ ਨੇ ਬੀਤੇ ਸਾਲ 25 ਦਸੰਬਰ ਨੂੰ ਤਿੱਬਤ ’ਚ ਭਾਰਤ ਨਾਲ ਲੱਗਦੀ ਸਰਹੱਦ ਨੇੜੇ ਬ੍ਰਹਮ ਪੁੱਤਰ ਨਦੀ ’ਤੇ ਦੁਨੀਆ ਦਾ ਸਭ ਤੋਂ ਵੱਡਾ ਬੰਨ੍ਹ ਬਣਾਉਣ ਦੀ ਆਪਣੀ ਯੋਜਨਾ ਦਾ ਐਲਾਨ ਕੀਤਾ ਸੀ। ਦਰਅਸਲ, ਹਾਲ ਹੀ ਵਿਚ ਚੀਨ ਦੇ ਦੋ ਫ਼ੈਸਲਿਆਂ ਨੇ ਭਾਰਤ ਦੇ ਸਾਹਮਣੇ ਇਹ ਚਿੰਤਾ ਪੈਦਾ ਕਰ ਦਿੱਤੀ ਹੈ ਕਿ ਜੇ ਅਸਲ ਵਿਚ ਇਸ ਤਰ੍ਹਾਂ ਹੁੰਦਾ ਰਹੇਗਾ ਤਾਂ ਫਿਰ ਚੀਨ ਤੋਂ ਕੋਈ ਸੁਹਿਰਦ ਉਮੀਦ ਦੀ ਕੀ ਤੁਕ ਬਣੇਗੀ?

ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੇ ਜਟਿਲ ਮਸਲਿਆਂ ਦਾ ਕੀ ਬਣੇਗਾ? ਚੀਨ ਵੱਲੋ ਇਸ ਤਰ੍ਹਾਂ ਦੀਆਂ ਹਰਕਤਾਂ (ਮਿਸਾਲ ਲਈ ਬ੍ਰਹਮ ਪੁੱਤਰ ਦਰਿਆ ’ਤੇ ਪਣ ਬਿਜਲੀ ਬੰਨ੍ਹ (ਡੈਮ) ਬਣਾਉਣ ਦੀ ਤਜਵੀਜ਼ ਅਤੇ ਹੈਤਾਨ ਸੂਬੇ ਵਿਚ ਦੋ ਪ੍ਰਸ਼ਾਸਕੀ ਕਾਊਟੀਆਂ ਬਣਾਉਣ ਦੀ ਯੋਜਨਾ) ਤਦ ਸਾਹਮਣੇ ਆ ਰਹੀਆਂ ਹਨ ਜਦ ਦੋਵਾਂ ਦੇਸ਼ਾਂ ਨੇ ਲਗਪਗ ਸਾਢੇ ਚਾਰ ਸਾਲਾਂ ਤੋਂ ਸਰਹੱਦੀ ਮਸਲਿਆਂ ’ਤੇ ਜਾਰੀ ਸਭ ਰੇੜਕੇ ਦੂਰ ਕਰ ਕੇ ਮਸਲੇ ਦੇ ਹੱਲ ਲਈ ਠੋਸ ਕਦਮ ਚੁੱਕਣ ਦਾ ਫ਼ੈਸਲਾ ਲਿਆ ਸੀ।

ਭਾਰਤ ਵਿਚ ਚੀਨੀ ਦੂਤਘਰ ਦੇ ਤਰਜਮਾਨ ਯੂ ਜਿੰਗ ਨੇ ਕਿਹਾ ਕਿ ਬ੍ਰਹਮ ਪੁੱਤਰ ਨਦੀ ’ਤੇ ਡੈਮ ਬਣਾਉਣ ਸਬੰਧੀ ਪ੍ਰਾਜੈਕਟ ਦਾ ਹੇਠਲੇ ਇਲਕਿਆਂ ’ਤੇ ਕੋਈ ਨਕਾਰਾਤਮਕ ਪ੍ਰਭਾਵ ਨਹੀਂ ਪਵੇਗਾ। ਚੀਨ ਨੇ ਦਾਅਵਾ ਕੀਤਾ ਕਿ ਉਸ ਵੱਲੋਂ ਆਪਣੇ ਇਲਾਕੇ ਵਿਚ ਸਾਂਗਪੋ (ਬ੍ਰਹਮ ਪੁੱਤਰ) ਨਦੀ ’ਤੇ ਪਣ ਬਿਜਲੀ ਪ੍ਰਾਜੈਕਟ (ਡੈਮ) ਬਣਾਇਆ ਜਾਵੇਗਾ ਜਿਸ ਦਾ ਮਕਸਦ ਸਵੱਛ ਊਰਜਾ ਦੇ ਵਿਕਾਸ ਵਿਚ ਤੇਜ਼ੀ ਲਿਆਉਣਾ ਤੇ ਜਲਵਾਯੂ ਬਦਲਾਅ ’ਤੇ ਅਤਿਅੰਤ ਹਾਈਡਰੋਲੋਜੀਕਲ ਆਫ਼ਤਾਂ ਦਾ ਟਾਕਰਾ ਕਰਨਾ ਹੈ। ਦੂਤਘਰ ਦੇ ਤਰਜਮਾਨ ਨੇ ਇਹ ਵੀ ਕਿਹਾ ਕਿ ਚੀਨ ਹਮੇਸ਼ਾ ਸਰਹੱਦ ਪਾਰ ਨਦੀਆਂ ਦੇ ਵਿਕਾਸ ਲਈ ਜ਼ਿੰਮੇਵਾਰ ਰਿਹਾ ਹੈ। ਉਨ੍ਹਾਂ ਹੇਠਲੇ ਇਲਾਕਿਆਂ ’ਚ ਪੈਂਦੇ ਦੇਸ਼ਾਂ ਨਾਲ ਸੰਚਾਰ ਕਾਇਮ ਰੱਖਣ ਤੇ ਸਹਿਯੋਗ ਵਧਾਉਣ ਦਾ ਭਰੋਸਾ ਦਿਵਾਇਆ।

ਇਸ ਤੋਂ ਪਹਿਲਾਂ ਭਾਰਤ ਤੇ ਚੀਨ ਵਿਚਾਲੇ ਬਣੀ ਵਿਸ਼ੇਸ਼ ਪ੍ਰਤੀਨਿਧੀ ਪੱਧਰ ਦੀ ਮੀਟਿੰਗ ਪਿਛਲੇ ਦਿਨੀਂ ਬੀਜਿੰਗ ਵਿਚ ਹੋਈ ਸੀ। ਬੈਠਕ ਵਿਚ ਭਾਰਤ ਦੀ ਨੁਮਾਇੰਦਗੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਕੀਤੀ ਜਦਕਿ ਵਿਦੇਸ਼ ਮੰਤਰੀ ਵਾਂਗ ਯੀ ਚੀਨ ਤੋਂ ਵਿਸ਼ੇਸ਼ ਪ੍ਰਤੀਨਿਧੀ ਸਨ। ਭਾਰਤ-ਚੀਨ ਦਰਮਿਆਨ ਸਰਹੱਦੀ ਵਿਵਾਦ ਸੁਲਝਾਉਣ ਲਈ ਇਸ ਤੋਂ ਪਹਿਲਾਂ 22 ਵਾਰ ਗੱਲਬਾਤ ਹੋ ਚੁੱਕੀ ਹੈ। ਡੋਵਾਲ ਖ਼ੁਦ 2014 ਤੋਂ 2019 ਤੱਕ ਇਸ ਗੱਲਬਾਤ ਵਿਚ ਭਾਰਤ ਦੀ ਪ੍ਰਤੀਨਿਧਤਾ ਕਰ ਚੁੱਕੇ ਹਨ। ਭਾਰਤ ਤੇ ਚੀਨ ਵਿਚਾਲੇ ਕਈ ਪੱਧਰ ’ਤੇ ਮੁਲਾਕਾਤਾਂ ਹੋਈਆਂ ਹਨ। ਇਨ੍ਹਾਂ ਜ਼ਰੀਏ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ’ਚ ਸਾਲ 2020 ਤੋਂ ਆਏ ਤਣਾਅ ਨੂੰ ਘੱਟ ਕਰਨ ਦੇ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਦਰਅਸਲ, ਵਿਵਾਦ ਪੂਰਬੀ ਲੱਦਾਖ ਦੇ ਕਈ ਸਰਹੱਦੀ ਇਲਾਕਿਆਂ ਨਾਲ ਜੁੜਿਆ ਸੀ। ਹਾਲਾਂਕਿ ਤਲਖ਼ੀ ਦੀ ਸ਼ੁਰੂਆਤ ਅਸਲ ਕੰਟਰੋਲ ਰੇਖਾ ’ਤੇ 15 ਜੂਨ 2020

(ਬਾਕੀ ਸਫਾ 16 ‘ਤੇ)




Mountain Mike's Pizza

879 W Schulte Rd
Tracy (CA)
Dine-in - Takeout Delivery

2260 Grant Line Rd # 104
Tracy (CA)
Dine-in - Takeout Delivery

Prop:
Vicky Panaich
209-631-3219
www.mountainmikespizza.com




Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ



Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138



AAA
AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



ਜਸਬੀਰ ਸਿੰਘ ਤੱਖਰ
510-755-2132
593 Industrial PKWY West
Hayward, CA 94544



CISI
CALIFORNIA
IMMIGRATION SERVICES INC.
Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377

# TASTE OF INDIA

**specialist- Gurh Dee Barfee, Gurh Diyaan Jalebian**

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ




ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ

lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION — OFFICIAL BRAKE ADJUSTING STATION

**Auto repair, Diagnostics & Smog Check Station**

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

## SUKHWINDER BHELLA

510-757-6775 gogibhella@gmail.com

# TENNYSON AUTO

**Car Sale Service and Repair**

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544



# GRAND OPENING FAIRWAY AUTO CENTRE BODY SHOP

ਸੋਮਵਾਰ ਤੋਂ ਸ਼ੁੱਕਰਵਾਰ 9 ਤੋਂ 5, ਸ਼ਨਿਚਰਵਾਰ ਨੂੰ 9 ਤੋਂ 2 ਵਜੇ ਤੱਕ

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖਸ਼ ਤੇ ਤਜਰਬੇਕਾਰ ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ

Our Expertise Services.. As offers below

15% Off Any Selected Servises Until January 30, 2025

* All Accicents Insurance Claims are accepted it.
* Repairs Fiber Glasses for Trucks & Cars.
* Straighten Frames & Scratch Removal from cars
* Build Customs Design Cars per cust
* Replace Brakes & Rooters for cars
* Engine Lights & Car Maintenances
* Body Repairs & Paint Restoration

Our Services Hours
Monday to Friday (9:00 AM to 5:00 PM)
Saturday 9:00 AM to 2:00 PM and Sunday (Closed)



Gurdial Aujla
510-552-0856

1620 doolittle Dr, San Leandro, CA 94577
510-538-2983
Email: 1fairwayautocenter@gmail.com

# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਠੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

**Over 30 Years Experience in Restaurant & Catering Business**

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Contact: (Paul) 510-978-7170
www.moonindiancuisine.net

# ਦੋ ਅਜਾਇਬ ਘਰਾਂ ਦੀ ਹੋਣੀ



ਜਯੋਤੀ ਮਲਹੋਤਰਾ

ਨਵੇਂ ਸਾਲ ਦਾ ਸਭ ਤੋਂ ਵਧੀਆ ਤੋਹਫ਼ਾ ਜਿਹੜਾ ਤੁਸੀਂ ਖ਼ੁਦ ਨੂੰ ਦੇ ਸਕਦੇ ਹੋ, ਉਹ ਹੈ ਭੂਪੇਨ ਖਾਖਰ, ਜੇ ਸਵਾਮੀਨਾਥਨ ਤੇ ਕੇ ਜੀ ਸੁਬਰਾਮਣੀਅਨ ਜਿਹੀਆਂ ਸ਼ਖ਼ਸੀਅਤਾਂ ਨਾਲ ਸਮਾਂ ਬਿਤਾਉਣਾ। ਸਭ ਤੋਂ ਸ਼ਾਨਦਾਰ ਚੀਜ਼ ਹੈ ਕਿ ਉਨ੍ਹਾਂ ਨੂੰ ਕਿਸੇ ਨਾਲ ਵੰਡਣਾ ਨਹੀਂ ਪੈਂਦਾ। ਏ। ਰਾਮਚੰਦਰਨ ਵੀ ਪਿੱਛੇ ਕਿਤੇ ਮੌਜੂਦ ਹੈ। ਪ੍ਰਤਿਭਾਵਾਨ ਨਲਿਨੀ ਮਲਾਨੀ ਆਪਣੀ ਦੁਨੀਆ 'ਚ ਹੀ ਕਿਤੇ ਮਗਨ ਹੈ, ਇਸ ਲਈ ਤੁਹਾਨੂੰ ਨਿੱਜਤਾ ਭੰਗ ਹੋਣ ਬਾਰੇ ਸੋਚਣ ਦੀ ਲੋੜ ਨਹੀਂ ਹੈ- ਲੱਭੋ ਉਸ ਦੀ ਰਚਨਾ ਕਿੱਥੇ ਟੰਗੀ ਹੋਈ ਹੈ, ਥੋੜ੍ਹਾ ਜਿਹਾ ਪਿੱਛੇ ਹਟੋ, ਸਾਰੇ ਪਾਸਿਉਂ ਉਸ ਨੂੰ ਨਿਹਾਰੋ, ਪਿੱਛਿ ੰ ਵੀ। ਤੁਸੀਂ ਪਾ ਗੇ ਕਿ ਕੈਨਵਸ ਉੱਤੇ ਸਾਰੇ ਤੇਲ, ਗੱਤੇ ਦੇ ਬੋਰਡ ਨਾਲ ਚਿੰਬੜੇ ਡੋਰੀਆਂ ਨਾਲ ਕੰਧਾਂ 'ਤੇ ਟੰਗੇ ਹੋਏ ਹਨ।

ਆ ਹੁਣ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਫਾਈਨ ਆਰਟਸ ਅਜਾਇਬ ਘਰ ਦੀ ਅਗਲੀ ਗੈਲਰੀ ਵਿੱਚ ਅਗਲੇ ਮਹਾਰਥੀ ਵੱਲ ਚੱਲਦੇ ਹਾਂ। "ਚਿੱਤਰ ਚੋਰੀ ਕਰ ਕੇ ਕਿਵੇਂ ਨਿਕਲਿਆ ਜਾਵੇ", ਆਰਾਮ ਨਾਲ ਇਸ ਕਾਲਮ ਦਾ ਵਿਸ਼ਾ ਹੋ ਸਕਦਾ ਸੀ ਜੋ ਨਹੀਂ ਹੈ। ਇੱਥੇ ਸਭ ਬਹੁਤ ਬੇਸ਼ਕੀਮਤੀ ਹੈ। ਇਹ ਤੱਥ ਵੀ ਸ਼ਾਇਦ ਦਿਲਚਸਪ ਹੈ ਕਿ ਜ਼ਿਆਦਾਤਰ ਦੁਨੀਆ ਭੁੱਲ ਚੁੱਕੀ ਹੈ ਕਿ ਇਹ ਕਲਾਕ੍ਰਿਤੀਆਂ ਕਿਤੇ ਪਈਆਂ ਹਨ- ਯਕੀਨਨ ਇਹ ਕਿਸੇ ਵੈੱਬਸਾਈਟ ਉੱਤੇ ਨਹੀਂ ਹਨ। ਇਸ ਲਈ ਜਦੋਂ ਅਚਾਨਕ ਤੁਹਾਨੂੰ ਇਹ ਲੱਭਦੀਆਂ ਹਨ ਤਾਂ ਵਿਚਾਰ ਮਨ 'ਚ ਆਉਂਦਾ ਹੈ ਕਿ ਹਾਂ, ਇਹ ਪੂਰੀ ਤਰ੍ਹਾਂ ਸਾਡੀ ਆਪਣੀ ਨਿੱਜੀ ਜਗ੍ਹਾ ਹੋ ਸਕਦੀ ਹੈ, ਜਿੱਥੇ ਨਵੇਂ ਸਾਲ ਵਰਗੇ ਖ਼ਾਸ ਮੌਕਿਆਂ 'ਤੇ ਤੁਸੀਂ ਇੱਕ-ਦੋ ਸਮੋਸੇ ਖਾ ਸਕਦੇ ਹੋਵੋ; ਆਖ਼ਿਰਕਾਰ, ਭੁਪੇਨ ਖਾਖਰ ਦਾ ਕਾਰਜ ਜੋ ਸਾਹਮਣੇ ਵਾਲੀ ਕੰਧ ਉੱਤੇ ਲਟਕ ਰਿਹਾ ਹੈ, ਉਸ ਦਾ ਨਾਂ ਹੈ 'ਬਰੇਕਫਾਸਟ ਇਨ ਕਸੌਲੀ'। ਖਾਣ-ਪੀਣ ਦੇ ਸ਼ੌਕੀਨ ਬਿਲਕੁਲ ਸਿਫ਼ਤ ਕਰਨਗੇ।

ਹੋਰ ਵੀ ਕਈ ਚੀਜ਼ਾਂ ਹਨ। ਇਹ ਇਮਾਰਤ ਬੀਪੀ ਮਾਥੁਰ ਦੀ ਡਿਜ਼ਾਈਨ ਕੀਤੀ ਹੋਈ ਹੈ, ਉਹ ਇਮਾਰਤਸਾਜ਼ ਜਿਸ ਨੇ ਪਿਅਰੇ ਜੇਨਰੇ ਨਾਲ ਕੰਮ ਕੀਤਾ ਜੋ ਯੂਨੀਵਰਸਿਟੀ ਦੇ ਮੁੱਖ ਆਰਕੀਟੈਕਟ-ਯੋਜਨਾਕਾਰ ਸਨ। ਕਲਾ ਦੇ ਸਮਕਾਲੀ ਉਸਤਾਦਾਂ ਦੀਆਂ ਕਰੀਬ 1200 ਕਲਾਕ੍ਰਿਤੀਆਂ ਨੂੰ ਸਜਾਉਣ ਦਾ ਕਾਰਜ ਕਿਸੇ ਹੋਰ ਨੇ ਨਹੀਂ ਬਲਕਿ ਚੰਡੀਗੜ੍ਹ ਦੇ ਪਿਆਰੇ ਪੁੱਤਰ ਤੇ ਕੌਮਾਂਤਰੀ ਪ੍ਰਸਿੱਧੀ ਹਾਸਿਲ ਕਲਾ ਇਤਿਹਾਸਕਾਰ ਬੀਐੱਨ ਗੋਸਵਾਮੀ ਨੇ ਕੀਤਾ ਸੀ ਸਾਲ ਪਹਿਲਾਂ ਆਪਣੇ ਦੇਹਾਂਤ ਤੱਕ 'ਦਿ ਟ੍ਰਿਬਿਊਨ' ਲਈ ਕਾਫ਼ੀ ਪੜ੍ਹਿਆ ਜਾਣ ਵਾਲਾ ਕਾਲਮ ਲਿਖਦੇ ਰਹੇ। ਇਸ ਤੋਂ ਇਲਾਵਾ ਕਿਉਂਕਿ ਮੈਂ ਹੁਣ 'ਸਿਟੀ ਬਿਊਟੀਫੁਲ' ਦੀ ਸਰਗਰਮ ਨਿਵਾਸੀ ਹਾਂ, ਮੈਨੂੰ ਅਹਿਸਾਸ ਹੋਇਆ ਕਿ ਮੈਂ ਇਤਿਹਾਸ ਤੇ ਸੱਭਿਆਚਾਰ, ਦੋਵਾਂ ਦੀ ਮੌਜੂਦਗੀ 'ਚ ਵਿਚਰ ਰਹੀ ਹਾਂ।

ਕੁਲਵਿੰਦਰ ਤੇਜ਼ੀ ਨਾਲ ਅੰਦਰ ਦਾਖਲ ਹੁੰਦਾ ਹੈ, ਅਜੇ ਤੱਕ ਸਿਰਫ਼ ਮੈਂ ਤੇ ਉਸਤਾਦ ਲੋਕ ਹੀ ਉੱਥੇ ਵਿਚਰ ਰਹੇ ਸੀ। ਚਰਚ 'ਚ ਬੈਠੇ ਇਸਾਈ ਭਿਕਸ਼ੂਆਂ ਦੀ ਰਾਮਚੰਦਰਨ ਵੱਲੋਂ ਬਣਾਈ ਗੰਭੀਰ ਜਿਹੀ ਕਲਾਕ੍ਰਿਤੀ, ਇੰਝ ਜਾਪਦਾ ਹੈ ਜਿਵੇਂ ਆਂਦਰੇਈ ਰੂਬਲੇਵ ਚਿੱਤਰਕਾਰੀ ਸੰਪਰਦਾ ਦਾ ਹਿੱਸਾ ਹੋਵੇ। ਰਿਸੈਪਸ਼ਨ 'ਤੇ ਹੀਟਰ ਸੇਕਣ ਨੂੰ ਪਹਿਲ ਦੇ ਰਹੇ ਸਹਾਇਕ ਨੇ ਮੈਨੂੰ ਦੱਸਿਆ, "ਬਹੁਤ ਲੋਕ ਆਉਂਦੇ ਹਨ ਮਿਊਜ਼ੀਅਮ 'ਚ", ਘੱਟੋ-ਘੱਟ 10-12 ਰੋਜ਼। ਮੈਂ ਕੁਲਵਿੰਦਰ ਨੂੰ ਪੁੱਛਿਆ ਕਿ ਕੋਈ ਗਾਈਡ ਵੀ ਹੈ ਇੱਥੇ? ਪਤਾ ਨਹੀਂ, ਉਸ ਨੇ ਰੁੱਖਾ ਜਿਹਾ ਜਵਾਬ ਦਿੱਤਾ, "ਮੈਂ ਤਕਨੀਕੀ ਸ਼ਾਖਾ 'ਚੋਂ ਹਾਂ।"

ਜੇ ਚੰਡੀਗੜ੍ਹ ਉਹ ਹੈ ਜੋ ਦਿੱਲੀ 40 ਸਾਲ ਪਹਿਲਾਂ ਸੀ ਤਾਂ ਤੁਸੀਂ ਇਸ ਦੇ ਅਜਾਇਬ ਘਰਾਂ ਦੀ ਕਲਪਨਾ ਕਰ ਸਕਦੇ ਹੋ। ਸਰਕਾਰੀ ਅਣਦੇਖੀ ਦਾ ਸ਼ਿਕਾਰ ਅਨਮੋਲ ਖ਼ਜ਼ਾਨਾ। ਲੀ ਕਾਰਬੂਜ਼ੀਏ ਦਾ ਬਣਾਇਆ ਸੈਕਟਰ 10 ਦਾ ਸਰਕਾਰੀ ਅਜਾਇਬ ਘਰ ਤੇ ਆਰਟ ਗੈਲਰੀ ਜਿਸ ਦਾ ਇੱਕੋ ਧੁਰੇ ਉੱਤੇ ਘੁੰਮਣ ਵਾਲਾ ਬਹੁਤ ਖ਼ੂਬਸੂਰਤ ਦਰਵਾਜ਼ਾ ਹੈ। ਇਹ ਵੱਡਾ ਦਰਵਾਜ਼ਾ ਤੁਸੀਂ ਹਰਿਆਣਾ-ਪੰਜਾਬ ਵਿਧਾਨ ਸਭਾ 'ਚ ਵੀ ਦੇਖ ਸਕਦੇ ਹੋ ਜਿਸ ਨੂੰ ਕਾਰਬੂਜ਼ੀਏ ਨੇ ਕੈਪੀਟਲ ਕੰਪਲੈਕਸ ਦੇ ਇੱਕ ਸਿਰੇ ਉੱਤੇ ਡਿਜ਼ਾਈਨ ਕੀਤਾ ਸੀ; ਇਹ ਆਪਣੇ ਆਪ ਵਿੱਚ ਬਹੁਤ ਸ਼ਾਨਦਾਰ ਖੁੱਲ੍ਹੀ ਥਾਂ ਹੈ ਜੋ ਸਰਦੀਆਂ 'ਚ ਲੋਕਾਂ ਅਤੇ ਮੂੰਗਫਲੀ ਵੇਚਣ ਵਾਲਿਆਂ ਨਾਲ ਭਰੀ ਹੋਣੀ ਚਾਹੀਦੀ ਸੀ ਪਰ ਇਸ ਨੂੰ ਸੁਰੱਖਿਆ ਦੇ ਨਾਂ ਉੱਤੇ ਬਿਲਕੁਲ ਸੀਮਤ ਕਰ ਦਿੱਤਾ ਗਿਆ ਹੈ ਜਿਸ ਦਾ ਮਤਲਬ ਹੈ ਕਿ ਉੱਥੇ ਸਿਰਫ਼ ਵੀਵੀਆਈਪੀ ਤੇ ਰਜਿਸਟਰਡ ਬੰਦੇ ਹੀ ਜਾ ਸਕਦੇ ਹਨ ਪਰ ਅਸਲੀ ਤਜਰਬਾ ਉਦੋਂ ਹੁੰਦਾ ਹੈ ਜਦ ਤੁਸੀਂ ਸਰਕਾਰੀ ਅਜਾਇਬ ਘਰ ਵਿੱਚ ਕਾਰਬੂਜ਼ੀਏ ਦੇ ਬਣਾਏ ਦਰਵਾਜ਼ੇ ਰਾਹੀਂ ਦਾਖ਼ਲ ਹੁੰਦੇ ਹੋ।

ਇੱਥੇ ਉਪਲਬਧ ਪੁਸਤਿਕਾ ਸਿਰਫ਼ ਫਰੈਂਚ ਵਿੱਚ ਹੈ (ਕਾਰਬੂਜ਼ੀਏ ਸਵਿਸ-ਫਰੈਂਚ ਮੂਲ ਦੇ ਸਨ, ਲੱਗਦਾ ਹੈ ਇਹ ਲੋਕ ਇੱਥੇ ਆਉਂਦੇ ਹਨ)। ਅੰਗਰੇਜ਼ੀ ਵਾਲੀਆਂ "ਮੁੱਕੀਆਂ ਹੋਈਆਂ ਸਨ"। ਗਾਈਡ ਦਾ ਨਾਂ ਗੀਤਾਂਜਲੀ ਹੈ- ਮੇਰੇ ਨਾਲ ਰੈਂਪ ਉੱਤੇ ਚੜ੍ਹਦੀ ਹੈ। ਇੱਕ ਕੰਧ ਉੱਤੇ ਮ੍ਰਿਣਾਲ ਮੁਖਰਜੀ ਦੀ ਰੱਸੀ ਨਾਲ ਤਿਆਰ ਕੀਤੀ ਖ਼ੂਬਸੂਰਤ ਰਚਨਾ ਹੈ, ਹੇਠੋਂ ਹਾਲਾਂਕਿ ਉੱਧੜੀ ਹੋਈ ਹੈ। ਪਹਿਲੀ ਮੰਜ਼ਿਲ 'ਤੇ ਆ ਕੇ ਤੁਸੀਂ ਕਾਂਸੀ, ਸੰਘੋਲ ਦੀ ਖੁਦਾਈ ਦੀਆਂ ਵਸਤਾਂ, ਗਾਂਧਾਰ ਦੀਆਂ ਮੂਰਤੀਆਂ ਤੇ ਪਹਾੜੀ ਚਿੱਤਰ ਦੇਖ ਕੇ ਹੈਰਾਨ ਹੁੰਦੇ ਹੋ। ਜਾਪਦਾ ਹੈ ਕਿ ਚੰਡੀਗੜ੍ਹ ਦੇ ਪਹਿਲੇ ਨਾਗਰਿਕ ਮੰਨੇ ਜਾਂਦੇ ਐੱਮਐੱਸ ਰੰਧਾਵਾ ਨੇ ਆਜ਼ਾਦੀ ਤੋਂ ਜਲਦ ਬਾਅਦ ਛੋਟੀਆਂ ਰਿਆਸਤਾਂ ਦੀਆਂ ਜਾਗੀਰਾਂ ਦਾ ਬਾਰੀਕੀ ਨਾਲ ਅਧਿਐਨ ਕੀਤਾ ਤੇ ਉਨ੍ਹਾਂ ਨੂੰ ਆਪਣੇ ਖਜ਼ਾਨਿਆਂ ਦਾ ਕੁਝ ਅੰਸ਼ ਦੇਣ ਲਈ ਮਨਾਇਆ ਤਾਂ ਕਿ ਉਹ ਇਸ ਅਜਾਇਬ ਘਰ ਦਾ ਹਿੱਸਾ ਬਣ ਸਕਣ; ਤੇ ਇਸ ਤਰ੍ਹਾਂ ਬੀਐੱਨਜੀ ਜਿਨ੍ਹਾਂ ਨੂੰ ਪੂਰਾ ਉੱਤਰ ਭਾਰਤ ਪਿਆਰ ਨਾਲ ਬੀਐੱਨ ਗੋਸਵਾਮੀ ਵਜੋਂ ਜਾਣਦਾ ਹੈ, ਜਿਨ੍ਹਾਂ ਆਪਣੀ ਵਿਰਾਸਤ ਬਾਰੇ ਸਾਡੀ ਸਮਝ ਨੂੰ ਮੁੱਢੋਂ ਤਬਦੀਲ ਕੀਤਾ।

ਹਰ ਕੋਈ ਜਾਣਦਾ ਹੈ ਕਿ 1947 ਵਿੱਚ ਮੁਲਕ ਦੀ ਵੰਡ ਵੇਲੇ ਗਾਂਧਾਰ ਦੀਆਂ ਮੂਰਤੀਆਂ ਭਾਰਤ ਤੇ ਪਾਕਿਸਤਾਨ ਵਿਚਾਲੇ ਵੰਡੀਆਂ ਗਈਆਂ ਸਨ- ਲਾਹੌਰ ਅਜਾਇਬ ਘਰ ਨੇ 60 ਫ਼ੀਸਦੀ ਹਿੱਸਾ ਰੱਖਿਆ, ਬਾਕੀ ਚੰਡੀਗੜ੍ਹ ਦੇ ਮਿਊਜ਼ੀਅਮ ਵਿੱਚ ਹਨ ਤੇ ਇਸ ਤਰ੍ਹਾਂ ਕੋਮਲਤਾ ਨਾਲ ਮੁਸਕਰਾਉਂਦੇ ਬੁੱਧ, ਉਨ੍ਹਾਂ ਦੇ ਪੈਰਾਂ ਦੇ ਨਿਸ਼ਾਨ ਵਾਲਾ ਚੱਟਾਨੀ ਧਰਾਤਲ, ਇੱਕ ਖੜ੍ਹੇ ਪੱਥਰ 'ਤੇ ਉੱਕਰੇ ਬੁੱਧ ਦੇ ਬਚਪਨ ਦੇ ਦ੍ਰਿਸ਼ ਜਦੋਂ ਉਹ ਅਜੇ ਸਿਧਾਰਥ ਸਨ ਤੇ ਉਨ੍ਹਾਂ ਦੀ ਮਾਤਾ ਮਾਇਆ ਨੂੰ ਆਪਣੇ ਬਹੁਤ ਖ਼ਾਸ ਪੁੱਤਰ ਬਾਰੇ ਆਇਆ ਸੁਪਨਾ- ਸਾਰਿਆਂ ਨੂੰ ਇੱਥੇ ਜਗ੍ਹਾ ਮਿਲੀ ਹੋਈ ਹੈ। ਇਨ੍ਹਾਂ ਮੂਰਤੀਆਂ ਨੇ ਮੈਨੂੰ ਸਰਹੱਦ ਪਾਰ ਤਕਸ਼ਸ਼ਿਲਾ ਦੇ ਅਜਾਇਬਘਰ ਦਾ ਚੇਤਾ ਕਰਾਇਆ ਜੋ ਬਹੁਤਾ ਦੂਰ ਨਹੀਂ ਹੈ।

ਗੈਲਰੀਆਂ ਖਾਲੀ ਪਈਆਂ ਹਨ। ਤਾਇਨਾਤ ਸਹਾਇਕ ਅਖ਼ਬਾਰਾਂ ਪੜ੍ਹ ਰਹੇ ਹਨ। ਗਾਈਡ ਗੀਤਾਂਜਲੀ ਦੱਸਦੀ ਹੈ ਕਿ 'ਬਹੁਤ ਲੋਕ ਆਉਂਦੇ ਹਨ', ਵਿਦਿਆਰਥੀ ਵੀ (ਸਕੂਲੀ ਵਿਦਿਆਰਥੀਆਂ ਦਾ ਇੱਕ ਗਰੁੱਪ ਬਾਹਰ ਉੱਚੀ-ਉੱਚੀ ਹੱਸ ਰਿਹਾ ਹੈ) ਤੇ ਵਿਦੇਸ਼ੀ ਵੀ। ਜਨਵਰੀ-ਸਤੰਬਰ 2024 ਦਾ ਰਿਕਾਰਡ ਦੱਸਦਾ ਹੈ ਕਿ 27839 ਟਿਕਟਾਂ ਵਿਕੀਆਂ ਹਨ। ਇਸ ਨੂੰ ਵਿਦੇਸ਼ਾਂ ਦੀਆਂ ਗੈਲਰੀਆਂ ਨਾਲ ਮਿਲਾ ਕੇ ਦੇਖੋ। ਪੈਰਿਸ ਸਥਿਤ ਲੂਵ ਮਿਊਜ਼ੀਅਮ 'ਚ ਹਰ ਸਾਲ 90 ਲੱਖ ਲੋਕ ਆਉਂਦੇ ਹਨ, ਨਿਊਯਾਰਕ ਦੇ ਮੈਟਰੋਪੌਲਿਟਨ ਅਜਾਇਬ ਘਰ 'ਚ 70 ਲੱਖ ਤੇ ਸੇਂਟ ਪੀਟਰਜ਼ਬਰਗ ਦੇ ਹਰਮੀਟੇਜ ਵਿੱਚ 32 ਲੱਖ ਲੋਕ ਪੁੱਜਦੇ ਹਨ (ਭਾਰਤ ਦਾ ਕੋਈ ਵੀ ਮਿਊਜ਼ੀਅਮ ਅਜਿਹਾ ਨਹੀਂ ਹੈ ਜੋ ਦੁਨੀਆ ਦੇ 100 ਸਭ ਤੋਂ ਵੱਧ ਘੁੰਮੇ ਜਾਂਦੇ ਅਜਾਇਬ ਘਰਾਂ ਵਿੱਚ ਸ਼ਾਮਿਲ ਹੋਵੇ)।

ਚੰਡੀਗੜ੍ਹ ਦੇ ਅਜਾਇਬ ਘਰ ਕੋਲ ਕਈ ਸਾਲਾਂ ਤੋਂ ਪੱਕਾ ਡਾਇਰੈਕਟਰ ਵੀ ਨਹੀਂ ਹੈ, ਮੌਜੂਦਾ ਸਮੇਂ ਸਬ-ਡਿਵੀਜ਼ਨਲ ਮੈਜਿਸਟਰੇਟ ਇੰਚਾਰਜ ਹੈ, ਮੇਰੇ ਜਾਣ ਮੌਕੇ ਉਹ ਛੁੱਟੀ ਉੱਤੇ ਸੀ ਕਿਉਂਕਿ ਉਸ ਦੀ ਸ਼ਾਦੀ ਹੈ (ਮੈਨੂੰ ਲੱਗਦਾ ਹੈ, ਇਸ 'ਚ ਕੁਝ ਗ਼ਲਤ ਵੀ ਨਹੀਂ... ਉਹ ਹੁਣ ਪਰਤ ਆਇਆ ਹੈ)। ਫਿਰ ਜਦੋਂ ਗੀਤਾਂਜਲੀ ਨੇ ਮੈਨੂੰ ਦੱਸਿਆ ਕਿ ਸਿਕੰਦਰ ਮਹਾਨ ਸਮੁੰਦਰ ਦੇ ਰਾਸਤੇ ਗਾਂਧਾਰ ਆਇਆ ਸੀ, ਮੈਨੂੰ ਲੱਗਾ ਹੈ ਕਿ ਹੁਣ ਜਾਣ ਦਾ ਸਮਾਂ ਆ ਗਿਆ ਹੈ।

ਏਲਾਂਤੇ ਮਾਲ ਜਾਣ ਦਾ ਸਮਾਂ ਵੀ ਆ ਗਿਆ ਸੀ, ਇਹ ਦੇਖਣ ਲਈ ਕਿ ਅਸਲ 'ਚ ਚੰਡੀਗੜ੍ਹ ਨੂੰ ਕੀ ਭਾਉਂਦਾ ਹੈ। ਸਪੱਸ਼ਟ ਤੌਰ 'ਤੇ ਅਜਾਇਬ ਘਰਾਂ ਵਰਗੀਆਂ ਉਬਾਊ ਤੇ ਨਿਰਜਿੰਦ ਥਾਵਾਂ ਦੇ ਬਿਲਕੁਲ ਉਲਟ। ਚੰਡੀਗੜ੍ਹ ਦੇ ਗ੍ਰਹਿ ਸਕੱਤਰ ਮਨਦੀਪ ਬਰਾੜ ਜੋ ਇਨ੍ਹੀਂ ਦਿਨੀਂ 'ਸਿਟੀ ਬਿਊਟੀਫੁਲ' ਦੀ ਸੈਰ-ਸਪਾਟੇ ਵਾਲੀ ਦਿਖ ਨੂੰ ਸੁਧਾਰਨ ਵਿੱਚ ਲੱਗੇ ਹੋਏ ਹਨ, ਨੂੰ ਸ਼ਾਇਦ ਏਲਾਂਤੇ ਵਾਲਿਆਂ ਦੀ ਸਲਾਹ ਲੈਣੀ ਚਾਹੀਦੀ ਹੈ। ਉਹ ਬਿਲਕੁਲ ਇਸ ਸਵਾਲ ਦਾ ਜਵਾਬ ਜਾਣਦੇ ਹੋਣਗੇ: ਕਿ ਥੋੜ੍ਹੇ ਜਿਹੇ ਇਤਿਹਾਸ ਤੇ ਸੱਭਿਆਚਾਰ ਨੂੰ ਗ੍ਰਹਿਣ ਕਰਨ ਵਾਸਤੇ ਲੋਕਾਂ ਨੂੰ ਦੁਬਾਰਾ ਕਿਵੇਂ ਅਜਾਇਬ ਘਰਾਂ ਤੇ ਕਲਾ ਗੈਲਰੀਆਂ ਵੱਲ ਮੋੜਿਆ ਜਾਵੇ।

ਸ਼ਹਿਰ ਨੂੰ ਖੋਲ੍ਹੋ। 'ਮਾਈ-ਬਾਪ' ਸੱਭਿਆਚਾਰ ਤੋਂ ਖਹਿੜਾ ਛੁਡਾ । ਸੁਰੱਖਿਆ ਦੇ ਨਾਂ ਉੱਤੇ ਪੱਖਪਾਤ ਕਰਨਾ ਛੱਡੋ। ਸ਼ਹਿਰ ਨੂੰ ਹੋਰ ਬਰਾਬਰ ਤੇ ਨਿਆਂਸੰਗਤ ਕਰੋ। ਚੰਡੀਗੜ੍ਹ ਦੇ ਵਿਚਾਰ ਵੱਲ ਮੁੜੋ, 'ਸਮਾਰਟ ਸਿਟੀ' ਦਾ ਵਿਚਾਰ ਆਪਣੇ ਸਮੇਂ ਤੋਂ ਬਹੁਤ ਅੱਗੇ ਦੀ ਗੱਲ ਹੈ।

# ਸਿਆਸਤਦਾਨ ਵੀ ਰਿਟਾਇਰ ਹੋਣਾ ਸਿੱਖਣ

ਭਾਰਤ ਵਿਚ ਨੇਤਾ ਕਦੇ ਰਿਟਾਇਰ ਹੋਣਾ ਨਹੀਂ ਚਾਹੁੰਦੇ। ਭਾਵੇਂ ਹੀ ਕਿੰਨੀ ਵੀ ਉਮਰ ਕਿਉਂ ਨਾ ਹੋ ਜਾਵੇ ਜਾਂ ਫਿਰ ਸਿਹਤ ਅਤੇ ਸਰੀਰ ਵੀ ਉਨ੍ਹਾਂ ਦਾ ਸਾਥ ਛੱਡਣ ਲੱਗਣ ਪਰ ਉਨ੍ਹਾਂ ਨੂੰ ਰਾਜਨੀਤੀ ਤੋਂ ਕਿਨਾਰਾ ਕਰਨਾ ਕਦੇ ਵੀ ਰਾਸ ਨਹੀਂ ਆਉਂਦਾ। ਕੁਝ ਨੇਤਾ ਸਮੇਂ ਦੇ ਨਾਲ ਗ਼ੈਰ-ਪ੍ਰਸੰਗਿਕ ਹੋ ਜਾਂਦੇ ਹਨ ਅਤੇ ਕੁਝ ਆਖ਼ਰੀ ਸਾਹ ਤੱਕ ਸਰਗਰਮ ਰਹਿੰਦੇ ਹਨ।

ਇਸ ਲੜੀ ਵਿਚ ਜੈਪ੍ਰਕਾਸ਼ ਨਾਰਾਇਣ ਯਾਨੀ ਜੇਪੀ ਅਤੇ ਨਾਨਾਜੀ ਦੇਸ਼ਮੁੱਖ ਵਰਗੇ ਇੱਕਾ-ਦੁੱਕਾ ਅਪਵਾਦ ਹੀ ਨਜ਼ਰ ਆਉਂਦੇ ਹਨ ਜੋ ਆਪਣੀ ਮਰਜ਼ੀ ਨਾਲ ਸਿਆਸਤ ਤੋਂ ਵਿਦਾਈ ਲੈਂਦੇ ਹਨ। ਕੁਝ ਸਮਾਂ ਪਹਿਲਾਂ ਕਾਂਗਰਸ ਮੁਖੀ ਮੱਲਿਕਾਰਜੁਨ ਖੜਗੇ ਨੇ ਸਾਬਕਾ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਦੀ ਆਤਮਕਥਾ ਦੀ ਘੁੰਡ ਚੁਕਾਈ ਮੌਕੇ ਕਿਹਾ ਸੀ, "ਮੈਨੂੰ ਨਹੀਂ ਲੱਗਦਾ ਕਿ ਕਿਸੇ ਨੂੰ ਵੀ ਰਾਜਨੀਤੀ ਤੋਂ ਰਿਟਾਇਰ ਹੋਣਾ ਚਾਹੀਦਾ ਹੈ।

ਜੋ ਕਿਸੇ ਵਿਚਾਰਧਾਰਾ ਵਿਚ ਭਰੋਸਾ ਰੱਖਦੇ ਹਨ, ਜੋ ਰਾਸ਼ਟਰ ਦੀ ਸੇਵਾ, ਆਪਣੇ ਸਮਾਜ ਦੀ ਸੇਵਾ ਕਰਨੀ ਚਾਹੁੰਦੇ ਹਨ, ਉਨ੍ਹਾਂ ਨੂੰ ਅੰਤ ਤੱਕ ਅਜਿਹਾ ਕਰਨਾ ਚਾਹੀਦਾ ਹੈ।" ਕਿਸੇ ਵੀ ਜਮਹੂਰੀ ਵਿਵਸਥਾ ਵਿਚ ਸਿਆਸਤਦਾਨ ਰਾਸ਼ਟਰ ਦੇ ਭਵਿੱਖ ਨੂੰ ਆਕਾਰ ਦੇਣ ਵਿਚ ਮਹੱਤਵਪੂਰਨ ਯੋਗਦਾਨ ਦਿੰਦੇ ਹਨ। ਉਨ੍ਹਾਂ ਦੇ ਫ਼ੈਸਲੇ ਅਤੇ ਯੋਗਦਾਨ ਕਰੋੜਾਂ ਲੋਕਾਂ ਦੀ ਤਕਦੀਰ 'ਤੇ ਅਸਰ ਪਾਉਂਦੇ ਹਨ। ਅਜਿਹੇ ਵਿਚ ਉਨ੍ਹਾਂ ਤੋਂ ਇਹੀ ਉਮੀਦ ਹੁੰਦੀ ਹੈ ਕਿ ਉਹ ਸਮਝਦਾਰੀ ਭਰੇ ਬਦਲ ਅਪਣਾਉਣ ਅਤੇ ਵਿਵੇਕ ਸੰਮਤ ਫ਼ੈਸਲੇ ਕਰਨ। ਇਕ ਕੈਨੇਡੀਅਨ ਦਾਰਸ਼ਨਿਕ-ਲੇਖਕ ਮਾਤਸੋਨਾ ਧਾਲੀਵਾਯੋ ਨੇ ਸੱਚ ਹੀ ਕਿਹਾ ਹੈ, "ਇਕ ਚੰਗਾ ਆਜੜੀ ਉਹੀ ਹੁੰਦਾ ਹੈ ਜੋ ਪਹਿਲਾਂ ਆਪਣੀਆਂ ਭੇਡਾਂ ਦਾ ਪੇਟ ਭਰੇ, ਭਾਵੇਂ ਉਹ ਖ਼ੁਦ ਕਿੰਨਾ ਹੀ ਭੁੱਖਾ ਕਿਉਂ ਨਾ ਹੋਵੇ।"

ਇਹ ਗੱਲ ਅਗਵਾਈ ਕਰਨ ਵਾਲਿਆਂ 'ਤੇ ਵੀ ਲਾਗੂ ਹੁੰਦੀ ਹੈ। ਜੇਪੀ ਨੇ ਰਾਜਨੀਤੀ ਤੋਂ ਸੰਨਿਆਸ ਲੈ ਲਿਆ ਸੀ ਪਰ ਦੇਸ਼ ਵਿਚ ਸੰਵਿਧਾਨਕ ਵਿਵਸਥਾ ਵਾਲੇ ਲੋਕਤੰਤਰੀ ਢਾਂਚੇ ਦੀ ਬਹਾਲੀ ਲਈ ਸੰਨਿਆਸ ਛੱਡ ਕੇ ਅੰਦੋਲਨ ਦੀ ਅਗਵਾਈ ਕੀਤੀ ਸੀ।ਸਿਆਸੀ ਜੀਵਨ ਦੌਰਾਨ ਦਾ ਤਜਰਬਾ ਅਤੇ ਮੁਹਾਰਤ ਉਸ ਵਿਚ ਵੱਡੇ ਮਦਦਗਾਰ ਰਹੇ ਅਤੇ ਸੰਭਵ ਤੌਰ 'ਤੇ ਇਹ ਵੀ ਇਕ ਕਾਰਨ ਰਿਹਾ ਕਿ ਉਹ ਅੰਦੋਲਨ ਨੂੰ ਅਗਵਾਈ ਦੇ ਸਕੇ। ਹਾਲਾਂਕਿ ਇਕ ਅਜਿਹੇ ਗਤੀਸ਼ੀਲ ਸਮਾਜ ਵਿਚ ਜਿੱਥੇ ਸਮਾਜਿਕ-ਆਰਥਿਕ ਢਾਂਚਾ ਬੜੀ ਤੇਜ਼ ਗਤੀ ਨਾਲ ਬਦਲ ਰਿਹਾ ਹੋਵੇ, ਉੱਥੇ ਸਿਰਫ਼ ਤਜਰਬਾ ਹੀ ਕਾਫ਼ੀ ਨਹੀਂ। ਮੁਹਾਰਤ ਵਿਸ਼ੇਸ਼ ਮਾਹੌਲ ਅਤੇ ਹਾਲਾਤ ਵਿਚ ਹੀ ਕਿਤੇ ਜ਼ਿਆਦਾ ਪ੍ਰਸੰਗਿਕ ਹੁੰਦੀ ਹੈ। ਨੋਬਲ ਪੁਰਸਕਾਰ ਜੇਤੂ ਡੈਨੀਅਲ ਕਾਹਮੈਨ ਨੇ ਲਿਖਿਆ ਹੈ ਕਿ ਕੁਝ ਅਜਿਹੇ ਖੇਤਰ ਹੁੰਦੇ ਹਨ ਜਿਨ੍ਹਾਂ ਵਿਚ ਮੁਹਾਰਤ ਸੰਭਵ ਹੀ ਨਹੀਂ।

ਸ਼ੇਅਰਾਂ ਦੀ ਚੋਣ ਇਸ ਦੀ ਇਕ ਚੰਗੀ ਮਿਸਾਲ ਹੈ। ਲੰਬੇ ਸਮੇਂ ਦੇ ਸਿਆਸੀ-ਰਣਨੀਤਕ ਅਨੁਮਾਨਾਂ ਦੇ ਮਾਮਲੇ ਵਿਚ ਵੀ ਮਾਹਿਰ ਕਿਸੇ ਪਾਸਾ ਸੁੱਟਣ ਵਾਲੇ ਬਾਂਦਰ ਤੋਂ ਬਿਹਤਰ ਨਹੀਂ। ਨੈਪੋਲੀਅਨ ਬੋਨਾਪਾਰਟ ਦਾ ਕਥਨ ਹੈ, 'ਏ ਲੀਡਰ ਇਜ਼ ਏ ਡੀਲਰ ਇਨ ਹੋਪ' ਯਾਨੀ ਨੇਤਾ ਉਮੀਦਾਂ ਪ੍ਰਵਾਨ ਚੜ੍ਹਾਉਣ ਵਾਲਾ ਵਪਾਰੀ ਹੀ ਹੁੰਦਾ ਹੈ।

ਇਸ ਸਮੇਂ ਦੁਨੀਆ ਭਰ ਵਿਚ ਕਈ ਪੀੜ੍ਹੀਆਂ ਦਾ ਸੰਗਮ ਦਿਸਦਾ ਹੈ। ਇਨ੍ਹਾਂ 'ਚੋਂ 1925 ਤੋਂ 1945 ਵਿਚਾਲੇ ਪੈਦਾ ਹੋਈ ਸਾਈਲੈਂਟ ਜਨਰੇਸ਼ਨ, 1946-64 ਵਿਚਾਲੇ ਦੇ ਬੇਬੀ ਬੂਮਰਜ਼, 1965-79 ਦੇ ਜੈਨ ਐਕਸ, 1980-94 ਦੇ ਮਿਲੇਨੀਅਲਜ਼, 1997-2012 ਦੇ ਜੈਨ ਜ਼ੈਡ ਅਤੇ 2012 ਤੋਂ ਬਾਅਦ ਦੀ ਅਲਫਾ ਜਨਰੇਸ਼ਨ ਮੁੱਖ ਹਨ। ਇਹ ਸਾਰੇ ਆਪੋ-ਆਪਣੇ ਜੀਵਨ ਦੀਆਂ ਬੇਯਕੀਨੀਆਂ ਤੋਂ ਦੋ-ਚਾਰ ਹਨ। ਉਨ੍ਹਾਂ ਦੀਆਂ ਉਮੀਦਾਂ, ਖ਼ਾਹਿਸ਼ਾਂ, ਤਰਜੀਹਾਂ ਅਤੇ ਇੱਥੋਂ ਤੱਕ ਕਿ ਪਸੰਦ ਵੀ ਹਮੇਸ਼ਾ ਇਕਸਮਾਨ ਨਹੀਂ ਦਿਸੇਗੀ। ਨੇਤਾਵਾਂ ਦੀਆਂ ਜ਼ਿਆਦਾਤਰ ਨੀਤੀਆਂ ਵੱਖ-ਵੱਖ ਪੀੜ੍ਹੀਆਂ ਦੀਆਂ ਉਮੀਦਾਂ ਅਤੇ ਖ਼ਾਹਿਸ਼ਾਂ 'ਤੇ ਖ਼ਰੀਆਂ ਨਹੀਂ ਉਤਰਦੀਆਂ। ਭਾਰਤੀ ਰਾਜਨੀਤੀ 'ਤੇ ਫ਼ਿਲਹਾਲ ਬੇਬੀ ਬੂਮਰਜ਼ ਵਾਲੀ ਪੀੜ੍ਹੀ ਦੀ ਚੜ੍ਹਤ ਹੈ। ਨੇਤਾਵਾਂ ਲਈ ਵੋਟਰਾਂ ਦੀਆਂ ਉਮੀਦਾਂ ਨੂੰ ਸਮਝਣਾ ਹੀ ਉਨ੍ਹਾਂ ਦੇ ਨਾਲ ਜੁੜਨ ਦੀ ਕੁੰਜੀ ਹੁੰਦੀ ਹੈ ਅਤੇ ਉਨ੍ਹਾਂ ਵਿਚ ਆਪਣੀ ਪੀੜ੍ਹੀ ਤੋਂ ਇਲਾਵਾ ਹੋਰ ਤਬਕਾ ਵੀ ਹੁੰਦਾ ਹੈ।

ਅੱਜ ਜ਼ਿਆਦਾਤਰ ਨੇਤਾ ਸਰੀਰਕ ਤੌਰ 'ਤੇ ਇੰਨੇ ਚੁਸਤ-ਦਰੁਸਤ ਨਹੀਂ ਕਿ ਉਹ ਉਨ੍ਹਾਂ ਲੋਕਾਂ ਨਾਲ ਨਿਰੰਤਰ ਗੱਲਬਾਤ ਕਰ ਸਕਣ ਜਿਨ੍ਹਾਂ ਦੀਆਂ ਵੋਟਾਂ ਨਾਲ ਚੋਣ ਜਿੱਤਣਾ ਚਾਹੁੰਦੇ ਹਨ। ਚੋਣ ਹਾਰਨ ਤੋਂ ਬਾਅਦ ਜਾਂ ਹਾਰ ਦੇ ਖ਼ਦਸ਼ੇ ਨੂੰ ਦੇਖਦੇ ਹੋਏ ਉਹ ਰਾਜ ਸਭਾ ਜਾਂ ਵਿਧਾਨ ਪ੍ਰੀਸ਼ਦ ਜ਼ਰੀਏ ਪਿਛਲੇ ਦਰਵਾਜ਼ਿਓਂ ਦਾਖ਼ਲ ਹੋਣ ਵਿਚ ਕਾਮਯਾਬ ਹੋ ਜਾਂਦੇ ਹਨ।

ਇਸੇ ਕਾਰਨ ਭਾਰਤੀ ਸਿਆਸਤ ਵਿਚ ਭਾਰੀ ਗਿਰਾਵਟ ਆ ਰਹੀ ਹੈ। ਨੇਤਾਵਾਂ 'ਤੇ ਲੋਕਾਂ ਦੀ ਭਰੋਸਾ ਘਟਦਾ ਜਾ ਰਿਹਾ ਹੈ। ਕਈ ਮਾਮਲੇ ਇਹੀ ਦਰਸਾਉਂਦੇ ਹਨ ਕਿ ਰਾਜਨੀਤੀ ਹੁਣ ਨੇਤਾਵਾਂ ਦੀ ਜੀਵਨਸ਼ੈਲੀ ਦਾ ਹਿੱਸਾ ਬਣ ਗਈ ਹੈ। ਨੇਤਾ ਅਤੀਤ ਦੀ ਸਦਭਾਵਨਾ ਦੇ ਸਹਾਰੇ ਹੀ ਬੇੜੀ ਪਾਰ ਲਗਾਉਣ ਦੇ ਯਤਨ ਵਿਚ ਲੱਗੇ ਰਹਿੰਦੇ ਹਨ। ਇਸ ਵਿਚ ਵੀ ਅਕਸਰ ਹੱਦੋਂ ਵੱਧ ਹੋ ਜਾਂਦਾ ਹੈ। ਅਹੁਦੇ ਅਤੇ ਕੁਰਸੀ ਪ੍ਰਤੀ ਮੋਹ, ਸੁਰਖੀਆਂ ਵਿਚ ਬਣੇ ਰਹਿਣ ਦੀ ਆਦਤ ਅਤੇ ਸੁੱਖ-ਸਹੂਲਤਾਂ ਅਜਿਹੇ ਨੇਤਾਵਾਂ ਨੂੰ ਸਮਝੌਤੇ ਕਰਨ ਲਈ ਮਜਬੂਰ ਕਰਦੀਆਂ ਹਨ। ਉਨ੍ਹਾਂ ਨੂੰ ਆਪਣੇ ਫ਼ਾਇਦੇ ਲਈ ਗ਼ਲਤ ਕੰਮ ਵੀ ਕਰਨੇ ਪੈਂਦੇ ਹਨ ਤੇ ਗ਼ਲਤ ਫ਼ੈਸਲੇ ਵੀ ਕਰਨੇ ਪੈਂਦੇ ਹਨ। ਇਸ ਕਾਰਨ ਰਾਜਨੀਤੀ ਗੰਧਲੀ ਹੋਣ ਲੱਗਦੀ ਹੈ ਤੇ ਲੋਕਾਂ ਦਾ ਸਿਆਸਤਦਾਨਾਂ ਤੋਂ ਭਰੋਸਾ ਉੱਠਣ ਲੱਗਦਾ ਹੈ। ਵਿਚਾਰਧਾਰਾ ਵਰਗੇ ਪਹਿਲੂ ਇਸ ਸਭ ਵਿਚ ਨਿਗੂਣੇ ਹੋਈ ਜਾ ਰਹੇ ਹਨ ਕਿਉਂਕਿ ਪਾਲਾ ਬਦਲਦੇ ਹੀ ਵਿਚਾਰਧਾਰਾ ਦਾ ਕੋਈ ਮੁੱਲ-ਅਹਿਮੀਅਤ ਨਹੀਂ ਰਹਿ ਜਾਂਦੀ।




ਅਹੁਦੇ ਅਤੇ ਕੁਰਸੀ ਨਾਲ ਚਿਪਕੇ ਰਹਿਣ ਦਾ ਮੋਹ ਇੰਨਾ ਵਧ ਗਿਆ ਹੈ ਕਿ ਉਸ ਕਾਰਨ ਵੰਸ਼ਵਾਦੀ ਰਾਜਨੀਤੀ ਨੂੰ ਹੁਲਾਰਾ ਦਿੱਤਾ ਜਾਣ ਲੱਗਾ ਹੈ। ਇਸ ਕਾਰਨ ਵੀ ਸਿਆਸਤ ਨੂੰ ਢਾਹ ਲੱਗ ਰਹੀ ਹੈ ਅਤੇ ਨਾਕਾਬਲ ਲੀਡਰਸ਼ਿਪ ਸਾਹਮਣੇ ਆਉਣ ਲੱਗੀ ਹੈ। ਇਸ ਦਾ ਰਾਸ਼ਟਰ ਤੇ ਸਮਾਜ ਨੂੰ ਭਾਰੀ ਖ਼ਮਿਆਜ਼ਾ ਭੁਗਤਣਾ ਪੈ ਰਿਹਾ ਹੈ।

ਅਕਸਰ ਅਜਿਹੇ ਜਾਨਸ਼ੀਨਾਂ ਕੋਲ ਆਪਣੇ ਪਿਤਾ ਜਾਂ ਦਾਦੇ ਦੀ ਤਰ੍ਹਾਂ ਜ਼ਮੀਨੀ ਪੱਧਰ 'ਤੇ ਕੋਈ ਪਕੜ ਜਾਂ ਤਜਰਬਾ ਨਹੀਂ ਹੁੰਦਾ ਅਤੇ ਇਸ ਲਿਹਾਜ਼ ਨਾਲ ਉਹ ਉਸ ਅਹੁਦੇ ਦੇ ਯੋਗ ਹੀ ਨਹੀਂ ਹੁੰਦੇ। ਉਨ੍ਹਾਂ ਦੀ ਰਾਜਨੀਤੀ ਅਕਸਰ ਨਤੀਜਾਮੁਖੀ ਨਹੀਂ ਹੁੰਦੀ ਅਤੇ ਸਮਾਜ ਲੋਕਤੰਤਰੀ ਢਾਂਚੇ ਦੇ ਫ਼ਾਇਦਿਆਂ ਤੋਂ ਵਿਰਵਾ ਰਹਿ ਜਾਂਦਾ ਹੈ। ਅਮਰੀਕੀ ਰਾਜਨੀਤਕ ਕਾਰਕੁੰਨ ਰਾਲਫ ਨਾਦਰ ਨੇ ਕਿਹਾ ਹੈ,"ਅਗਵਾਈ ਦਾ ਕੰਮ ਹੋਰ ਜ਼ਿਆਦਾ ਨੇਤਾ ਵਿਕਸਤ ਕਰਨਾ ਹੁੰਦਾ ਹੈ, ਪੈਰੋਕਾਰ ਨਹੀਂ।" ਵੰਸ਼ਵਾਦੀ ਰਾਜਨੀਤੀ ਵਿਚ ਤਾਂ ਸਿਰਫ਼ 'ਅੰਨ੍ਹਾ ਵੰਡੇ ਰਿਉੜੀਆਂ ਮੁੜ-ਮੁੜ ਆਪਣਿਆਂ ਨੂੰ' ਦੇਣ ਵਾਲੀ ਗੱਲ ਹੀ ਹੁੰਦੀ ਰਹਿੰਦੀ ਹੈ। ਵੰਸ਼ਵਾਦੀ ਨੇਤਾ ਪਛਾਣ ਦੀ ਸਿਆਸਤ ਕਰਦੇ ਹਨ, ਭਾਵੇਂ ਇਸ ਦੇ ਲਈ ਕੌਮੀ ਹਿੱਤਾਂ ਨੂੰ ਹੀ ਕਿਉਂ ਨਾ ਤਿਲਾਂਜਲੀ ਦੇਣੀ ਪਵੇ।

ਸਹਿਮਤੀ ਦੇ ਸੁਰ ਸੌੜੇ ਹਿੱਤਾਂ ਦੇ ਮੱਕੜਜਾਲ਼ ਵਿਚ ਦਮ ਤੋੜ ਦਿੰਦੇ ਹਨ। ਇਹ ਸਿਲਸਿਲਾ ਟੁੱਟਣਾ ਚਾਹੀਦਾ ਹੈ। ਬਦਲਾਅ ਦੀ ਰਾਜਨੀਤੀ ਨੂੰ ਵੱਡੇ ਪੱਧਰ 'ਤੇ ਹੁਲਾਰਾ ਮਿਲਣਾ ਚਾਹੀਦਾ ਹੈ। ਕੌਮੀ ਹਿੱਤਾਂ ਲਈ ਸੌੜੇ ਸਵਾਰਥਾਂ ਦੀ ਅਣਦੇਖੀ ਕੀਤੀ ਜਾਣੀ ਚਾਹੀਦੀ ਹੈ। ਰਾਜਨੀਤੀ ਵਿਚ ਨੌਜਵਾਨ ਵਰਗ ਨੂੰ ਹੱਲਾਸ਼ੇਰੀ ਦਿੱਤੀ ਜਾਵੇ ਜੋ ਖ਼ੁਦ ਤੋਂ ਜ਼ਿਆਦਾ ਰਾਸ਼ਟਰ-ਸਮਾਜ ਦਾ ਹਿੱਤ ਸੋਚੇ।

ਸਾਡੇ ਸੁਤੰਤਰਤਾ ਸੈਨਾਨੀ ਅਤੇ ਆਜ਼ਾਦੀ ਤੋਂ ਬਾਅਦ ਦੇ ਸਿਆਸੀ ਮਾਹੌਲ 'ਤੇ ਨੇਤਾਵਾਂ ਦੀ ਜੋ ਅਗਲੀ ਪੀੜ੍ਹੀ ਚਮਕੀ, ਉਹ ਅਜਿਹੇ ਹੀ ਆਦਰਸ਼ਵਾਦ ਨਾਲ ਭਰਪੂਰ ਵਿਅਕਤੀਆਂ ਦੀ ਹੀ ਰਹੀ। ਉਹ ਰਾਸ਼ਟਰ-ਸਮਾਜ ਦੀ ਸੇਵਾ ਕਰਨੀ ਚਾਹੁੰਦੇ ਸਨ ਅਤੇ ਸਿਰਫ਼ ਇਸੇ ਪਹਿਲੂ ਕਾਰਨ ਉਨ੍ਹਾਂ ਨੂੰ ਆਪਣਾ ਅਹੁਦਾ ਤੇ ਕੁਰਸੀ ਪਿਆਰੀ ਸੀ।

ਅਫ਼ਸੋਸ ਦੀ ਗੱਲ ਹੈ ਕਿ ਉਹ ਪੀੜ੍ਹੀ ਤੇਜ਼ੀ ਨਾਲ ਲੋਪ ਹੋ ਰਹੀ ਹੈ ਅਤੇ ਇੱਧਰ ਕਰੋੜਾਂ ਲਤਾੜੇ ਹੋਏ ਲੋਕ ਭਾਰਤੀ ਸਿਆਸਤ ਦੀ ਦਿਸ਼ਾ ਵਿਚ ਬੁਨਿਆਦੀ ਬਦਲਾਅ ਵੱਲ ਟਿਕਟਿਕੀ ਲਗਾਈ ਬੈਠੇ ਹਨ ਤਾਂ ਜੋ ਉਨ੍ਹਾਂ ਦੀ ਹਾਲਤ ਵਿਚ ਸੁਧਾਰ ਆ ਸਕੇ। ਬਦਲਦੇ ਸਮੇਂ ਦੇ ਨਾਲ ਇਹ ਬਦਲਾਅ ਬੇਹੱਦ ਜ਼ਰੂਰੀ ਹੋ ਚੁੱਕਾ ਹੈ। ਪਰ ਇਹ ਉਦੋਂ ਹੀ ਸੰਭਵ ਹੈ ਜਦ ਸਭ ਸਿਆਸੀ ਪਾਰਟੀਆਂ ਬੜੀ ਇਮਾਨਦਾਰੀ ਨਾਲ ਆਪਣੇ ਵਿਚ ਸੁਧਾਰ ਲਿਆਉਣ। ਜੇ ਉਹ ਪੁਰਾਣੇ ਢੱਰੇ 'ਤੇ ਹੀ ਚੱਲਦੀਆਂ ਰਹੀਆਂ ਤਾਂ ਦੇਸ਼ ਦੇ ਲੋਕਤੰਤਰੀ ਢਾਂਚੇ ਲਈ ਬਹੁਤ ਜ਼ਿਆਦਾ ਨੁਕਸਾਨਦੇਹ ਰੁਝਾਨ ਹੋਵੇਗਾ। ਜਨਤਾ ਵੀ ਉਨ੍ਹਾਂ ਦੇ ਸਵਾਰਥਾਂ ਕਾਰਨ ਚੱਕੀ ਦੇ ਪੁੜਾਂ ਵਿਚ ਪਿਸਦੀ ਰਹੇਗੀ।




# ਸਾਡੀ ਸਿਹਤ ਲਈ ਹੈ ਬੇਹੱਦ ਜ਼ਰੂਰੀ ਹੈ ਗੂੜ੍ਹੀ ਨੀਂਦ

ਚੰਗੀ ਸਰੀਰਕ ਸਿਹਤ ਅਤੇ ਉੱਤਮ ਮਾਨਸਿਕ ਸਥਿਤੀ ਲਈ ਚਿੰਤਨ-ਮਨ ਦੇ ਨਾਲ-ਨਾਲ ਚੰਗੀ ਨੀਂਦ ਦੀ ਵੀ ਜ਼ਰੂਰਤ ਹੁੰਦੀ ਹੈ। ਨੀਂਦ ਵਿਚ ਅੜਿੱਕਾ ਪੈਣ ’ਤੇ ਨਾ ਸਿਰਫ਼ ਸਰੀਰਕ ਬਲਕਿ ਮਾਨਸਿਕ ਸਿਹਤ ’ਤੇ ਵੀ ਉਲਟ ਅਸਰ ਪੈਂਦਾ ਹੈ। ਸਰੀਰ ਬਿਮਾਰੀਆਂ ਦਾ ਘਰ ਹੋਣ ਲੱਗਦਾ ਹੈ ਅਤੇ ਮਾਨਸਿਕ ਪੱਧਰ ’ਤੇ ਤਣਾਅ ਦੇ ਨਾਲ-ਨਾਲ ਨੁਕਸਦਾਰ ਅਵਸਥਾ ਦੀ ਵੀ ਨੌਬਤ ਆ ਜਾਂਦੀ ਹੈ। ਨੀਂਦ ਦੌਰਾਨ ਸਰੀਰ ਵਿਚ ਜ਼ਰੂਰੀ ਰਸਾਇਣ ਬਣਦੇ ਹਨ ਜਿਸ ਕਾਰਨ



ਪਿਟਯੂਟਰੀ ਅਤੇ ਥਾਇਰਾਇਡ ਵਰਗੀਆਂ ਗ੍ਰੰਥੀਆਂ ਮਜ਼ਬੂਤ ਹੁੰਦੀਆਂ ਹਨ। ਧਰਮ ਗ੍ਰੰਥਾਂ ਵਿਚ ਵੀ ਨਿਰਧਾਰਤ ਅਰਸੇ ਤੱਕ ਸਕੂਨ ਭਰੀ ਨੀਂਦ ਦੀ ਕਾਮਨਾ ਕੀਤੀ ਗਈ ਹੈ। ਮਾਰਕੰਡੇ ਰਿਸ਼ੀ ਦੁਆਰਾ ਰਚਿਤ ਦੁਰਗਾ ਸਪਤਸ਼ਤੀ ਦੇ ਪੰਜਵੇਂ ਅਧਿਆਇ ਵਿਚ ਉੱਤਮ ਨੀਂਦ ਦੀ ਪ੍ਰਾਰਥਨਾ ਕੀਤੀ ਗਈ ਹੈ। ਇਸ ਵਿਚ ਸ਼ਕਤੀ, ਲਕਸ਼ਮੀ ਜਾਂ ਹੋਰ ਰੂਪਾਂ ਦਾ ਜ਼ਿਕਰ ਨੀਂਦ ਤੋਂ ਬਾਅਦ ਕੀਤਾ ਗਿਆ ਹੈ। ਭਗਵਾਨ ਵਿਸ਼ਣੂ ਦੀ ਸ਼ਕਤੀ, ਚੇਤਨਾ ਸ਼ਕਤੀ, ਬੌਧਿਕ ਸ਼ਕਤੀ ਤੋਂ ਬਾਅਦ ਨੀਂਦ ਨੂੰ ਵੀ ਇਕ ਸ਼ਕਤੀ ਦਾ ਸਥਾਨ ਦਿੱਤਾ ਗਿਆ ਹੈ।

ਸਵਾਲ ਇਹ ਹੈ ਕਿ ਜਾਗਣ ਦੀ ਤਰ੍ਹਾਂ ਜਦ ਜੀਵਨ ਵਿਚ ਨੀਂਦ ਦੀ ਵੀ ਮਹੱਤਤਾ ਹੈ ਤਾਂ ਨੀਂਦ ਵਿਚ ਅੜਿੱਕਾ ਕਿਉਂ ਪੈ ਰਿਹਾ ਹੈ? ਮੌਜੂਦਾ ਦੌਰ ਵਿਚ ਉਨੀਂਦਰੇ ਦੀ ਬਿਮਾਰੀ ਕਿਉਂ ਵਧ ਰਹੀ ਹੈ? ਨੀਂਦ ਦੇ ਗ਼ਾਇਬ ਹੋਣ ਦੇ ਵਿਸ਼ੇ ਵਿਚ ਮਹਾਭਾਰਤ ਵਿਚ ਧ੍ਰਿਤਰਾਸ਼ਟਰ ਅਤੇ ਵਿਦੁਰ ਵਿਚਾਲੇ ਗੱਲਬਾਤ ਦਾ ਜ਼ਿਕਰ ਪ੍ਰਸੰਗਿਕ ਹੈ। ਪਾਂਡਵਾਂ ਨਾਲ ਧ੍ਰਿਤਰਾਸ਼ਟਰ ਦੇ ਪੁੱਤਰ ਦੁਰਯੋਧਨ ਦੇ ਵੈਰ-ਭਾਵ ਅਤੇ ਯੋਗੇਸ਼ਵਰ ਸ੍ਰੀਕ੍ਰਿਸ਼ਨ ਦੇ ਪਾਂਡਵਾਂ ਦੇ ਨਾਲ ਹੋਣ ਕਾਰਨ ਧ੍ਰਿਤਰਾਸ਼ਟਰ ਦੀ ਚਿੰਤਾ ਵਧ ਗਈ ਸੀ। ਉਸ ਨੇ ਨੀਤੀ ਦੇ ਮਾਮਲੇ ਵਿਚ ਨਿਪੁੰਨ ਵਿਦੁਰ ਨੂੰ ਜਦੋਂ ਆਪਣੀ ਹਾਲਤ ਦੱਸੀ ਤਾਂ ਵਿਦੁਰ ਨੇ ਨੀਂਦ ਨਾ ਆਉਣ ਦੇ ਕਈ ਕਾਰਨ ਦੱਸੇ। ਉਨ੍ਹਾਂ ਨੇ ਕਿਹਾ ਕਿ ਕਮਜ਼ੋਰ ਵਿਅਕਤੀ ਜਦ ਕਿਸੇ ਤਾਕਤਵਰ ਮਨੁੱਖ ਨਾਲ ਵੈਰ ਪਾ ਲੈਂਦਾ ਹੈ, ਉਦੋਂ ਉਸ ਨੂੰ ਨੀਂਦ ਨਹੀਂ ਆਉਂਦੀ ਹੈ। ਦੂਜਿਆਂ ਦੇ ਧਨ ਆਦਿ ਨੂੰ ਫਰੇਬ ਨਾਲ ਲੈਣ ’ਤੇ ਵੀ ਵਿਅਕਤੀ ਨੂੰ ਨੀਂਦ ਨਹੀਂ ਆਉਂਦੀ ਹੈ। ਜੇ ਵਿਅਕਤੀ ਜੀਵਨ ਵਿਚ ਬੇਤੁਕੇ ਕੰਮ ਕਰਦਾ ਹੈ ਅਤੇ ਕਦੇ ਉਸ ਨੂੰ ਪਛਤਾਵਾ ਹੁੰਦਾ ਹੈ ਤਾਂ ਉਸ ਦੀ ਨੀਂਦ ਉਡ ਜਾਂਦੀ ਹੈ। ਚੋਰਾਂ ਤੇ ਕਾਮੀ ਵਿਅਕਤੀ ਨੂੰ ਵੀ ਨੀਂਦ ਨਹੀਂ ਆਉਂਦੀ ਹੈ। ਇਸ ਲਈ ਸਾਰਿਆਂ ਨੂੰ ਉਨੀਂਦਰੇ ਦੇ ਇਨ੍ਹਾਂ ਕਾਰਨਾਂ ਤੋਂ ਬਚਣਾ ਚਾਹੀਦਾ ਹੈ।

# ਸਰਦੀਆਂ ਚ ਧੁੱਪ ਨਾ ਨਿਕਲਣ ਨਾਲ ਦਿਮਾਗ 'ਤੇ ਪੈਂਦਾ ਹੈ ਮਾੜਾ ਅਸਰ

ਸਰਦੀਆਂ 'ਚ ਧੁੱਪ ਨਾ ਨਿਕਲਣਾ ਇਕ ਆਮ ਗੱਲ ਹੈ ਪਰ ਜਦੋਂ ਪੂਰਾ-ਪੂਰਾ ਹਫ਼ਤਾ ਸੂਰਜ ਆਪਣੇ ਦਰਸ਼ਨ ਨਹੀਂ ਦਿੰਦਾ ਤਾਂ ਇਹ ਸਿਹਤ ਲਈ ਕਾਫੀ ਖ਼ਤਰਨਾਕ ਸਾਬਤ ਹੁੰਦਾ ਹੈ। ਪਿਛਲੇ ਕਈ ਦਿਨਾਂ ਤੋਂ ਅਜਿਹਾ ਹੀ ਹੋ ਰਿਹਾ ਹੈ। ਸੂਰਜ ਦੇ ਦਰਸ਼ਨ ਨਾ ਹੋਣ ਨਾਲ ਲੋਕਾਂ ਦੀ ਦਿਮਾਗੀ ਟੈਂਸ਼ਨ ਵੱਧ ਗਈ ਹੈ। ਇਸਦਾ ਅਸਰ ਸਾਡੇ ਹਾਰਮੋਨਸ 'ਤੇ ਪੈਂਦਾ ਹੈ। ਜ਼ਿਕਰਯੋਗ ਹੈ ਕਿ ਧੁੱਪ ਨਾ ਨਿਕਲਣ ਦਾ ਅਸਰ ਤੁਹਾਡੇ ਪੂਰੇ ਸਰੀਰ 'ਤੇ ਪੈਂਦਾ ਹੈ। ਇਸ ਨਾਲ ਤੁਹਾਡਾ ਮੂਡ, ਸਿਹਤ, ਵਿਟਾਮਿਨ ਦੀ ਕਮੀਂ ਆਦਿ ਸ਼ਾਮਲ ਹੈ।



ਸਰਦੀਆਂ 'ਚ ਧੁੱਪ ਨਾ ਨਿਕਲਣ ਨਾਲ ਦਿਮਾਗੀ ਟੈਂਸ਼ਨ ਵਧਣਾ ਇਕ ਆਮ ਸਮੱਸਿਆ ਹੈ। ਧੁੱਪ ਨਾ ਨਿਕਲਣ ਨਾਲ ਦਿਮਾਗੀ ਟੈਂਸ਼ਨ ਵਧ ਰਹੀ ਹੈ। ਇਸ ਕਰ ਕੇ ਹੈਪੀ ਹਾਰਮੋਨਸ ਘੱਟ ਰਹੇ ਹਨ। ਧੁੱਪ ਨਾ ਨਿਕਲਣ ਦਾ ਅਸਰ ਨਿਊਰੋ ਕੈਮੀਕਲ 'ਤੇ ਪੈ ਰਿਹਾ ਹੈ। ਇਸ ਦਾ ਸਭ ਤੋਂ ਵੱਡਾ ਅਸਰ ਉਦਾਸੀ, ਐਂਜਾਇਟੀ ਦੇ ਮਰੀਜ਼ਾਂ 'ਤੇ ਪੈਂਦਾ ਹੈ। ਧੁੱਪ 'ਚ ਵਿਟਾਮਿਨ ਡੀ ਹੁੰਦਾ ਹੈ, ਜੋ ਸਾਡੇ ਸਰੀਰ ਲਈ ਜ਼ਰੂਰੀ ਹੈ। ਵਿਟਾਮਿਨ ਡੀ ਦੀ ਕਮੀਂ ਨਾਲ ਦਿਮਾਗੀ ਟੈਂਸ਼ਨ ਵਧ ਰਹੀ ਹੈ।

**ਵਧ ਰਿਹਾ ਹੈ ਚਿੜਚਿੜਾਪਨ**

ਡਾਕਟਰਾਂ ਦਾ ਕਹਿਣਾ ਹੈ ਕਿ ਸਰਦੀਆਂ 'ਚ ਜਦੋਂ ਇਨਸਾਨੀ ਸਰੀਰ ਨੂੰ ਧੁੱਪ ਨਹੀਂ ਮਿਲਦੀ ਤਾਂ ਇਸਦਾ ਅਸਰ ਤਿੰਨ ਨਿਊਰੋ ਕੈਮੀਕਲ 'ਤੇ ਆਉਂਦਾ ਹੈ। ਇਸ 'ਚ ਸੀਰੋਟੇਨਿਨ ਨਾਰਪੀਨੇਫਰੀਨ ਤੇ ਡੋਪਾਮੀਨ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਕਿਸੇ ਵੀ ਇਨਸਾਨ ਨੂੰ ਖੁਸ਼ ਰਹਿਣ 'ਚ ਇਹ ਤਿੰਨੋਂ ਅਹਿਮ ਭੂਮਿਕਾ ਨਿਭਾਉਂਦੇ ਹਨ। ਸਰਦੀਆਂ 'ਚ ਜਦੋਂ ਧੁੱਪ ਘੱਟ ਹੁੰਦੀ ਹੈ ਤਾਂ ਸੀਰੋਟੇਨਿਨ, ਨਾਰਪੀਨੇਫਰੀਨ ਤੇ ਡੋਪਾਮੀਨ ਐਕਟਿਵ ਨਹੀਂ ਹੁੰਦੇ। ਇਸ ਕਰਕੇ ਤੁਹਾਨੂੰ ਚਿੜਚਿੜਾਪਨ, ਟੈਂਸ਼ਨ ਜਿਹੀਆਂ ਸਮੱਸਿਆਵਾਂ ਹੋਣ ਲੱਗਦੀਆਂ ਹਨ।

ਸਰਦੀਆਂ 'ਚ ਧੁੱਪ ਨਿਕਲਣ ਦਾ ਔਸਤ ਸਮਾਂ 7 ਤੋਂ 8 ਘੰਟੇ ਰਹਿੰਦਾ ਹੈ। ਜਦੋਂਕਿ ਗਰਮੀਆਂ 'ਚ ਸਨ ਸ਼ਾਈਨ ਆਵਰ 9 ਤੋਂ 10 ਘੰਟੇ ਦਾ ਰਹਿੰਦਾ ਹੈ। ਸਰਦੀਆਂ 'ਚ ਦਿੱਕਤ ਇਹ ਹੈ ਕਿ ਜਦੋਂ ਧੁੰਦ ਜ਼ਿਆਦਾ ਹੁੰਦੀ ਹੈ ਤਾਂ ਕਈ ਵਾਰ ਸਨ ਸ਼ਾਈਨ ਆਵਰ 8 ਘੰਟੇ ਤੋਂ ਘਟ ਕੇ 5 ਘੰਟੇ ਰਹਿ ਜਾਂਦਾ ਹੈ। ਕਿਉਂਕਿ ਕਈ ਵਾਰ ਸੂਰਜ ਧੁੰਦ ਨਾਲ ਢੱਕਿਆ ਰਹਿੰਦਾ ਹੈ। ਧਰ ਜਦੋਂ ਮੌਸਮ ਜ਼ਿਆਦਾ ਖਰਾਬ ਹੁੰਦਾ ਹੈ ਤਾਂ ਇਹ ਸਨ ਸ਼ਾਇਨ ਆਵਰ ਬਿਲਕੁਲ ਜ਼ੀਰੋ ਹੋ ਜਾਂਦਾ ਹੈ। ਇਸ ਲਈ ਸਰਦੀਆਂ 'ਚ ਜਦੋਂ ਸੂਰਜ ਨਿਕਲੇ ਤਾਂ ਧੁੱਪ ਲੈਣੀ ਬਹੁਤ ਜ਼ਰੂਰੀ ਹੈ।

**ਇਨ੍ਹਾਂ ਸਮੱਸਿਆਵਾਂ ਨਾਲ ਨਿਪਟਣ ਲਈ ਇਹ ਵੀ ਹਨ ਤਰੀਕੇ**

1. ਵਿਟਾਮਿਨ ਡੀ ਦੀਆਂ ਗੋਲੀਆਂ ਲਓ : ਜਦੋਂ ਤੁਸੀਂ ਧੁੱਪ 'ਚ ਨਹੀਂ ਜਾ ਸਕਦੇ ਹੋ, ਤਾਂ ਵਿਟਾਮਿਨ ਡੀ ਦੀਆਂ ਗੋਲ਼ੀਆਂ ਲੈਣਾ ਇਕ ਚੰਗਾ ਵਿਕਲਪ ਹੋ ਸਕਦਾ ਹੈ।
2. ਲਾਈਟ ਥੈਰੇਪੀ ਦਾ ਉਪਯੋਗ ਕਰੋ : ਲਾਈਟ ਥੈਰੇਪੀ ਇਕ ਪ੍ਰਕਾਰ ਦੀ ਚਿਕਿਤਸਾ ਹੈ। ਜਿਸ 'ਚ ਵਿਸ਼ੇਸ਼ ਰੂਪ 'ਚ ਡਿਜ਼ਾਈਨ ਕੀਤੇ ਗਏ ਪ੍ਰਕਾਸ਼ ਦਾ ਉਪਯੋਗ ਕਰਕੇ ਮੇਲਾਟੋਨਿਨ ਦੇ ਪੱਧਰ ਨੂੰ ਨਿਯੰਤਰਣ ਕੀਤਾ ਜਾ ਸਕਦਾ ਹੈ।
3. ਕਸਰਤ ਕਰੋ : ਕਸਰਤ ਕਰਨ ਨਾਲ ਹੈਪੀ ਹਾਰਮੋਨਸ ਦਾ ਪੱਧਰ ਵਧ ਸਕਦਾ ਹੈ, ਜੋ ਆਪਣੇ ਮੂਡ ਨੂੰ ਵਧੀਆ ਬਣਾ ਸਕਦਾ ਹੈ।

# ਭਾਰ ਘਟਾਉਣ ਤੋਂ ਲੈ ਕੇ ਹੱਡੀਆਂ ਮਜ਼ਬੂਤ ਬਣਾਉਣ ਤਕ ਫਾਇਦੇਮੰਦ ਨੇ ਅਲਸੀ ਦੇ ਲੱਡੂ

ਸਰਦੀਆਂ ਦੇ ਮੌਸਮ ਵਿਚ ਖ਼ੁਦ ਨੂੰ ਅੰਦਰੋਂ ਗਰਮ ਤੇ ਮਜ਼ਬੂਤ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ। ਇਸੇ ਲਈ ਸਾਡੀ ਦਾਦੀ-ਨਾਨੀ ਠੰਢ ਦਾ ਮੌਸਮ ਆਉਂਦਿਆਂ ਹੀ ਵੱਖ-ਵੱਖ ਤਰ੍ਹਾਂ ਦੇ ਲੱਡੂ ਬਣਾ ਲੈਂਦੀਆਂ ਸਨ, ਜੋ ਸਰੀਰ ਨੂੰ ਗਰਮੀ ਦੇਣ ਦੇ ਨਾਲ-ਨਾਲ ਸਿਹਤ ਨੂੰ ਵੀ ਤੰਦਰੁਸਤ ਰੱਖਦੇ ਹਨ।

ਅਲਸੀ ਤੇ ਮੇਥੀ ਪਾਊਡਰ ਦੇ ਬਣੇ ਇਹ ਲੱਡੂ ਬਹੁਤ ਹੀ ਸੁਆਦੀ ਅਤੇ ਪੌਸ਼ਟਿਕ ਹੁੰਦੇ ਹਨ। ਸਰਦੀਆਂ ਵਿਚ ਇਨ੍ਹਾਂ ਲੱਡੂਆਂ ਨੂੰ ਖਾਣ ਨਾਲ ਸਿਹਤ ਨੂੰ ਕਈ ਫਾਇਦੇ ਮਿਲਦੇ ਹਨ। ਜਾਣਦੇ ਹਾਂ ਇਨ੍ਹਾਂ ਲੱਡੂਆਂ ਨੂੰ ਬਣਾਉਣ ਦੀ ਵਿਧੀ ਤੇ ਇਨ੍ਹਾਂ ਦੇ ਫ਼ਾਇਦਿਆਂ ਬਾਰੇ।


**ਅਲਸੀ ਤੇ ਮੇਥੀ ਦੇ ਲੱਡੂ ਬਣਾਉਣ ਦੀ ਵਿਧੀ**

**ਸਮੱਗਰੀ**

- 1 ਕੱਪ ਕਣਕ ਦਾ ਆਟਾ।
- 1/2 ਕੱਪ ਅਲਸੀ ਦਾ ਪਾਊਡਰ।
- 1/4 ਕੱਪ ਮੇਥੀ ਦਾ ਪਾਊਡਰ।
- 1 ਕੱਪ ਗੁੜ (ਕੱਦੂਕਸ਼ ਕੀਤਾ ਹੋਇਆ)।
- 1/4 ਕੱਪ ਘਿ ।
- 1/2 ਕੱਪ ਸੁੱਕੇ ਮੇਵੇ (ਕਾਜੂ, ਬਦਾਮ, ਸੌਗੀ)।
- 1/2 ਚਮਚ ਇਲਾਇਚੀ ਪਾਊਡਰ।

**ਵਿਧੀ**

- ਇਕ ਪੈਨ ’ਚ ਘਿ ਗਰਮ ਕਰੋ ਤੇ ਇਸ ਵਿਚ ਸੁੱਕੇ ਮੇਵੇ ਨੂੰ ਹਲਕਾ ਪੀਲਾ ਹੋਣ ਤੱਕ ਭੁੰਨ ਲਵੋ।
- ਇਕ ਵੱਡੇ ਭਾਂਡੇ ਵਿਚ ਆਟਾ, ਅਲਸੀ ਦਾ ਪਾਊਡਰ, ਮੇਥੀ ਪਾਊਡਰ ਤੇ ਇਲਾਇਚੀ ਪਾਊਡਰ ਨੂੰ ਚੰਗੀ ਤਰ੍ਹਾਂ ਮਿਲਾ ।
- ਘੱਟ ਅੱਗ 'ਤੇ ਵੱਖਰੇ ਪੈਨ ’ਚ ਗੁੜ ਨੂੰ ਪਿਘਲਾ ਲ । ਧਿਆਨ ਰੱਖੋ ਕਿ ਗੁੜ ਜ਼ਿਆਦਾ ਗਾੜ੍ਹਾ ਨਾ ਹੋ ਜਾਵੇ।
- ਆਟੇ ਦੇ ਮਿਸ਼ਰਨ ਵਿਚ ਪਿਘਲਾ ਹੋਇਆ ਗੁੜ ਪਾ ਤੇ ਚੰਗੀ ਤਰ੍ਹਾਂ ਮਿਲਾ ।



- ਇਸ ਮਿਸ਼ਰਨ ਤੋਂ ਛੋਟੇ-ਛੋਟੇ ਲੱਡੂ ਬਣਾ ਲ ਤੇ ਸੁੱਕੇ ਮੇਵਿਆਂ ਨਾਲ ਮਿਲਾ ਲਵੋ।
- ਲੱਡੂਆਂ ਨੂੰ ਠੰਢਾ ਹੋਣ ਲਈ ਕੁਝ ਦੇਰ ਲਈ ਇਕ ਥਾਲੀ 'ਚ ਵੱਖ-ਵੱਖ ਕਰ ਕੇ ਰੱਖ ਦਿ ।
- ਇਸ ਤੋਂ ਬਾਅਦ ਇਨ੍ਹਾਂ ਨੂੰ ਸਟੀਲ ਦੇ ਏਅਰ ਟਾਈਟ ਕੰਟੇਨਰ ਵਿਚ ਸਟੋਰ ਕੀਤਾ ਜਾ ਸਕਦਾ ਹੈ।

**ਅਲਸੀ ਤੇ ਮੇਥੀ ਦੇ ਲੱਡੂ ਦੇ ਫ਼ਾਇਦੇ**

1- ਪਾਚਨ ਤੰਤਰ ਲਈ ਫਾਇਦੇਮੰਦ - ਅਲਸੀ ਤੇ ਮੇਥੀ ਪਾਚਨ ਤੰਤਰ ਨੂੰ ਮਜ਼ਬੂਤ ਬਣਾਉਣ 'ਚ ਮਦਦ ਕਰਦੀ ਹੈ। ਇਨ੍ਹਾਂ ਨਾਲ ਕਬਜ਼, ਐਸੀਡਿਟੀ ਅਤੇ ਗੈਸ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ।

2- ਦਿਲ ਦੀ ਸਿਹਤ- ਅਲਸੀ ਦੇ ਬੀਜਾਂ ਵਿਚ ਮੇਗਾ-3 ਫੈਟੀ ਐਸਿਡ ਹੁੰਦਾ ਹੈ, ਜੋ ਦਿਲ ਦੀ ਸਿਹਤ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਇਹ ਦਿਲ ਦੇ ਦੌਰੇ ਤੇ ਸਟ੍ਰੋਕ ਦੇ ਜੋਖਮ ਨੂੰ ਘਟਾਉਣ ਵਿਚ ਮਦਦ ਕਰਦੇ ਹਨ।

3- ਭਾਰ ਘਟਾਉਣ 'ਚ ਮਦਦਗਾਰ -ਅਲਸੀ ਤੇ ਮੇਥੀ ਦੋਵੇਂ ਹੀ ਫਾਈਬਰ ਨਾਲ ਭਰਪੂਰ ਹੁੰਦੇ ਹਨ, ਜੋ ਤੁਹਾਨੂੰ ਲੰਬੇ ਸਮੇਂ ਤਕ ਪੇਟ ਭਰਿਆ ਹੋਇਆ ਰੱਖਦੇ ਹਨ ਅਤੇ ਭਾਰ ਘਟਾਉਣ 'ਚ ਮਦਦ ਕਰਦੇ ਹਨ।

4- ਵਧਦਾ ਹੈ ਇਮਿਊਨ ਪਾਵਰ - ਮੇਥੀ 'ਚ ਐਂਟੀਆਕ-ਸੀਡੈਂਟ ਹੁੰਦੇ ਹਨ, ਜੋ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਨੂੰ ਵਧਾਉਂਦੇ ਹਨ।

5- ਚਮੜੀ ਲਈ ਫ਼ਾਇਦੇਮੰਦ- ਅਲਸੀ ਤੇ ਮੇਥੀ ਚਮੜੀ ਨੂੰ ਸਿਹਤਮੰਦ ਰੱਖਣ 'ਚ ਮਦਦ ਕਰਦੇ ਹਨ। ਇਹ ਚਮੜੀ ਨੂੰ ਨਰਮ ਅਤੇ ਚਮਕਦਾਰ ਬਣਾਉਂਦੇ ਹਨ।

6- ਹੱਡੀਆਂ ਨੂੰ ਕਰਦੇ ਹਨ ਮਜ਼ਬੂਤ - ਮੇਥੀ 'ਚ ਕੈਲਸ਼ੀਅਮ ਹੁੰਦਾ ਹੈ, ਜੋ ਹੱਡੀਆਂ ਨੂੰ ਮਜ਼ਬੂਤ ਬਣਾਉਣ 'ਚ ਮਦਦ ਕਰਦਾ ਹੈ।

7- ਵਧਦਾ ਹੈ ਊਰਜਾ ਦਾ ਪੱਧਰ - ਇਹ ਲੱਡੂ ਊਰਜਾ ਦਾ ਵਧੀਆ ਸਰੋਤ ਹਨ ਅਤੇ ਥਕਾਵਟ ਨੂੰ ਦੂਰ ਕਰਨ 'ਚ ਮਦਦ ਕਰਦੇ ਹਨ।

8- ਬਲੱਡ ਸ਼ੂਗਰ ਕੰਟਰੋਲ - ਅਲਸੀ ਤੇ ਮੇਥੀ ਬਲੱਡ ਸ਼ੂਗਰ ਲੈਵਲ ਨੂੰ ਕੰਟਰੋਲ ਕਰਨ 'ਚ ਮਦਦ ਕਰਦੇ ਹਨ। ਕੈਂਸਰ ਤੋਂ ਬਚਾਅ- ਅਲਸੀ 'ਚ ਲਿਗਨਾਨ ਹੁੰਦੇ ਹਨ, ਜੋ ਕੈਂਸਰ ਨਾਲ ਲੜਨ 'ਚ ਮਦਦ ਕਰਦੇ ਹਨ।

# ਤੁਹਾਡੇ ਗੁਰਦਿਆਂ ਲਈ ਵਰਦਾਨ ਨੇ ਇਹ 5 ਖੁਰਾਕੀ ਪਦਾਰਥ

ਇਹ ਕਿਹਾ ਜਾਂਦਾ ਹੈ ਕਿ ਦੁਸ਼ਮਣ ਨੂੰ ਵੀ ਗੁਰਦੇ ਨੂੰ ਨੁਕਸਾਨ ਪਹੁੰਚਾਉਣ ਵਾਲੀ ਬਿਮਾਰੀ ਤੋਂ ਪੀੜਤ ਨਹੀਂ ਹੋਣਾ ਚਾਹੀਦਾ। ਇਸ ਨੂੰ ਇੱਕ ਬਹੁਤ ਹੀ ਦਰਦਨਾਕ ਅਤੇ ਘਾਤਕ ਬਿਮਾਰੀ ਮੰਨਿਆ ਜਾਂਦਾ ਹੈ। ਗੁਰਦੇ ਦਾ ਨੁਕਸਾਨ ਇੱਕ ਗੰਭੀਰ ਮਾਮਲਾ ਹੈ। ਜ਼ਿਕਰਯੋਗ ਹੈ ਕਿ ਗੁਰਦੇ ਦੀ ਬਿਮਾਰੀ ਨੂੰ ਹਮੇਸ਼ਾ ਇੱਕ ਚੁੱਪ ਕਾਤਲ ਕਿਹਾ ਜਾਂਦਾ ਹੈ। ਕਿਉਂਕਿ ਇਸਦੇ ਲੱਛਣ ਸ਼ੁਰੂ ਵਿੱਚ ਮਨੁੱਖ ਨੂੰ ਦਿਖਾਈ ਨਹੀਂ ਦਿੰਦੇ। ਜਦੋਂ ਤੱਕ ਲੱਛਣ ਸਮਝ ਆਉਂਦੇ ਹਨ, ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਇਸ ਲਈ, ਗੁਰਦਿਆਂ ਦੇ ਖ਼ਰਾਬ ਹੋਣ ਤੋਂ ਪਹਿਲਾਂ ਉਨ੍ਹਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਇਸ ਦੇ ਲਈ, ਤੁਹਾਨੂੰ ਅਜਿਹੇ ਭੋਜਨ ਵੀ ਖਾਣੇ ਚਾਹੀਦੇ ਹਨ ਜੋ ਤੁਹਾਡੀ ਸਿਹਤ ਦੇ ਨਾਲ-ਨਾਲ ਤੁਹਾਡੇ ਗੁਰਦਿਆਂ ਦਾ ਵੀ ਧਿਆਨ ਰੱਖਦੇ ਹਨ। ਅੱਜ ਅਸੀਂ ਤੁਹਾਨੂੰ ਅਜਿਹੇ ਭੋਜਨਾਂ ਬਾਰੇ ਦੱਸਾਂਗੇ ਜੋ ਤੁਹਾਡੇ ਗੁਰਦਿਆਂ ਲਈ ਕਿਸੇ ਸੁਰੱਖਿਅਤ ਰੱਖਿਅਕ ਤੋਂ ਘੱਟ ਨਹੀਂ ਹਨ।

**ਚੁਕੰਦਰ ਖਾਓ–** ਐਂਟੀਆਕਸੀਡੈਂਟ ਅਤੇ ਨਾਈਟ੍ਰੇਟਸ ਨਾਲ ਭਰਪੂਰ ਚੁਕੰਦਰ (Beetroot) ਬਲੱਡ ਸ਼ੂਗਰ ਨੂੰ ਘਟਾਉਂਦਾ ਹੈ। ਚੁਕੰਦਰ ਤੁਹਾਡੇ ਸਰੀਰ ਅਤੇ ਗੁਰਦਿਆਂ ਨੂੰ ਡੀਟੌਕਸੀਫਾਈ ਕਰਨ ਵਿੱਚ ਮਦਦ ਕਰਦਾ ਹੈ। ਜੇਕਰ ਤੁਸੀਂ ਹਰ ਰੋਜ਼ ਚੁਕੰਦਰ ਨੂੰ ਟੁਕੜਿਆਂ ਵਿੱਚ ਕੱਟ ਕੇ ਸਲਾਦ ਜਾਂ ਸਬਜ਼ੀ ਦੇ ਰੂਪ ਵਿੱਚ ਖਾਂਦੇ ਹੋ ਤਾਂ ਇਹ ਤੁਹਾਡੇ ਗੁਰਦਿਆਂ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਇਹ ਤੁਹਾਡੇ ਖੂਨ ਦੇ ਪ੍ਰਵਾਹ ਨੂੰ ਵੀ ਠੀਕ ਰੱਖਦਾ ਹੈ।

**ਕਰੈਨਬੇਰੀਆਂ–** ਇਹ ਛੋਟਾ ਜਿਹਾ ਦਿਖਣ ਵਾਲਾ ਫਲ ਕਿਸੇ ਦਵਾਈ ਤੋਂ ਘੱਟ ਨਹੀਂ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਕਰੈਨਬੇਰੀ ਤੁਹਾਡੇ ਗੁਰਦਿਆਂ ਨੂੰ ਕਈ ਬੈਕਟੀਰੀਆ ਤੋਂ ਬਚਾਉਂਦੀ ਹੈ ਜੋ ਗੁਰਦਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਜਾਣਕਾਰੀ ਲਈ, ਤੁਹਾਨੂੰ ਦੱਸ ਦੇਈਏ ਕਿ ਇਹ ਫਲ ਐਂਟੀਆਕਸੀਡੈਂਟਸ ਨਾਲ ਵੀ ਭਰਪੂਰ ਹੁੰਦਾ ਹੈ ਜੋ ਆਕਸੀਡੇਟਿਵ ਨੁਕਸਾਨ ਨਾਲ ਲੜਦੇ ਹਨ। ਤੁਸੀਂ ਇਸਨੂੰ ਸਲਾਦ ਵਿੱਚ ਖਾ ਸਕਦੇ ਹੋ ਜਾਂ ਇਸਦਾ ਜੂਸ ਵੀ ਪੀ ਸਕਦੇ ਹੋ।

**ਸ਼ਕਰਕੰਦੀ–** ਇਹ ਫਲ ਵਿਟਾਮਿਨ ਏ, ਵਿਟਾਮਿਨ ਸੀ, ਫਾਈਬਰ ਅਤੇ ਪੋਟਾਸ਼ੀਅਮ ਨਾਲ ਭਰਪੂਰ ਹੁੰਦਾ ਹੈ। ਸ਼ਕਰਕੰਦੀ ਤੁਹਾਡੇ ਬਲੱਡ ਸ਼ੂਗਰ ਦੇ ਪੱਧਰ ਨੂੰ ਸੰਤੁਲਿਤ ਕਰਦੀ ਹੈ। ਇਹ ਤੁਹਾਡੇ ਖੂਨ ਦੇ ਪ੍ਰਵਾਹ ਲਈ ਵੀ ਇੱਕ ਵਧੀਆ ਫਲ ਹੈ। ਤੁਸੀਂ ਇਸਨੂੰ ਵਨ ਵਿੱਚ ਭੁੰਨ ਕੇ ਖਾ ਸਕਦੇ ਹੋ ਜਾਂ ਤੁਸੀਂ ਇਸਨੂੰ ਪਾਣੀ ਵਿੱਚ ਉਬਾਲ ਕੇ ਵੀ ਖਾ ਸਕਦੇ ਹੋ। ਸ਼ਕਰਕੰਦੀ ਦੀ ਖੀਰ ਵੀ ਬਹੁਤ ਫਾਇਦੇਮੰਦ ਹੁੰਦੀ ਹੈ।

**ਅਦਰਕ–** ਅਦਰਕ ਹਰ ਕਿਸੇ ਦੀ ਰਸੋਈ ਵਿੱਚ ਬਹੁਤ ਆਸਾਨੀ ਨਾਲ ਮਿਲ ਜਾਂਦਾ ਹੈ। ਜ਼ਿਕਰਯੋਗ ਹੈ ਕਿ ਅਦਰਕ ਸਾਡੀ ਰਸੋਈ ਵਿੱਚ ਇੱਕ ਅਜਿਹੀ ਕੀਮਤੀ ਚੀਜ਼ ਹੈ ਜੋ ਔਸ਼ਧੀ ਗੁਣਾਂ ਨਾਲ ਭਰਪੂਰ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਅਦਰਕ ਨਾ ਸਿਰਫ਼ ਬਿਮਾਰੀਆਂ ਤੋਂ ਬਚਾਉਂਦਾ ਹੈ ਬਲਕਿ ਤੁਹਾਡੇ ਗੁਰਦਿਆਂ ਨੂੰ ਵੀ ਮਜ਼ਬੂਤ ਬਣਾਉਂਦਾ ਹੈ। ਅਦਰਕ ਵਿੱਚ ਕੁਦਰਤੀ ਤੌਰ 'ਤੇ ਸ਼ੂਗਰ ਨੂੰ ਕੰਟਰੋਲ ਕਰਨ ਦੀ ਸਮਰੱਥਾ ਹੁੰਦੀ ਹੈ। ਅਦਰਕ ਦਾ ਨਿਯਮਤ ਸੇਵਨ ਸਰੀਰ ਵਿੱਚ ਇਨਸੁਲਿਨ ਦੀ ਕੁਸ਼ਲਤਾ ਨੂੰ ਬਿਹਤਰ ਬਣਾਉਂਦਾ ਹੈ।

**ਸਾਗ–** ਪਾਲਕ ਦੇ ਸਾਗ ਵਿੱਚ ਗੁਰਦਿਆਂ ਨੂੰ ਮਜ਼ਬੂਤ ਰੱਖਣ ਲਈ ਕਈ ਤਰ੍ਹਾਂ ਦੇ ਪੌਸ਼ਟਿਕ ਤੱਤ ਹੁੰਦੇ ਹਨ। ਜਿਵੇਂ ਕਿ ਵਿਟਾਮਿਨ ਏ, ਸੀ, ਕੇ, ਪੋਟਾਸ਼ੀਅਮ, ਮੈਂਗਨੀਜ਼, ਆਇਰਨ, ਫਲੇਵੋਨੋਇਡਜ਼ ਅਤੇ ਪੌਲੀਫੇਨੌਲ। ਡਾਕਟਰਾਂ ਦਾ ਕਹਿਣਾ ਹੈ ਕਿ ਸਾਗ ਖਾਣ ਨਾਲ ਰੋਗ ਪ੍ਰਤੀਰੋਧਕ ਸ਼ਕਤੀ ਵਧਦੀ ਹੈ ਅਤੇ ਸਰੀਰ ਕਈ ਬਿਮਾਰੀਆਂ ਤੋਂ ਸੁਰੱਖਿਅਤ ਰਹਿੰਦਾ ਹੈ।

ਸਾਗ ਵਿੱਚ ਮੌਜੂਦ ਫਾਈਬਰ ਪਾਚਨ ਸ਼ਕਤੀ ਨੂੰ ਸਿਹਤਮੰਦ ਰੱਖਦਾ ਹੈ, ਜਿਸ ਨਾਲ ਗੁਰਦਿਆਂ ਦੀ ਸਿਹਤ ਵਿੱਚ ਸੁਧਾਰ ਹੁੰਦਾ ਹੈ।

# ਆਪਸ ’ਚ ਉਲਝਿਆ ਮੋਦੀ ਵਿਰੋਧੀ ਗੱਠਜੋੜ

ਦਿੱਲੀ ਵਿਚ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਜਦ ਆਮ ਆਦਮੀ ਪਾਰਟੀ (ਆਪ) ਨੇ ਇਹ ਸਪਸ਼ਟ ਕੀਤਾ ਕਿ ਉਹ ਆਪਣੇ ਬਲਬੂਤੇ ਚੋਣ ਲੜੇਗੀ ਤਾਂ ਆਈ ਐੱਨ ਡੀ ਆਈ ਏ ਦੀ ਖਿੱਚੋਤਾਣ ਫਿਰ ਤੋਂ ਸਿਰ ਚੁੱਕਦੀ ਨਜ਼ਰ ਆਉਣ ਲੱਗੀ ਸੀ। ‘ਆਪ’ ਦੇ ਜਵਾਬ ਵਿਚ ਜਦ ਕਾਂਗਰਸ ਦੇ ਨੇਤਾਵਾਂ ਨੇ ਅਰਵਿੰਦ ਕੇਜਰੀਵਾਲ ’ਤੇ ਗੰਭੀਰ ਦੋਸ਼ ਲਗਾਉਣੇ ਸ਼ੁਰੂ ਕੀਤੇ ਤਾਂ ਇਹ ਖਿੱਚੋਤਾਣ ਸਿਖਰ ’ਤੇ ਪੁੱਜਦੀ ਦਿਸੀ।

ਹੁਣ ਤਾਂ ਦੋਵੇਂ ਪਾਰਟੀਆਂ ਇਕ-ਦੂਜੀ ਦੇ ਸਾਹਮਣੇ ਹਨ ਪਰ ਇਹ ਸਾਫ਼ ਦਿਸ ਰਿਹਾ ਹੈ ਕਿ ਜਿੱਥੇ ਕੇਜਰੀਵਾਲ ਕਾਂਗਰਸ ’ਤੇ ਜ਼ੋਰ-ਸ਼ੋਰ ਨਾਲ ਹਮਲਾਵਰ ਹਨ, ਓਥੇ ਹੀ ਰਾਹੁਲ ਗਾਂਧੀ ਤੋਂ ਲੈ ਕੇ ਮੱਲਿਕਾਰਜੁਨ ਖੜਗੇ ਤੱਕ ਕਾਂਗਰਸ ਦੇ ਵੱਡੇ ਨੇਤਾ ਉਨ੍ਹਾਂ ਨੂੰ ਸਿੱਧਾ ਜਵਾਬ ਦੇਣ ਤੋਂ ਗੁਰੇਜ਼ ਕਰ ਰਹੇ ਹਨ। ਕੀ ਇਸ ਦਾ ਕਾਰਨ ਗੱਠਜੋੜ ਨੂੰ ਖਿੰਡਣ-ਪੁੰਡਣ ਤੋਂ ਬਚਾਉਣਾ ਹੈ?



ਕਾਰਨ ਜੋ ਵੀ ਹੋਵੇ, ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਆਈਐੱਨਡੀਆਈਏ ਵਿਚ ਸ਼ਾਮਲ ‘ਆਪ’ ਕੌਮੀ ਪਾਰਟੀ ਹੈ। ਉਸ ਦੀ ਦਿੱਲੀ ਦੇ ਨਾਲ-ਨਾਲ ਪੰਜਾਬ ਵਿਚ ਵੀ ਸਰਕਾਰ ਹੈ। ਇਹ ਵੀ ਇਕ ਤੱਥ ਹੈ ਕਿ ‘ਆਪ’ ਦੇ ਮੁਖੀ ਕੇਜਰੀਵਾਲ ਪ੍ਰਧਾਨ ਮੰਤਰੀ ਬਣਨ ਦੀ ਇੱਛਾ ਰੱਖਦੇ ਹਨ। ਉਹ ਆਪਣੇ ਵਿਰੋਧੀਆਂ ਨੂੰ ਜਵਾਬ ਦੇਣ ਅਤੇ ਉਨ੍ਹਾਂ ’ਤੇ ਪਲਟਵਾਰ ਕਰਨ ਵਿਚ ਮੁਹਾਰਤ ਰੱਖਦੇ ਹਨ। ਉਹ ਵਿਰੋਧੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਲਈ ਨਵੇਂ-ਨਵੇਂ ਮੁੱਦੇ ਲੈ ਕੇ ਸਾਹਮਣੇ ਆਉਂਦੇ ਹਨ ਅਤੇ ਜ਼ਰੂਰਤ ਦੇ ਹਿਸਾਬ ਨਾਲ ਆਪਣੀ ਰਣਨੀਤੀ ਵੀ ਬਦਲ ਲੈਂਦੇ ਹਨ। ਇਸ ਕਾਰਨ ਉਨ੍ਹਾਂ ਨੇ ਆਪਣਾ ਅਕਸ ਇਕ ਚਤਰ-ਚਲਾਕ ਸਿਆਸਤਦਾਨ ਵਾਲਾ ਬਣਾ ਲਿਆ ਹੈ। ਉਹ ਇਸ ਕੋਸ਼ਿਸ਼ ਵਿਚ ਵੀ ਦਿਸਦੇ ਹਨ ਕਿ ਉਹੀ ਭਾਜਪਾ ਨੂੰ ਬਿਹਤਰ ਤਰੀਕੇ ਨਾਲ ਚੁਣੌਤੀ ਦੇਣ ਦੇ ਸਮਰੱਥ ਹਨ।

ਇਸ ਦੇ ਉਲਟ ਆਈਐੱਨਡੀਆਈਏ ਵੱਲੋਂ ਪੀਐੱਮ ਅਹੁਦੇ ਦੇ ਤਕੜੇ ਦਾਅਵੇਦਾਰ ਮੰਨੇ ਜਾਣ ਵਾਲੇ ਰਾਹੁਲ ਗਾਂਧੀ ਘਿਸੀ-ਪਿਟੀ ਰਾਜਨੀਤੀ ਕਰਦੇ ਦਿਖਾਈ ਦਿੰਦੇ ਹਨ। ਸ਼ਾਇਦ ਇਸੇ ਕਾਰਨ ਗੱਠਜੋੜ ਵਿਚ ਸ਼ਾਮਲ ਹੋਰ ਪਾਰਟੀਆਂ ਦੇ ਨੇਤਾ ਉਨ੍ਹਾਂ ਦੀ ਅਗਵਾਈ ਨੂੰ ਚੁਣੌਤੀ ਦਿੰਦੇ ਰਹਿੰਦੇ ਹਨ। ਇਹ ਧਿਆਨ ਰਹੇ ਕਿ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਗੱਠਜੋੜ ਦੀ ਅਗਵਾਈ ਕਰਨ ਲਈ ਆਪਣੀ ਦਾਅਵੇਦਾਰੀ ਪੇਸ਼ ਕਰ ਚੁੱਕੀ ਹੈ। ਉਨ੍ਹਾਂ ਦੀ ਇਸ ਦਾਅਵੇਦਾਰੀ ਦਾ ਸਮਰਥਨ ਲਾਲੂ ਯਾਦਵ ਨੇ ਕਰ ਦਿੱਤਾ ਸੀ। ਆਈਐੱਨਡੀਆਈਏ ਵਿਚ ਸ਼ਾਮਲ ਹੋਰ ਪਾਰਟੀਆਂ ਦੇ ਨੇਤਾਵਾਂ ਨੇ ਵੀ ਮਮਤਾ ਨੂੰ ਗੱਠਜੋੜ ਦਾ ਢੁੱਕਵਾਂ ਨੇਤਾ ਦੱਸ ਕੇ ਕਾਂਗਰਸ ਦੀ ਸਮੱਸਿਆ ਵਧਾ ਦਿੱਤੀ ਸੀ। ਇਸੇ ਸਿਲਸਿਲੇ ਵਿਚ ਸਮਾਜਵਾਦੀ ਪਾਰਟੀ ਦੇ ਨੇਤਾ ਰਾਮ ਗੋਪਾਲ ਯਾਦਵ ਨੇ ਇਹ ਕਿਹਾ ਸੀ ਕਿ ਗੱਠਜੋੜ ਦੇ ਨੇਤਾ ਰਾਹੁਲ ਗਾਂਧੀ ਨਹੀਂ ਹਨ। ਜਦ ਦਿੱਲੀ ਵਿਚ ‘ਆਪ’ ਤੇ ਕਾਂਗਰਸ ਵਿਚਾਲੇ ਤਕਰਾਰ ਨੂੰ ਲੈ ਕੇ ਤੇਜਸਵੀ ਯਾਦਵ ਅਤੇ ਕਾਂਗਰਸ ਦੇ ਕੁਝ ਨੇਤਾਵਾਂ ਨੇ ਇਹ ਕਿਹਾ ਕਿ ਆਈ ਐੱਨ ਡੀ ਆਈ ਏ ਸਿਰਫ਼ ਲੋਕ ਸਭਾ ਚੋਣਾਂ ਲਈ ਸੀ ਤਾਂ ਉਮਰ ਅਬਦੁੱਲਾ ਨੇ ਕਿਹਾ ਕਿ ਜੇ ਅਜਿਹਾ ਹੈ ਤਾਂ ਗੱਠਜੋੜ ਨੂੰ ਭੰਗ ਕਰ ਦੇਣਾ ਚਾਹੀਦਾ ਹੈ।

ਉਨ੍ਹਾਂ ਨੇ ਇਹ ਵੀ ਸ਼ਿਕਾਇਤ ਕੀਤੀ ਕਿ ਗੱਠਜੋੜ ਵਿਚ ਨਾ ਤਾਂ ਅਗਵਾਈ ਨੂੰ ਲੈ ਕੇ ਸਪਸ਼ਟਤਾ ਹੈ ਅਤੇ ਨਾ ਹੀ ਨੀਤੀ ਨੂੰ ਲੈ ਕੇ। ਉਨ੍ਹਾਂ ਨੇ ਗੱਠਜੋੜ ਦਾ ਕੋਈ ਘੱਟੋ-ਘੱਟ ਸਾਂਝਾ ਪ੍ਰੋਗਰਾਮ ਨਾ ਹੋਣ ਦੀ ਵੀ ਗੱਲ ਆਖੀ। ਉਨ੍ਹਾਂ ਦੀਆਂ ਗੱਲਾਂ ਨਾਲ ਅਸਹਿਮਤ ਨਹੀਂ ਹੋਇਆ ਜਾ ਸਕਦਾ। ਜਦ ਆਈਐੱਨਡੀਆਈਏ ਦਾ ਗਠਨ ਹੋਇਆ ਸੀ ਤਾਂ ਉਸ ਦਾ ਟੀਚਾ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਹਰਾਉਣਾ ਸੀ। ਇਸ ਇਕਮਾਤਰ ਟੀਚੇ ਤੋਂ ਇਲਾਵਾ ਉਸ ਕੋਲ ਕੋਈ ਸਪਸ਼ਟ ਦ੍ਰਿਸ਼ਟੀਕੋਣ ਅਤੇ ਇੱਥੋਂ ਤੱਕ ਕਿ ਬਦਲਵਾਂ ਏਜੰਡਾ ਵੀ ਨਹੀਂ ਸੀ। ਇਹ ਵੀ ਇਕ ਤੱਥ ਹੈ ਕਿ ਆਈਐੱਨਡੀਆਈਏ ਪੰਜਾਬ, ਕੇਰਲ ਅਤੇ ਬੰਗਾਲ ਵਿਚ ਮਿਲ ਕੇ ਚੋਣਾਂ ਨਹੀਂ ਲੜ ਸਕਿਆ ਸੀ। ਲੋਕ ਸਭਾ ਚੋਣਾਂ ਤੋਂ ਬਾਅਦ ਝਾਰਖੰਡ ਅਤੇ ਮਹਾਰਾਸ਼ਟਰ ਵਿਚ ਤਾਂ ਗੱਠਜੋੜ ਵਿਚ ਸ਼ਾਮਲ ਪਾਰਟੀਆਂ ਨੇ ਮਿਲ ਕੇ ਚੋਣ ਲੜੀ ਪਰ ਹਰਿਆਣਾ ਵਿਚ ਉਹ ਅਜਿਹਾ ਨਹੀਂ ਕਰ ਸਕੀਆਂ। ਖ਼ਾਸ ਗੱਲ ਇਹ ਹੈ ਕਿ ਗੱਠਜੋੜ ਦੀਆਂ ਕੁਝ ਪਾਰਟੀਆਂ ਖ਼ਾਸ ਤੌਰ ’ਤੇ ਸਮਾਜਵਾਦੀ ਪਾਰਟੀ (ਸਪਾ) ਅਤੇ ਤ੍ਰਿਣਮੂਲ ਕਾਂਗਰਸ (ਟੀਐੱਮਸੀ) ਦਿੱਲੀ ਵਿਚ ‘ਆਪ’ ਦਾ ਸਾਥ ਦੇਣ ਦੀ ਗੱਲ ਕਹਿ ਰਹੀਆਂ ਹਨ।

ਕਾਂਗਰਸ ਦਿੱਲੀ ਵਿਚ ਕਿਉਂਕਿ ਲੰਬੇ ਸਮੇਂ ਤੱਕ ਸੱਤਾ ਵਿਚ ਰਹਿ ਚੁੱਕੀ ਹੈ, ਇਸ ਲਈ ਇਹ ਸੁਭਾਵਕ ਹੈ ਕਿ ਉਹ ਇੱਥੇ ਪੂਰੀ ਤਾਕਤ ਨਾਲ ਚੋਣ ਲੜਨੀ ਚਾਹ ਰਹੀ ਹੈ। ਉਸ ਨੂੰ ਉਮੀਦ ਹੈ ਕਿ ਉਹ ਜੇ ਜ਼ੋਰ ਲਾ ਕੇ ਚੋਣ ਲੜੇ ਤਾਂ ਚੰਗੀ ਕਾਰਗੁਜ਼ਾਰੀ ਦਿਖਾ ਸਕਦੀ ਹੈ। ਜੇ ਕਾਂਗਰਸ ਕੁਝ ਚੰਗਾ ਪ੍ਰਦਰਸ਼ਨ ਕਰਨ ਵਿਚ ਕਾਮਯਾਬ ਹੋ ਜਾਂਦੀ ਹੈ ਤਾਂ ਇਸ ਦਾ ਨੁਕਸਾਨ ਆਮ ਆਦਮੀ ਪਾਰਟੀ ਨੂੰ ਹੀ ਹੋਵੇਗਾ ਤੇ ਸਿੱਧਾ ਫ਼ਾਇਦਾ ਭਾਜਪਾ ਨੂੰ ਮਿਲੇਗਾ। ਇਹੀ ਵਜ੍ਹਾ ਹੈ ਕਿ ਆਮ ਆਦਮੀ ਪਾਰਟੀ ਕਾਂਗਰਸ ’ਤੇ ਹਮਲਾਵਰ ਹੈ। ਇਸੇ ਕਾਰਨ ‘ਆਪ’ ਤੇ ਕਾਂਗਰਸ ਦੇ ਨੇਤਾ ਇਕ-ਦੂਜੇ ’ਤੇ ਕਈ ਤਰ੍ਹਾਂ ਦੇ ਇਲਜ਼ਾਮ ਲਗਾਈ ਜਾ ਰਹੇ ਹਨ। ‘ਆਪ’ ਵੀ ਦਿੱਲੀ ਨੂੰ ਆਪਣਾ ਗੜ੍ਹ ਮੰਨ ਕੇ ਆਪਣੀ ਸਿਆਸੀ ਜ਼ਮੀਨ ਛੱਡਣ ਵਾਸਤੇ ਤਿਆਰ ਨਹੀਂ ਹੈ। ਉਸ ਨੂੰ ਲੱਗਦਾ ਹੈ ਕਿ ਜੇ ਭਾਜਪਾ ਨੂੰ ਹਰਾਉਣਾ ਹੈ ਤਾਂ ਕਾਂਗਰਸ ਨੂੰ ਖੁੱਡੇ ਲਾਉਣਾ ਹੀ ਹੋਵੇਗਾ। ਕੁਝ ਵੀ ਹੋਵੇ, ਦੋਵਾਂ ਪਾਰਟੀਆਂ ਵਿਚਾਲੇ ਜਿਹੋ ਜਿਹੀ ਤਕਰਾਰ ਹੁਣ ਹੋ ਰਹੀ ਹੈ, ਉਹ ਆਈਐੱਨਡੀਆਈਏ ਗੱਠਜੋੜ ਦੀ ਇਕਜੁੱਟਤਾ ਅਤੇ ਉਸ ਦੇ ਭਵਿੱਖ ਲਈ ਠੀਕ ਨਹੀਂ ਹੈ।

ਇਹ ਸੰਭਵ ਹੈ ਕਿ ਆਈਐੱਨਡੀਆਈਏ ਵਿਚ ਸ਼ਾਮਲ ਪਾਰਟੀਆਂ ਅਗਲੀਆਂ ਲੋਕ ਸਭਾ ਚੋਣਾਂ ਮਿਲ ਕੇ ਲੜਨੀਆਂ ਪਸੰਦ ਕਰਨ ਪਰ ਜੇ ਉਹ ਆਪਸ ਵਿਚ ਝਗੜਦੀਆਂ ਰਹੀਆਂ ਤਾਂ ਨਾ ਤਾਂ ਜਨਤਾ ਨੂੰ ਸਹੀ ਸੰਦੇਸ਼ ਜਾਵੇਗਾ ਤੇ ਨਾ ਹੀ ਇਹ ਗੱਠਜੋੜ ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਐੱਨਡੀਏ ਦਾ ਬਦਲ ਬਣ ਸਕੇਗਾ। ਪਿਛਲੀ ਚੋਣ ਵਿਚ ਆਈਐੱਨਡੀਆਈਏ ਨੇ ਭਾਜਪਾ ਨੂੰ ਬਹੁਮਤ ਨਹੀਂ ਹਾਸਲ ਹੋਣ ਦਿੱਤਾ ਸੀ ਪਰ ਉਹ ਨਾ ਤਾਂ ਉਦੋਂ ਐੱਨਡੀਏ ਦਾ ਬਦਲ ਬਣਦਾ ਦਿਸ ਰਿਹਾ ਸੀ ਅਤੇ ਨਾ ਹੀ ਹੁਣ।

ਆਈਐੱਨਡੀਆਈਏ ਦੀ ਸਮੱਸਿਆ ਇਹ ਹੈ ਕਿ ਉਸ ਦੀਆਂ ਜ਼ਿਆਦਾਤਰ ਪਾਰਟੀਆਂ ਦਾ ਵੋਟ ਬੈਂਕ ਕਾਂਗਰਸ ਤੋਂ ਖਿਸਕ ਕੇ ਆਇਆ ਹੈ। ਕਾਂਗਰਸ ਇਹ ਜਾਣਦੀ ਹੈ ਕਿ ਜੇ ਉਸ ਨੇ ਆਈਐੱਨਡੀਆਈਏ ਨੂੰ ਸਮਰੱਥ ਅਗਵਾਈ ਦੇਣੀ ਹੈ ਤਾਂ ਉਸ ਨੂੰ ਆਪਣੀ ਸਿਆਸੀ ਪੈਂਠ ਮਜ਼ਬੂਤ ਕਰਨੀ ਹੋਵੇਗੀ। ਕਾਂਗਰਸ ਇਹ ਕੰਮ ਨਹੀਂ ਕਰ ਪਾ ਰਹੀ ਹੈ। ਉਸ ਦਾ ਸੰਗਠਨਾਤਮਕ ਢਾਂਚਾ ਹੁਣ ਵੀ ਬਹੁਤ ਕਮਜ਼ੋਰ ਹੈ। ਕਾਂਗਰਸ ਕੋਲ ਭਾਜਪਾ ਤੋਂ ਬਾਅਦ ਸਭ ਤੋਂ ਵੱਡਾ ਵੋਟ ਬੈਂਕ ਜ਼ਰੂਰ ਹੈ ਅਤੇ ਉਹੀ ਭਾਜਪਾ ਦਾ ਬਦਲ ਵੀ ਬਣ ਸਕਦੀ ਹੈ ਪਰ ਬੀਤੀਆਂ ਤਿੰਨ ਲੋਕ ਸਭਾ ਚੋਣਾਂ ਵਿਚ ਉਸ ਦੀ ਕਾਰਗੁਜ਼ਾਰੀ ਬਹੁਤ ਕਮਜ਼ੋਰ ਰਹੀ ਹੈ।

ਕਾਂਗਰਸ ਦੀ ਕਠਿਨਾਈ ਇਹ ਹੈ ਕਿ ਜੇ ਉਹ ਵਿਧਾਨ ਸਭਾ ਚੋਣਾਂ ਜ਼ਰੀਏ ਆਪਣੀ ਖੁੱਸੀ ਹੋਈ ਸਿਆਸੀ ਜ਼ਮੀਨ ਹਾਸਲ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਉਸ ਦੀਆਂ ਸਹਿਯੋਗੀ ਪਾਰਟੀਆਂ ਨੂੰ ਇਹ ਕੋਸ਼ਿਸ਼ ਰਾਸ ਨਹੀਂ ਆਉਂਦੀ। ਜੇ ਇਹ ਸਥਿਤੀ ਕਾਇਮ ਰਹੀ ਤਾਂ ਆਈਐੱਨਡੀਆਈਏ ਜਾਂ ਹੋਰ ਕੋਈ ਗੱਠਜੋੜ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਨੂੰ ਕਦੇ ਵੀ ਚੁਣੌਤੀ ਨਹੀਂ ਦੇ ਸਕੇਗਾ। ਕਿਸੇ ਵੀ ਲੋਕਤੰਤਰ ਵਿਚ ਮਜ਼ਬੂਤ ਸੱਤਾ ਧਿਰ ਦੇ ਨਾਲ ਹੀ ਮਜ਼ਬੂਤ ਵਿਰੋਧੀ ਧਿਰ ਵੀ ਹੋਣੀ ਚਾਹੀਦੀ ਹੈ।

ਇਹੀ ਨਹੀਂ, ਅਜਿਹੀ ਵਿਰੋਧੀ ਧਿਰ ਕੋਲ ਆਪਣਾ ਕੋਈ ਠੋਸ ਏਜੰਡਾ ਵੀ ਹੋਣਾ ਚਾਹੀਦਾ ਹੈ ਜੋ ਜਨਤਾ ਨੂੰ ਆਕਰਸ਼ਿਤ ਕਰ ਸਕੇ। ਇਹ ਠੀਕ ਹੈ ਕਿ ਕਾਂਗਰਸ ਦੀਆਂ ਅਨੇਕ ਸਹਿਯੋਗੀ ਪਾਰਟੀਆਂ ਆਪੋ-ਆਪਣੇ ਸੂਬਿਆਂ ਵਿਚ ਭਾਜਪਾ ਨੂੰ ਟੱਕਰ ਦੇਣ ਵਿਚ ਸਮਰੱਥ ਹਨ ਜਿਵੇਂ ਕਿ ਉੱਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ, ਬੰਗਾਲ ਵਿਚ ਤ੍ਰਿਣਮੂਲ ਕਾਂਗਰਸ, ਤਾਮਿਲਨਾਡੂ ਵਿਚ ਡੀਐੱਮਕੇ, ਕੇਰਲ ਵਿਚ ਮਾਕਪਾ ਆਦਿ ਪਰ ਉਨ੍ਹਾਂ ਦੀ ਖੇਤਰੀ ਪੱਧਰ ’ਤੇ ਹੀ ਪਕੜ ਹੈ। ਉਹ ਕੌਮੀ ਪੱਧਰ ’ਤੇ ਇਸ ਲਈ ਉੱਭਰਨ ਵਿਚ ਕਾਮਯਾਬ ਨਹੀਂ ਹੋ ਰਹੀਆਂ ਹਨ ਕਿਉਂਕਿ ਉਨ੍ਹਾਂ ਕੋਲ ਅਜਿਹਾ ਕੌਮੀ ਏਜੰਡਾ ਨਹੀਂ ਹੈ ਜੋ ਭਾਜਪਾ ਦੇ ਏਜੰਡੇ ਦਾ ਬਦਲ ਬਣ ਸਕਦਾ ਹੋਵੇ। ਬਿਹਤਰ ਹੋਵੇਗਾ ਕਿ ਆਈਐੱਨਡੀਆਈਏ ਵਿਚ ਸ਼ਾਮਲ ਪਾਰਟੀਆਂ ਕੋਈ ਅਜਿਹਾ ਰਸਤਾ ਕੱਢਣ ਜੋ ਦੇਸ਼ ਦੇ ਲੋਕਤੰਤਰ ਨੂੰ ਵਿਚਾਰਧਾਰਕ ਪੱਧਰ ’ਤੇ ਮਜ਼ਬੂਤੀ ਪ੍ਰਦਾਨ ਕਰ ਸਕੇ ਅਤੇ ਲੋਕਾਂ ਦਾ ਸਿਆਸਤ ਤੇ ਸਿਆਸਤਦਾਨਾਂ ’ਤੇ ਭਰੋਸਾ ਨਾ ਤਿੜਕੇ। ਇਸ ਗੱਠਜੋੜ ਵਿਚ ਸ਼ਾਮਲ ਪਾਰਟੀਆਂ ਨੂੰ ਆਪਣੀ ਰਾਜਨੀਤਕ ਤਾਕਤ ਦੇ ਨਾਲ ਹੀ ਕਾਂਗਰਸ ਦੀ ਸਿਆਸੀ ਤਾਕਤ ਦੀ ਵੀ ਚਿੰਤਾ ਕਰਨੀ ਹੋਵੇਗੀ।

## ਸਿੱਖ ਕੈਦੀਆਂ ਦੀ ਰਿਹਾਈ ਲਈ ਸਾਲਾਂ ਲੰਬਾ ਸੰਘਰਸ਼ ਕਰਨ ਵਾਲੇ ਸੂਰਤ ਸਿੰਘ ਖ਼ਾਲਸਾ ਦਾ ਦੇਹਾਂਤ

ਸਿੱਖ ਕਾਰਕੁਨ ਸੂਰਤ ਸਿੰਘ ਖ਼ਾਲਸਾ ਦਾ ਅਮਰੀਕਾ ਵਿੱਚ ਕੁਝ ਦਿਨ ਪਹਿਲਾਂ ਦੇਹਾਂਤ ਹੋ ਗਿਆ ਹੈ। ਸੂਰਤ ਸਿੰਘ ਖਾਲਸਾ ਨੇ ਆਪਣੀ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਲੰਬਾ ਸਮਾਂ ਸੰਘਰਸ਼ ਕੀਤਾ ਸੀ। ਉਨ੍ਹਾਂ ਨੇ 16 ਜਨਵਰੀ, 2015 ਤੋਂ 14 ਜਨਵਰੀ 2023 ਤੱਕ ਸਿੱਖ ਕੈਦੀਆਂ ਦੀ ਰਿਹਾਈ ਲਈ ਭੁੱਖ ਹੜਤਾਲ ਕੀਤੀ ਸੀ। ਉਦੋਂ ਤੋਂ ਹੀ ਉਨ੍ਹਾਂ ਦੀ ਪਛਾਣ ‘ਬਾਪੂ ਸੂਰਤ ਸਿੰਘ ਖਾਲਸਾ’ ਬਣ ਗਈ ਸੀ। 91 ਸਾਲਾ ਸੂਰਤ ਸਿੰਘ ਖ਼ਾਲਸਾ ਕੁਝ ਮਹੀਨੇ ਪਹਿਲਾਂ ਹੀ ਆਪਣੇ ਪਰਿਵਾਰ ਕੋਲ ਅਮਰੀਕਾ ਗਏ ਸਨ। ਲੁਧਿਆਣਾ ਦੇ ਹਸਨਪੁਰ ਪਿੰਡ ਦੇ ਰਹਿਣ ਵਾਲੇ ਸੂਰਤ ਸਿੰਘ ਖ਼ਾਲਸਾ ਇੱਕ



ਸਰਕਾਰੀ ਅਧਿਆਪਕ ਸਨ। ਪਰ ਸਾਲ 1984 ਵਿੱਚ ਆਪ੍ਰੇਸ਼ਨ ਬਲੂ ਸਟਾਰ ਦੇ ਵਿਰੋਧ ਵਿੱਚ ਉਨ੍ਹਾਂ ਨੇ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਹ ਲੰਮੇ ਸਮੇਂ ਤੋਂ ਸਿੱਖ ਮੁੱਦਿਆਂ ਨੂੰ ਲੈ ਕੇ ਆਵਾਜ਼ ਚੁੱਕਦੇ ਰਹੇ ਹਨ।

ਸੂਰਤ ਸਿੰਘ ਖ਼ਾਲਸਾ ਦੇ ਕਰੀਬੀ ਅਤੇ ਸੰਘਰਸ਼ ਦੌਰਾਨ ਉਨ੍ਹਾਂ ਦੇ ਸਾਥੀ ਰਹੇ ਗੁਰਦੀਪ ਸਿੰਘ ਬਠਿੰਡਾ ਨੇ ਦੱਸਿਆ ਕਿ ਖ਼ਾਲਸਾ 1970 ਦੇ ਦਹਾਕੇ ਤੋਂ ਹੀ ਮਨੁੱਖੀ ਅਧਿਕਾਰਾਂ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਂਦੇ ਰਹੇ ਹਨ। ਉਨ੍ਹਾਂ ਨੇ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪਿਤਾ ਜੋਗਿੰਦਰ ਸਿੰਘ ਰੋਡੇ ਦੀ ਅਗਵਾਈ ਹੇਠ ਯੂਨਾਈਟਿਡ ਅਕਾਲੀ ਦਲ ਦੇ ਸਕੱਤਰ ਵਜੋਂ ਵੀ ਸੇਵਾਵਾਂ ਨਿਭਾਈਆਂ ਸਨ। ਉਹ 1987 ਤੱਕ ਯੂਨਾਈਟਿਡ ਅਕਾਲੀ ਦਲ ਦੇ ਸਰਗਰਮ ਮੈਂਬਰ ਰਹੇ ਸਨ। ਉਹ ਆਪਣੇ ਜੀਵਨ ਦੌਰਾਨ ਵੱਖ-ਵੱਖ ਮੁੱਦਿਆਂ 'ਤੇ ਵਿਰੋਧ ਪ੍ਰਦਰਸ਼ਨ ਕਰਨ ਲਈ ਪੰਜਾਬ ਦੇ ਨਾਭਾ, ਪਟਿਆਲਾ ਅਤੇ ਅੰਮ੍ਰਿਤਸਰ, ਹਰਿਆਣਾ ਦੇ ਰੋਹਤਕ ਅਤੇ ਅੰਬਾਲਾ ਅਤੇ ਚੰਡੀਗੜ੍ਹ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਨਜ਼ਰਬੰਦ ਵੀ ਰਹੇ।ਗੁਰਦੀਪ ਸਿੰਘ ਦੱਸਦੇ ਹਨ ਕਿ ਸਾਲ 1986 ਵਿੱਚ ਪੰਜਾਬ ਵਿਧਾਨ ਸਭਾ ਦੇ ਬਾਹਰ ਵਿਰੋਧ ਪ੍ਰਦਰਸ਼ਨ ਕਰ ਰਹੇ ਸੂਰਤ ਸਿੰਘ ਖਾਲਸਾ ਦੀ ਲੱਤ 'ਤੇ ਗੋਲੀ ਵੀ ਲੱਗੀ ਸੀ। ਸੂਰਤ ਸਿੰਘ ਖਾਲਸਾ ਨੇ ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਵਿਰੁੱਧੀ ਅੰਦੋਲਨ ਨੂੰ ਸਮਰਥਨ ਦੇਣ ਲਈ ਆਪਣੇ ਪਿੰਡ ਵਿੱਚ ਪੰਜ ਦਿਨਾਂ ਦੀ ਭੁੱਖ ਹੜਤਾਲ ਵੀ ਕੀਤੀ ਸੀ।

### ਭੁੱਖ ਹੜਤਾਲ ਦੌਰਾਨ ਕੀ-ਕੀ ਵਾਪਰਿਆ

ਬਾਪੂ ਸੂਰਤ ਸਿੰਘ ਖਾਲਸਾ ਨੇ 16 ਜਨਵਰੀ, 2015 ਨੂੰ ਆਪਣੇ ਪਿੰਡ ਹਸਨਪੁਰ ਵਿਖੇ ਭੁੱਖ ਹੜਤਾਲ ਸ਼ੁਰੂ ਕੀਤੀ ਸੀ। ਉਨ੍ਹਾਂ ਨੇ ਇਹ ਭੁੱਖ ਹੜਤਾਲ ਆਪਣੀ ਸਜ਼ਾ ਮੁਕੰਮਲ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਸ਼ੁਰੂ ਕੀਤੀ ਸੀ। ਭੁੱਖ ਹੜਤਾਲ ਦੌਰਾਨ ਸਰਕਾਰ ਵੱਲੋਂ ਉਨ੍ਹਾਂ ਨੂੰ ਲੁਧਿਆਣਾ ਦੇ ਡੀਐੱਮਸੀ, ਸਿਵਲ ਹਸਪਤਾਲ ਅਤੇ ਪੀਜੀਆਈ ਵਿੱਚ ਭਰਤੀ ਕਰਵਾਇਆ ਜਾਂਦਾ ਰਿਹਾ ਅਤੇ ਹਸਪਤਾਲ ਵਿੱਚੋਂ ਛੁੱਟੀ ਵੀ ਦੇ ਦਿੱਤੀ ਜਾਂਦੀ ਸੀ। ਪਰ ਉਨ੍ਹਾਂ ਨੂੰ ਜੂਨ 2016 ਵਿੱਚ ਡੀਐੱਮਸੀ ਹਸਪਤਾਲ, ਲੁ-ਧਿਆਣਾ ਵਿੱਚ ਭਰਤੀ ਕਰਵਾਇਆ ਗਿਆ, ਜਿੱਥੇ ਉਹ ਭੁੱਖ ਹੜਤਾਲ ਖ਼ਤਮ ਹੋਣ ਤੱਕ ਭਰਤੀ ਰਹੇ। ਹਸਪਤਾਲ ਵਿੱਚ ਡਾਕਟਰਾਂ ਵੱਲੋਂ ਉਨ੍ਹਾਂ ਨੂੰ ਨੱਕ ਰਾਹੀਂ ਤਰਲ ਖ਼ੁਰਾਕ ਦਿੱਤੀ ਜਾਂਦੀ ਰਹੀ।

ਉਨ੍ਹਾਂ ਨੂੰ ਹਸਪਤਾਲ ਵਿੱਚ ਇੱਕ ਨਿੱਜੀ ਕਮਰਾ ਦਿੱਤਾ ਗਿਆ ਸੀ ਅਤੇ ਸਾਰਾ ਖ਼ਰਚਾ ਪੰਜਾਬ ਸਰਕਾਰ ਵੱਲੋਂ ਚੁੱਕਿਆ ਜਾ ਰਿਹਾ ਸੀ। ਆਖ਼ਿਰ 14 ਜਨਵਰੀ 2023 ਨੂੰ ਉਨ੍ਹਾਂ ਨੇ ਆਪਣੀ ਭੁੱਖ ਹੜਤਾਲ ਖ਼ਤਮ ਕੀਤੀ। ਭੁੱਖ ਹੜਤਾਲ ਖ਼ਤਮ ਹੋਣ ਤੋਂ ਬਾਅਦ ਵੀ ਖ਼ਰਾਬ ਸਿਹਤ ਦੇ ਚਲਦਿਆਂ ਉਨ੍ਹਾਂ ਨੂੰ ਲੰਬਾ ਸਮਾਂ ਹਸਪਤਾਲ ਵਿੱਚ ਰੱਖਿਆ ਗਿਆ। 4 ਮਾਰਚ 2023 ਵਿੱਚ ਉਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਮਿਲੀ ਸੀ।

ਗੁਰਦੀਪ ਸਿੰਘ ਬਠਿੰਡਾ ਨੇ ਦੱਸਿਆ ਕਿ ਸੂਰਤ ਸਿੰਘ ਖਾਲਸਾ ਨੇ ਜਗਤਾਰ ਸਿੰਘ ਹਵਾਰਾ ਦੇ ਕਹਿਣ ਉੱਤੇ ਹੀ ਭੁੱਖ ਹੜਤਾਲ ਖ਼ਤਮ ਕੀਤੀ ਸੀ। ਜਗਤਾਰ ਸਿੰਘ ਹਵਾਰਾ ਨੇ ਖ਼ਾਲਸਾ ਨੂੰ ਇੱਕ ਲਿਖਤ ਸੰਦੇਸ਼ ਭੇਜਿਆ ਸੀ, ਜਿਸ ਵਿੱਚ ਉਨ੍ਹਾਂ ਨੂੰ ਭੁੱਖ ਹੜਤਾਲ ਖ਼ਤਮ ਕਰਕੇ ਕੌਮੀ ਇਨਸਾਫ਼ ਮੋਰਚੇ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਸੀ। ਇਸੇ ਮਗਰੋਂ ਖ਼ਾਲਸਾ ਨੇ ਭੁੱਖ ਹੜਤਾਲ ਖ਼ਤਮ ਕੀਤੀ ਸੀ। ਕਈ ਪੰਥਕ ਜਥੇਬੰਦੀਆਂ ਦੇ ਸਮਰਥਨ ਨਾਲ ਜਨਵਰੀ 2023 ਵਿੱਚ ਮੁਹਾਲੀ ਵਿੱਚ ਜੇਲ੍ਹਾਂ ਵਿੱਚ ਬੰਦ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਵਾਸਤੇ 'ਕੌਮੀ ਇਨਸਾਫ਼ ਮੋਰਚਾ' ਸ਼ੁਰੂ ਹੋਇਆ ਸੀ। ਇਨ੍ਹਾਂ ਵਿੱਚੋਂ ਕਈ ਜਥੇਬੰਦੀਆਂ ਅਜਿਹੀਆਂ ਸਨ, ਜਿਹੜੀਆਂ ਸੂਰਤ ਸਿੰਘ ਖਾਲਸਾ ਦੀ ਭੁੱਖ ਹੜਤਾਲ ਦੌਰਾਨ ਵੀ ਉਨ੍ਹਾਂ ਦੇ ਸਮਰਥਨ ਵਿੱਚ ਸਨ।

# ਭਾਰਤ-ਚੀਨ ਸਬੰਧ ਦੁਬਾਰਾ ਹੋ ਸਕਦੇ ਖ਼ਰਾਬ

(ਸਫਾ 11 ਦੀ ਬਾਕੀ)

ਨੂੰ ਗਲਵਾਨ ਵਾਦੀ ਦੀ ਝੜਪ ਨਾਲ ਹੋਈ ਸੀ। ਇਸ ਗੱਲਬਾਤ ਨੂੰ ਦੁਬਾਰਾ ਸ਼ੁਰੂ ਕਰਨ ਦਾ ਸਮਝੌਤਾ ਭਾਰਤ ਤੇ ਚੀਨ ਦੇ ਮੁਖੀਆਂ ਵਿਚਾਲੇ 21 ਅਕਤੂਬਰ 2024 ਨੂੰ ਹੋਇਆ ਸੀ ਜਿਸ ਵਿਚ ਸਰਹੱਦਾਂ ’ਤੇ ਤਣਾਅ ਘਟਾਉਣ ਲਈ ਸਹਿਮਤੀ ਬਣੀ ਸੀ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਮਝੌਤੇ ਦਾ ਸਵਾਗਤ ਕਰਦਿਆਂ ਮਤਭੇਦਾਂ ਤੇ ਵਿਵਾਦਾਂ ਨਾਲ ਢੁੱਕਵੇਂ ਢੰਗ ਨਾਲ ਸਿੱਝਣ ਤੇ ਇਨ੍ਹਾਂ ਨੂੰ ਅਮਨ-ਚੈਨ ਖ਼ਰਾਬ ਨਾ ਕਰਨ ਦੇਣ ਦੀ ਲੋੜ ’ਤੇ ਜ਼ੋਰ ਦਿੱਤਾ ਸੀ।

ਸਰਕਾਰ ਨੇ ਇਹ ਵੀ ਦੱਸਿਆ ਕਿ ਹੁਣ ਦੇਪਸਾਂਗ ਤੇ ਡੈਮਚੋਕ ਵਿਚ ਫ਼ੌਜ ਨੂੰ ਪਹਿਲਾਂ ਵਾਂਗ ਪੈਟਰੋਲਿੰਗ ਤੇ ਆਜੜੀਆਂ ਨੂੰ ਆਉਣ-ਜਾਣ ਦੀ ਆਗਿਆ ਦੇਣ ਬਾਰੇ ਚੀਨ ਨਾਲ ਸਹਿਮਤੀ ਬਣੀ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਲਿਨ ਜਿਆਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਮੁਲਕ ਵਾਰਤਾ ਅਤੇ ਸੰਪਰਕ ਰਾਹੀਂ ਆਪਸੀ ਵਿਸ਼ਵਾਸ ਨੂੰ ਵਧਾ ਕੇ ਭਾਰਤ ਨਾਲ ਹਮੇਸ਼ਾ ਗੱਲਬਾਤ ਕਰਨ ਲਈ ਤਿਆਰ ਹੈ। ਕੀ ਦੋਵਾਂ ਦੇਸ਼ਾਂ ਵਿਚਾਲੇ ਮਸਲੇ ਸੁਲਝ ਗਏ ਹਨ? ਇਨ੍ਹਾਂ ਮੁਲਾਕਾਤਾਂ ਤੇ ਸਮਝੌਤਿਆਂ ਦੇ ਬਾਵਜੂਦ ਅਜਿਹੇ ਕਿਹੜੇ ਸਵਾਲ ਹਨ ਜਿਨ੍ਹਾਂ ਦਾ ਜਵਾਬ ਅਜੇ ਵੀ ਸਾਫ਼ ਤੇ ਸਪਸ਼ਟ ਨਹੀਂ ਹੈ।

ਮੈਕਮੋਹਨ ਰੇਖਾ ਅੱਜ ਵੀ ਸਰਹੱਦੀ ਵਿਵਾਦ ’ਚ ਰੁਕਾਵਟ ਬਣੀ ਹੋਈ ਹੈ ਕਿਉਂਕਿ ਚੀਨ ਮੈਕਮੋਹਨ ਰੇਖਾ ਨੂੰ ਮਾਨਤਾ ਨਹੀਂ ਦਿੰਦਾ। ਪਿਛਲੇ ਕੁਝ ਸਮੇਂ ਤੋਂ ਭਾਰਤ ਤੇ ਚੀਨ ਦਰਮਿਆਨ ਸੰਵਾਦ ਦੀ ਪ੍ਰਕਿਰਿਆ ਨੇ ਤੇਜ਼ੀ ਫੜੀ ਸੀ। ਉਦੋਂ ਤੋਂ ਇਹ ਮੰਨਿਆ ਜਾਣ ਲੱਗਾ ਸੀ ਕਿ ਦੋਵਾਂ ਦੇਸ਼ਾਂ ਵਿਚਾਲੇ ਤਲਖ਼ੀ, ਤਣਾਅ ਤੇ ਟਕਰਾਅ ਦੇ ਲੰਬੇ ਦੌਰ ਤੋਂ ਅੱਗੇ ਨਿਕਲਦੇ ਹੋਏ ਹੁਣ ਦੋਵਾਂ ਦੇਸ਼ਾਂ ਵਿਚਾਲੇ ਆਪਸੀ ਸਬੰਧ ਲੀਹ ’ਤੇ ਆ ਸਕਦੇ ਹਨ।

ਖ਼ਾਸ ਕਰਕੇ ਸਰਹੱਦ ’ਤੇ ਅਮਨ ਤੇ ਸ਼ਾਂਤੀ ਦੇ ਮੁੱਦੇ ’ਤੇ ਜਿਸ ਤਰ੍ਹਾਂ ਦੀ ਸਹਿਮਤੀ ਬਣੀ ਸੀ, ਉਦੋਂ ਸ਼ਾਇਦ ਇਹ ਉਮੀਦ ਬੱਝੀ ਸੀ ਕਿ ਜਟਿਲ ਮਸਲਿਆਂ ਦੇ ਭਵਿੱਖੀ ਹੱਲ ਦਾ ਕੋਈ ਰਾਹ ਨਿਕਲ ਸਕਦਾ ਹੋਵੇ। ਪਰ ਰਸਮੀ ਵਾਰਤਾਵਾਂ ਦੇ ਚੱਲਦਿਆਂ ਜ਼ਮੀਨੀ ਪੱਧਰ ’ਤੇ ਚੀਨ ਵੱਲੋਂ ਅਜਿਹੀ ਕੋਈ ਨਾ ਕੋਈ ਗਤੀਵਿਧੀ ਸ਼ੁਰੂ ਹੋ ਜਾਂਦੀ ਹੈ ਜਿਸ ਤੋਂ ਉਸ ਦੇ ਇਰਾਦਿਆਂ ਦਾ ਪਤਾ ਚੱਲਦਾ ਹੈ।

ਖ਼ਾਸ ਤੌਰ ’ਤੇ ਸਰਹੱਦ ’ਤੇ ਪੈਰ ਪਸਾਰਨ ਨੂੰ ਚੀਨ ਇਸ ਹੱਦ ਤੱਕ ਸਰਗਰਮ ਦਿਸਦਾ ਹੈ ਕਿ ਉਹ ਵਿਸਥਾਰਵਾਦੀ ਨੀਤੀ ਤਹਿਤ ਕਿਸੇ ਵੀ ਦੇਸ਼ ਦੀ ਪ੍ਰਭੂਸੱਤਾ ਨਾਲ ਖਿਲਵਾੜ ਕਰ ਸਕਦਾ ਹੈ। ਸਵਾਲ ਹੈ ਕਿ ਜੇ ਚੀਨ ਭਾਰਤ ਨਾਲ ਆਪਣੇ ਸਬੰਧਾਂ ਨੂੰ ਸਹਿਜ ਬਣਾਉਣ ਤੇ ਜਟਿਲ ਮਸਲਿਆਂ ਦੇ ਹੱਲ ਲਈ ਸੰਵਾਦ ਸਥਾਪਤ ਕਰਨ ਦੀ ਪ੍ਰਕਿਰਿਆ ਵੱਲ ਅੱਗੇ ਵਧਣਾ ਚਾਹੁੰਦਾ ਹੈ ਤਾਂ ਉਸ ਦੀਆਂ ਗਤੀਵਿਧੀਆਂ ਇਸ ਦੇ ਉਲਟ ਕਿਉਂ ਦਿਸਦੀਆਂ ਹਨ?

ਮੀਡੀਆ ਰਿਪੋਰਟਾਂ ਮੁਤਾਬਕ ਫ਼ੌਜ ਦੇ ਉੱਚ ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਬਫਰ ਜ਼ੋਨ ਦੇ ਇਲਾਕਿਆਂ ਵਿਚ ਹੁਣ ਵੀ ਸਥਿਤੀ ਪਹਿਲਾਂ ਵਰਗੀ ਯਾਨੀ 2020 ਤੋਂ ਪਹਿਲਾਂ ਵਰਗੀ ਨਹੀਂ ਬਣ ਸਕੀ। ਇਸ ਦਾ ਇਸ਼ਾਰਾ ਵਿਦੇਸ਼ ਮੰਤਰੀ ਜੈਸ਼ੰਕਰ ਨੇ ਰਾਜ ਸਭਾ ’ਚ ਦਿੱਤੇ ਬਿਆਨ ’ਚ ਵੀ ਕੀਤਾ ਸੀ।

ਖ਼ੈਰ! ਭਾਰਤ-ਚੀਨ ਦੇ ਸਬੰਧਾਂ ’ਚ ਮੁੜ ਤਣਾਅ ਦੇ ਆਸਾਰ ਹਨ। ਚੀਨ ਦੀ ਬ੍ਰਹਮ ਪੁੱਤਰ ਦਰਿਆ ’ਤੇ ਡੈਮ ਬਣਾਉਣ ਦੀ ਯੋਜਨਾ ਤੇ ਪ੍ਰਸ਼ਾਸਕੀ ਕਾਊਂਟੀਆਂ ਸਥਾਪਤ ਕਰਨ ਦੇ ਫ਼ੈਸਲਿਆਂ ਨਾਲ ਦੋਵਾਂ ਦੇਸ਼ਾਂ ਵਿਚਾਲੇ ਮੁੜ ਤਣਾਅਪੂਰਨ ਸਬੰਧ ਬਣਨ ਦਾ ਖ਼ਦਸ਼ਾ ਵਧਿਆ ਹੈ।

*****

# ਸੱਤਾ, ਸਮਾਜ ਅਤੇ ਕਿਸਾਨ ਅੰਦੋਲਨ

ਡਾ. ਮੇਹਰ ਮਾਣਕ

ਪੰਜਾਬ ਭਾਰਤ ਦਾ ਖੇਤੀ ਪ੍ਰਧਾਨ ਸੂਬਾ ਹੈ ਜਿਸ ਦੀ ਦੋ-ਤਿਹਾਈ ਵੱਸੋਂ ਖੇਤੀ ਉੱਤੇ ਨਿਰਭਰ ਕਰਦੀ ਹੈ। ਇਥੋਂ ਦੇ ਬਾਸ਼ਿੰਦੇ ਜਿਥੇ ਮਿਹਨਤੀ ਅਤੇ ਸਿਰੜੀ ਹਨ ਉੱਥੇ ਇਹ ਆਪਣੀ ਭੂਗੋਲਿਕ ਸਥਿਤੀ ਕਾਰਨ ਕਿਰਤ ਅਤੇ ਉਸ ਦੀ ਰਾਖੀ ਲਈ ਹਮੇਸ਼ਾ ਚੇਤੰਨ ਅਤੇ ਸੰਘਰਸ਼ਸ਼ੀਲ ਰਹੇ ਹਨ। ਇਸ ਕਰ ਕੇ ਇਥੋਂ ਦਾ ਵੱਖ-ਵੱਖ ਰੂਪਾਂ ਵਿੱਚ ਅੰਦੋਲਨਾਂ ਦਾ ਲੰਮਾ ਇਤਿਹਾਸ ਹੈ। ਆਪਣੇ ਵਸੇਬੇ ਕਾਰਨ ਖੇਤੀ ਅਤੇ ਖੇਤਾਂ ਨਾਲ ਇਨ੍ਹਾਂ ਦਾ ਹਮੇਸ਼ਾ ਲਗਾਓ ਰਿਹਾ ਹੈ, ਇਸ ਕਰ ਕੇ ਇਹ ਆਪਣੀ ਮੁਕਤੀ ਖ਼ਾਤਿਰ ਸਾਮਰਾਜ ਦੇ ਜੋਟੀਦਾਰ ਜਗੀਰਦਾਰਾਂ ਖਿਲਾਫ ਸੰਘਰਸ਼ ਵਿੱਚ ਨਿੱਤਰੇ। ਤੇਜਾ ਸਿੰਘ ਸੁਤੰਤਰ ਦੀ ਅਗਵਾਈ ਵਿੱਚ ਪੈਪਸੂ ਖੇਤਰ ਅੰਦਰ ਲੜੇ ਮੁਜ਼ਾਰਾ ਘੋਲ ਵਰਗੇ ਘੋਲ ਇਸ ਦੀਆਂ ਉਦਾਹਰਨਾਂ ਹਨ ਜਿਸ ਕਾਰਨ ਆਜ਼ਾਦੀ ਤੋਂ ਤੁਰੰਤ ਬਾਅਦ ਸਰਕਾਰ ਨੂੰ ਜ਼ਮੀਨੀ ਸੁਧਾਰਾਂ ਦਾ ਬੀੜਾ ਚੁੱਕਣਾ ਪਿਆ ਤਾਂ ਕਿ ਭੁੱਖਮਰੀ ਦੀ ਦਰਪੇਸ਼ ਸਮੱਸਿਆ ਨੂੰ ਹੱਲ ਕਰਨ ਵੱਲ ਵਧਿਆ ਜਾ ਸਕੇ।

ਇਸੇ ਮਨਸ਼ਾ ਸਦਕਾ 1960ਵਿਆਂ ਵਿਚਲੀ ਹਰੀ ਕ੍ਰਾਂਤੀ ਦੇ ਮਾਡਲ ਦੀ ਆਮਦ ਹੋਈ ਜਿਸ ਤਹਿਤ ਨਵੀਆਂ ਖਾਦਾਂ, ਬੀਜਾਂ, ਤਕਨੀਕਾਂ ਦੇ ਨਾਲ ਹੀ ਮੁੱਢਲੇ ਜ਼ਰੂਰੀ ਢਾਂਚੇ ਦੀ ਉਸਾਰੀ ਤਹਿਤ ਮੰਡੀਕਰਨ ਦੀ ਪ੍ਰਬਲ ਉਸਾਰੀ ਦੀ ਪ੍ਰਕਿਰਿਆ ਸ਼ੁਰੂ ਹੋਈ। ਬਦਲੇ ਹਾਲਾਤ, ਨਵੀਆਂ ਤਕਨੀਕਾਂ ਅਤੇ ਕਿਸਾਨਾਂ ਦੀ ਅਣਥੱਕ ਮਿਹਨਤ ਸਦਕਾ ਟੀਚਾ ਪੂਰਾ ਕਰ ਲਿਆ ਗਿਆ ਹੈ ਅਤੇ ਖੁਸ਼ਹਾਲੀ ਦੇ ਗੀਤ ਗਾਏ ਗਏ ਪਰ ਇਹ ਵਕਤ ਬਹੁਤਾ ਦੇਰ ਨਹੀਂ ਰਹਿੰਦਾ ਕਿਉਂਕਿ ਇਹ ਵਕਤੀ ਤੌਰ ਉੱਤੇ ਮੁਨਾਫ਼ਿਆਂ ਤਹਿਤ ਉਸਰਿਆ ਉਹ ਮਾਡਲ ਸੀ ਜਿਸ ਦੇ ਸਿੱਟੇ ਇੱਕ ਵਕਤ ਤੋਂ ਬਾਅਦ ਆਪਣੇ ਨਾਂਹ ਪੱਖੀ ਰੰਗ ਦਿਖਾਉਣ ਲੱਗ ਪਏ ਅਤੇ ਕਿਸਾਨੀ ਅਰਥਚਾਰਾ ਸੰਕਟ ਵੱਲ ਵਧਣ ਲੱਗਿਆ ਜਿਸ ਵਿੱਚ ਖਾਸ ਤੌਰ 'ਤੇ ਛੋਟੇ ਕਿਸਾਨ ਸਨ। ਹਰੀ ਕ੍ਰਾਂਤੀ ਨੇ ਕਿਸਾਨਾਂ ਨੂੰ ਮੁੱਖ ਤੌਰ 'ਤੇ ਦੋ ਖੇਮਿਆਂ ਵਿੱਚ ਵੰਡ ਦਿੱਤਾ; ਇੱਕ ਖੇਮਾ ਜਿਸ ਨੂੰ ਹਰੀ ਕ੍ਰਾਂਤੀ ਦਾ ਫ਼ਾਇਦਾ ਲੈਣ ਵਾਲੀ ਧਿਰ 'ਧਨੀ ਕਿਸਾਨੀ' ਕਿਹਾ ਜਾਂਦਾ ਹੈ ਤੇ ਇਸ ਦੀ ਨੁਮਾਇੰਦਗੀ ਕਰਨ ਵਾਲੀ ਭਾਰਤੀ ਕਿਸਾਨ ਯੂਨੀਅਨ ਸਾਹਮਣੇ ਆਉਂਦੀ ਹੈ; ਦੂਜੇ ਬੰਨੇ ਛੋਟੇ ਕਿਸਾਨਾਂ ਦੀ ਰਹਿਨੁਮਾਈ ਕਰਦੀਆਂ ਕਮਿਊਨਿਸਟ ਧਿਰਾਂ ਨਾਲ ਸਬੰਧਿਤ ਵੱਖ-ਵੱਖ ਕਿਸਾਨ ਜਥੇਬੰਦੀਆਂ ਜਿਵੇਂ ਆਲ ਇੰਡੀਆ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ, ਕਿਸਾਨ ਸਭਾ ਪੰਜਾਬ, ਪੰਜਾਬ ਕਿਸਾਨ ਯੂਨੀਅਨ ਆਦਿ ਆਪਣੀ ਜਮਾਤੀ ਨਜ਼ਰੀਏ ਵਾਲੀ ਵਿਚਾਰਧਾਰਾ ਤਹਿਤ ਸਰਗਰਮੀਆਂ ਕਰਦੀਆਂ ਹਨ। ਧਨੀ ਅਤੇ ਦਰਮਿਆਨੀ ਕਿਸਾਨੀ ਦੀ ਨੁਮਾਇੰਦਗੀ ਕਰਦੀ ਭਾਰਤੀ ਕਿਸਾਨ ਯੂਨੀਅਨ ਭਾਰਤ ਦੇ ਵੱਖ-ਵੱਖ ਖੇਤਰਾਂ ਵਿੱਚ ਸਰਗਰਮ ਆਪਣੀਆਂ ਭਰਾਤਰੀ ਜਥੇਬੰਦੀਆਂ ਨਾਲ ਸ਼ੇਤਕਾਰੀ ਸੰਗਠਨ ਦੇ ਆਗੂ ਸ਼ਰਦ ਜੋਸ਼ੀ ਦੀ ਅਗਵਾਈ ਵਿੱਚ ਕਿਸਾਨੀ ਦੇ ਸੰਕਟ ਦਾ ਹੱਲ 'ਖੁੱਲ੍ਹੀ ਮੰਡੀ' ਦੀ ਵਕਾਲਤ ਰਾਹੀਂ ਤਲਾਸ਼ਦੇ ਹਨ ਅਤੇ ਕਮਿਊਨਿਸਟ ਧਿਰਾਂ ਵਾਲੀਆਂ ਕਿਸਾਨ ਜਥੇਬੰਦੀਆਂ 'ਖੁੱਲ੍ਹੀ ਮੰਡੀ' ਦੀ ਆਮਦ ਨੂੰ ਕਿਸਾਨੀ ਮੁਕਤੀ ਦੇ ਮਾਰਗ ਦੀ ਥਾਂ ਸਾਮਰਾਜੀ ਗ਼ਲਬੇ ਦੇ ਰੂਪ ਵਿੱਚ ਦੇਖਦੀਆਂ ਸਨ।



ਵਕਤ ਗੁਜ਼ਰਨ ਨਾਲ ਸਰਕਾਰੀ ਨੀਤੀਆਂ ਕਾਰਨ ਕਿਸਾਨੀ ਦਾ ਸੰਕਟ ਦਿਨ-ਬਦਿਨ ਵਧਦਾ ਗਿਆ। ਖੇਤੀ ਲਾਗਤਾਂ ਵਧਦੀਆਂ ਗਈਆਂ ਅਤੇ ਆਮਦਨ ਘਟਦੀ ਗਈ, ਕਿਸਾਨ ਕਰਜ਼ਈ ਹੁੰਦਾ ਗਿਆ ਜਿਸ ਕਾਰਨ ਸਮਾਜਿਕ ਤੇ ਮਾਨਸਿਕ ਦਬਾਓ ਵਧਣ ਲੱਗੇ। ਇਸ ਦਾ ਸਿੱਟਾ ਆਤਮਘਾਤ ਜਿਹੇ ਮਾਰੂ ਰੁਝਾਨ ਦੀ ਆਮਦ ਵਿੱਚ ਨਿਕਲਿਆ। ਇਸ ਸੰਕਟ ਨੇ ਤਕਰੀਬਨ ਸਾਰੇ ਪੇਂਡੂ ਤਬਕਿਆਂ ਨੂੰ ਲਪੇਟ ਵਿੱਚ ਲੈ ਲਿਆ। ਬਹੁਤ ਸਾਰੇ ਅਰਥ ਸ਼ਾਸਤਰੀਆਂ ਅਤੇ ਸਮਾਜ ਵਿਗਿਆਨੀਆਂ ਨੇ ਇਸ ਰੁਝਾਨ ਨੂੰ ਗਹਿਰਾਈ ਨਾਲ ਸਮਝਣ ਲਈ ਅਧਿਐਨ ਕੀਤੇ ਅਤੇ ਪੇਂਡੂ ਅਰਥਚਾਰੇ ਦੇ ਨਿਘਾਰ ਕਾਰਨ ਪਨਪੇ ਆਤਮਘਾਤੀ ਰੁਝਾਨ ਨੂੰ ਠੱਲ੍ਹ ਪਾਉਣ ਲਈ ਵਕਤ-ਵਕਤ 'ਤੇ ਸਰਕਾਰਾਂ ਨੂੰ ਸੰਭਵ ਉਪਰਾਲੇ ਕਰਨ ਦੀ ਤਾਕੀਦ ਵੀ ਕੀਤੀ ਪਰ ਬੁਧੀਜੀਵੀਆਂ ਦੇ ਸੁਝਾਵਾਂ ਵੱਲ ਕਦੇ ਕਿਸੇ ਨੇ ਸੰਜੀਦਗੀ ਨਾਲ ਗੌਰ ਨਾ ਕੀਤਾ।

ਪੰਜਾਬ ਦੀ ਵਿਰਾਸਤ ਵਿੱਚ ਆਤਮਘਾਤੀ ਰੁਝਾਨ ਲਈ ਕੋਈ ਥਾਂ ਨਹੀਂ। ਪਸਰੇ ਆਤਮਘਾਤੀ ਰੁਝਾਨ, ਸਰਕਾਰਾਂ ਦੀ ਅਣਦੇਖੀ, ਖੇਤੀ ਨੂੰ ਸੰਕਟ ਵਿੱਚੋਂ ਕੱਢਣ ਲਈ ਘੜੀ ਨਵੀਂ ਖੇਤੀ ਨੀਤੀ ਤਹਿਤ ਕਾਰਪੋਰੇਟ ਸੈਕਟਰ ਦੀ ਆਮਦ, ਬਦਲੇ ਹਾਲਾਤ ਤੇ ਸਮੀਕਰਨਾਂ ਨੇ ਕਿਸਾਨੀ ਖੇਤਰ ਨਾਲ ਸਬੰਧਿਤ ਵੱਖ-ਵੱਖ ਪਰਤਾਂ ਅਤੇ ਖੇਤਰਾਂ ਵਿੱਚ ਕੰਮ ਕਰਦੀਆਂ ਕਿਸਾਨ ਜਥੇਬੰਦੀਆਂ ਨੂੰ ਇੱਕ ਪਲੈਟਫਾਰਮ 'ਤੇ ਲਿਆ ਖੜ੍ਹਾ ਕਰ ਦਿੱਤਾ ਜਿਸ ਦਾ ਸਿੱਟਾ ਜ਼ਬਰਦਸਤ ਕਿਸਾਨ ਅੰਦੋਲਨ ਦੇ ਰੂਪ ਵਿੱਚ ਨਿਕਲਿਆ। ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿੱਚ ਫੈਲੀ ਬੇਚੈਨੀ ਨੇ ਇਸ ਨੂੰ ਹੋਰ ਮਜ਼ਬੂਤ ਕਰ ਦਿੱਤਾ ਜਿਸ ਦਾ ਸਿੱਟਾ 2020 ਵਾਲੇ ਦਿੱਲੀ ਦੇ ਘਿਰਾਓ ਵਿੱਚ ਨਿਕਲਿਆ। ਇਹ ਧਰਨਾ ਤਕਰੀਬਨ ਇੱਕ ਸਾਲ ਚੱਲਿਆ ਅਤੇ ਆਖ਼ਿਰਕਾਰ ਕੇਂਦਰ ਸਰਕਾਰ ਨੂੰ ਤਿੰਨੇ ਕਾਨੂੰਨ ਵਾਪਸ ਲੈਣੇ ਪਏ ਅਤੇ ਹੋਰ ਮੰਗਾਂ ਵੀ ਅਸੂਲੀ ਤੌਰ 'ਤੇ ਪ੍ਰਵਾਨ ਕੀਤੀਆਂ।

ਉਂਝ, ਕੇਂਦਰ ਸਰਕਾਰ ਨੇ ਮੰਗਾਂ ਮੰਨ ਕੇ ਫਿਰ ਟਾਲ-ਮਟੋਲ ਦੀ ਨੀਤੀ ਅਖ਼ਤਿਆਰ ਕਰ ਲਈ ਅਤੇ ਉਹੀ ਤਿੰਨੇ ਕਾਨੂੰਨ ਅਸਿੱਧੇ ਤੌਰ 'ਤੇ ਲਾਗੂ ਕਰਨ ਲਈ ਰਾਜਾਂ ਨੂੰ ਮਸੌਦਾ ਭੇਜ ਕੇ ਲਾਗੂ ਕਰਨ ਦਾ ਰਾਹ ਅਖਤਿਆਰ ਕਰ ਲਿਆ। ਕਿਸਾਨ ਘੋਲਾਂ 'ਚੋਂ ਨਿਕਲੀ ਲੀਡਰਸ਼ਿਪ ਨੇ ਇਸ 'ਤੇ ਤਿੱਖੀ ਨਜ਼ਰ ਰੱਖੀ ਅਤੇ ਲੋਕਾਂ ਨੂੰ ਜਾਗਰੂਕ ਕਰਨਾ ਸ਼ੁਰੂ ਕਰ ਦਿੱਤਾ। ਵੈਸੇ ਤਾਂ ਦਿੱਲੀ ਘਿਰਾਓ ਸਮੇਂ ਹੀ ਕਿਸਾਨੀ ਲੀਡਰਸ਼ਿਪ ਦੋ ਖੇਮਿਆਂ ਵਿੱਚ ਵੱਖ-ਵੱਖ ਸਟੇਜਾਂ ਰਾਹੀਂ ਵੰਡੀ ਦਿਖਾਈ ਦਿੰਦੀ ਸੀ ਪਰ ਦਿੱਲੀ ਮੋਰਚੇ ਦੀ ਸਫਲਤਾ ਤੋਂ ਬਾਅਦ ਪੰਜਾਬ ਅਸੈਂਬਲੀ ਦੀਆਂ ਚੋਣਾਂ ਸਮੇਂ ਇਹ ਸਪੱਸ਼ਟ ਰੂਪ ਵਿੱਚ ਵੰਡੀ ਗਈ। ਸੰਯੁਕਤ ਕਿਸਾਨ ਮੋਰਚਾ ਚੋਣਾਂ ਕਾਰਨ ਆਏ ਵਕਤੀ ਖਿੰਡਾਅ ਪਿੱਛੋਂ ਬਾਅਦ ਵਿੱਚ ਇਕੱਠਾ ਹੋ ਗਿਆ ਪਰ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਨੇ ਆਪਣੀ ਵੱਖਰੀ ਸਰਗਰਮੀ ਜਾਰੀ ਰੱਖਦਿਆਂ ਖਨੌਰੀ ਤੇ ਸ਼ੰਭੂ ਬਾਰਡਰਾਂ 'ਤੇ ਮੋਰਚਾ ਲਾ ਲਿਆ ਅਤੇ ਦਿੱਲੀ ਵੱਲ ਵਧਣ ਦੀ ਕੋਸ਼ਿਸ਼ ਕੀਤੀ ਪਰ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਹਰਿਆਣਾ ਦੇ ਬਾਰਡਰਾਂ 'ਤੇ ਹੀ ਰੋਕ ਲਿਆ। ਹੁਣ ਤੱਕ 400 ਤੋਂ ਵੱਧ ਕਿਸਾਨ ਫੱਟੜ ਹੋ ਚੁੱਕੇ ਹਨ, ਕਈਆਂ ਦੀਆਂ ਅੱਖਾਂ ਚੱਲੀਆਂ ਗਈਆਂ, ਇੱਕ ਨੌਜਵਾਨ ਮਾਰਿਆ ਗਿਆ ਤੇ ਆਖ਼ਿਰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਮਰਨ ਵਰਤ ਸ਼ੁਰੂ ਕਰ ਦਿੱਤਾ ਜਿਸ ਨੂੰ ਹੁਣ ਡੇਢ ਮਹੀਨਾ ਹੋ ਚੁੱਕਿਆ ਹੈ। ਕੇਂਦਰ ਸਰਕਾਰ ਇਸ ਵੱਲ ਕੋਈ ਤਵੱਜੋ ਨਹੀਂ ਦੇ ਰਹੀ ਅਤੇ ਸਾਰਾ ਕੁਝ ਪੰਜਾਬ ਸਰਕਾਰ ਸਿਰ ਸੁੱਟ ਰਹੀ ਹੈ।

ਸੰਯੁਕਤ ਕਿਸਾਨ ਮੋਰਚਾ ਜਗਜੀਤ ਸਿੰਘ ਡੱਲੇਵਾਲ ਦੀ ਜਥੇਬੰਦੀ ਵੱਲੋਂ ਉਨ੍ਹਾਂ ਨੂੰ ਵਿਸ਼ਵਾਸ ਵਿੱਚ ਲਏ ਬਗੈਰ ਸ਼ੁਰੂ ਕੀਤਾ ਮੋਰਚਾ ਮੰਨਦਾ ਹੈ; ਇਸ ਤੋਂ ਇਲਾਵਾ ਮੰਗਾਂ ਮਨਵਾਉਣ ਲਈ ਜਥੇਬੰਦਕ ਲਾਮਬੰਦੀ ਦੀ ਬਣਤਰ ਅਤੇ ਦਾਅ ਪੇਚਾਂ ਬਾਰੇ ਵੀ ਮੱਤਭੇਦ ਹਨ। ਇਸ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚਾ ਆਪਣੀਆਂ ਵੱਖਰੀਆਂ ਸਰਗਰਮੀਆਂ ਰਾਹੀਂ ਕੇਂਦਰ ਸਰਕਾਰ 'ਤੇ ਦਬਾਅ ਬਣਾ ਰਿਹਾ ਹੈ। ਇਉਂ ਦੂਜੇ ਦੌਰ ਵਾਲਾ ਕਿਸਾਨ ਅੰਦੋਲਨ ਪ੍ਰਤੱਖ ਰੂਪ ਵਿੱਚ ਦੋ ਖੇਮਿਆਂ ਵਿੱਚ ਵੰਡਿਆ ਹੋਇਆ ਹੈ ਜਿੱਥੇ ਇਸ ਦਾ ਸਭ ਤੋਂ ਵੱਧ ਫਾਇਦਾ ਸੱਤਾ ਧਿਰਾਂ ਨੂੰ ਹੋ ਰਿਹਾ ਹੈ। ਹੁਣ ਦੋਹਾਂ ਖੇਮਿਆਂ ਵਿਚਕਾਰ ਆਪਸੀ ਤਾਲਮੇਲ ਦੀਆਂ ਖਬਰਾਂ ਹਨ। ਫ਼ਿਲਹਾਲ ਖਨੌਰੀ ਅਤੇ ਸ਼ੰਭੂ ਬਾਰਡਰਾਂ 'ਤੇ ਚੱਲ ਰਿਹਾ ਮੋਰਚਾ ਜਿੱਥੇ ਦਿੱਲੀ ਦੇ ਬਾਰਡਰਾਂ ਤੋਂ ਕਿਤੇ ਦੂਰ ਦਿਖਾਈ ਦੇ ਰਿਹਾ ਹੈ ਉਥੇ ਇਹ ਕਿਸਾਨ ਅੰਦੋਲਨ ਹੁਣ ਕਿਸਾਨ ਮੰਗਾਂ ਦੀ ਪੂਰਤੀ ਦੀ ਥਾਂ ਡੱਲੇਵਾਲ ਦੇ ਮਰਨ ਵਰਤ ਉੱਤੇ ਜ਼ਿਆਦਾ ਕੇਂਦਰਿਤ ਹੋ ਗਿਆ ਲਗਦਾ ਹੈ।

ਪਿਛਲੇ ਦੋ ਦਹਾਕਿਆਂ ਤੋਂ ਦੋ ਲੱਖ ਕਿਸਾਨ ਜੋ ਛੋਟੇ ਤਬਕੇ ਨਾਲ ਸਬੰਧਿਤ ਹਨ, ਖੇਤੀ ਖੇਤਰ ਤੋਂ ਬਾਹਰ ਹੋ ਚੁੱਕੇ ਹਨ। ਪੰਜਾਬ ਦੇ ਪੇਂਡੂ ਖੇਤਰ ਵਿੱਚ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ ਜੋ ਖ਼ੁਦ ਨੂੰ ਜੜ੍ਹਹੀਣ ਮਹਿਸੂਸ ਕਰ ਰਹੀ ਹੈ। ਹੋਰ ਤਾਂ ਹੋਰ, ਉਪਜਾਊ ਜ਼ਮੀਨਾਂ ਉੱਤੇ ਗੈਰ-ਕਾਸ਼ਤਕਾਰਾਂ ਦਾ ਕਬਜ਼ਾ ਵਧ ਰਿਹਾ ਹੈ। ਪੰਜਾਬ ਸਰਕਾਰ ਦੀ ਇਸੇ ਸਾਲ ਦੀ ਆਪਣੀ ਰਿਪੋਰਟ ਵਿੱਚ ਕਿਹਾ ਗਿਆ ਕਿ 53611 ਏਕੜ ਜ਼ਮੀਨ ਗੈਰ-ਖੇਤੀ ਕੰਮਾਂ ਅਧੀਨ ਚਲੀ ਗਈ ਹੈ। ਇਸ ਤੋਂ ਇਲਾਵਾ ਨੌਜਵਾਨਾਂ ਦਾ ਵੱਡਾ ਹਿੱਸਾ ਢੁੱਕਵੇਂ ਰੁਜ਼ਗਾਰ ਦੀ ਅਣਹੋਂਦ ਕਾਰਨ ਨਿਰਾਸ਼ਤਾ ਵਸ ਜਾਂ ਤਾਂ ਪਰਵਾਸ ਕਰ ਰਿਹਾ ਹੈ ਜਾਂ ਨਸ਼ਿਆਂ ਦਾ ਸ਼ਿਕਾਰ ਹੋ ਰਿਹਾ ਹੈ। ਇਉਂ ਮਸਲਾ ਪੇਂਡੂ ਖੇਤਰ ਦੇ ਅਰਥਚਾਰੇ ਦੇ ਵਿਆਪਕ ਸੰਕਟ ਦਾ ਹੈ ਜਿਸ ਸਬੰਧੀ ਰਾਜਸੀ ਸੂਝ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਮੁੱਖ ਲੋੜ ਹੈ। ਬਿਨਾਂ ਸ਼ੱਕ ਸੱਤਾ ਪੂੰਜੀ ਦੀ ਤਾਕਤ ਨਾਲ ਚੱਲਦੀ ਹੈ ਪਰ ਜਮਹੂਰੀ ਸਮਾਜਾਂ ਅੰਦਰ ਸਮਾਜਿਕ ਸਰਮਾਏ ਦੀ ਤਾਕਤ ਨੂੰ ਘਟਾ ਕੇ ਨਹੀਂ ਦੇਖਣਾ ਚਾਹੀਦਾ।

ਇਸ ਕਰ ਕੇ ਕੇਂਦਰ ਸਰਕਾਰ ਨੂੰ ਵਕਤੀ ਸਰਮਾਏ ਦੀ ਮਦਦ ਦੀ ਝਾਕ ਅਤੇ ਟੇਕ ਰੱਖਣ ਦੀ ਥਾਂ ਸਮਾਜਿਕ ਸਰਮਾਏ ਦੀ ਸਾਰਥਿਕਤਾ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ। ਇਸ ਤੋਂ ਇਲਾਵਾ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਪੱਲਾ ਝਾੜ ਕੇ ਸੁਰਖ਼ਰੂ ਹੋਣ ਦੀ ਥਾਂ ਆਪਸ ਵਿੱਚ ਮਿਲ ਕੇ ਬੈਠ ਕੇ ਹੱਲ ਲੱਭਣਾ ਚਾਹੀਦਾ ਹੈ।

ਸੁਪਰੀਮ ਕੋਰਟ ਦੇ ਦਖ਼ਲ ਨੇ ਇਸ ਨੂੰ ਆਰਥਿਕ ਸਮਾਜਿਕ ਮਸਲੇ ਦੀ ਥਾਂ ਹੋਰ ਹੀ ਤਰ੍ਹਾਂ ਦਾ ਮੋੜਾ ਦੇ ਦਿੱਤਾ ਹੈ। ਉਹ ਕਿਸਾਨ ਆਗੂ ਡੱਲੇਵਾਲ ਨੂੰ ਹਰ ਤਰ੍ਹਾਂ ਦੀ ਮੈਡੀਕਲ ਸਹਾਇਤਾ ਦੇਣ ਉੱਤੇ ਜ਼ੋਰ ਦੇ ਰਹੀ ਹੈ। ਅਸਲ ਮਸਲਾ ਤਾਂ ਬੁਨਿਆਦੀ ਤੌਰ 'ਤੇ ਪੇਂਡੂ ਅਰਥਚਾਰੇ ਦੇ ਹਾਲਾਤ ਸਮਝ ਕੇ ਉਸਾਰੂ ਹੱਲ ਦਾ ਹੈ ਜੋ ਗੌਣ ਹੁੰਦਾ ਦਿਖਾਈ ਦੇ ਰਿਹਾ ਹੈ। ਸਰਕਾਰ ਅਤੇ ਕਿਸਾਨ ਧਿਰਾਂ ਨੂੰ ਬੁਨਿਆਦੀ ਮਸਲੇ ਨੂੰ ਗੰਭੀਰਤਾ ਨਾਲ ਸੰਬੋਧਨ ਹੋਣ ਦੀ ਜ਼ਰੂਰਤ ਹੈ ਤਾਂ ਕਿ ਪੇਂਡੂ ਅਰਥਚਾਰੇ ਨੂੰ ਖੁਸ਼ਹਾਲੀ ਦੀਆਂ ਲੀਹਾਂ ਉਤੇ ਪਾਇਆ ਜਾ ਸਕੇ।

# ਲੰਮੇ ਯੁੱਧ ਨੇ ਬਦਲ ਦਿੱਤਾ ਯੂਕਰੇਨੀ ਸਮਾਜ

ਇੱਕ ਮਹਿਲਾ ਫੌਜੀ ਵਰਦੀ ਪਾਏ ਆਦਮੀ ਨੂੰ ਜੱਫੀ ਪਾ ਰਹੀ ਹੈ ਅਤੇ ਚੁੰਮ ਰਹੀ ਹੈ। ਇਹ ਦ੍ਰਿਸ਼ ਦੂਜੇ ਵਿਸ਼ਵ ਯੁੱਧ ਦੇ ਸਮੇਂ ਦੀ ਫਿਲਮ ਵਰਗਾ ਲੱਗ ਸਕਦਾ ਹੈ, ਪਰ ਇਹ ਯੂਕਰੇਨ ਵਿੱਚ ਆਮ ਜਨ-ਜੀਵਨ ਦੀ ਅਸਲੀਅਤ ਹੈ। ਇਸ ਫਰਵਰੀ ਨੂੰ ਯੂਕਰੇਨ 'ਤੇ ਰੂਸ ਦਰਮਿਆਨ ਯੁੱਧ ਨੂੰ ਤਿੰਨ ਸਾਲ ਪੂਰੇ ਹੋ ਜਾਣਗੇ। ਇਹ ਜੰਗ ਯੂਕਰੇਨ ਦੇ ਸੈਨਿਕਾਂ ਲਈ ਹੀ ਨਹੀਂ ਸਗੋਂ ਉਨ੍ਹਾਂ ਦਾ ਇੰਤਜ਼ਾਰ ਕਰ ਰਹੀਆਂ ਉਨ੍ਹਾਂ ਦੀਆਂ ਪਤਨੀਆਂ ਲਈ ਵੀ ਮੁਸ਼ਕਲਾਂ ਭਰਪੂਰ ਹੈ। ਯੁੱਧ ਸ਼ੁਰੂ ਹੋਣ ਸਮੇਂ ਓਕਸਾਨਾ ਅਤੇ ਆਰਤੇਮ ਦੇ ਵਿਆਹ ਨੂੰ 18 ਮਹੀਨੇ ਹੋਏ ਸਨ। ਆਰਤੇਮ ਨੂੰ ਯੁੱਧ ਸ਼ੁਰੂ ਹੋਣ ਤੋਂ ਬਾਅਦ ਯੂਕਰੇਨੀ ਫੌਜ ਵਿਚ ਭਰਤੀ ਹੋਣਾ ਪਿਆ ਸੀ। ਇਹ ਦੋਵੇਂ ਬੱਚਾ ਪੈਦਾ ਕਰਨਾ ਬਾਰੇ ਸੋਚ ਰਹੇ ਸਨ ਪਰ ਯੁੱਧ ਸ਼ੁਰੂ ਹੋਣ ਕਰਕੇ ਇੱਕ ਦੂਜੇ ਨੂੰ ਮਿਲ ਨਹੀਂ ਪਾਉਦੇ ਸਨ। ਆਰਤੇਮ ਨੂੰ ਯੁੱਧ ਦੇ ਦੌਰਾਨ ਸਿਰਫ਼ ਥੋੜ੍ਹੇ ਸਮੇਂ ਲਈ ਛੁੱਟੀ ਲੈਣ ਦੀ ਇਜਾਜ਼ਤ ਹੁੰਦੀ ਸੀ।

ਅਜਿਹੇ 'ਚ ਓਕਸਾਨਾ ਆਪਣੇ ਪਤੀ ਨੂੰ ਮਿਲਣ ਲਈ ਬਿਲਾ ਤਸੇਰਕਵਾ ਸ਼ਹਿਰ ਵਿੱਚ ਆਪਣੇ ਘਰ ਤੋਂ ਸੈਂਕੜਿਆਂ ਕਿਲੋਮੀਟਰ ਦੂਰ ਖਾਰਕਿਵ ਇਲਾਕੇ 'ਚ ਜਾਂਦੇ ਸਨ ਅਤੇ ਇੱਥੋਂ ਫਿਰ ਪੂਰਬੀ ਯੂਕਰੇਨ ਦੇ ਦੋਨੇਤਸਕ ਸ਼ਹਿਰ ਜਾਂਦੇ ਸਨ। ਓਕਸਾਨਾ ਦੋਨੇਤਸਕ ਵਿਚ ਤਾਇਨਾਤ ਆਪਣੇ ਪਤੀ ਨਾਲ ਸਿਰਫ ਕੁਝ ਸਮਾਂ ਹੀ ਬਿਤਾ ਪਾਉਂਦੇ ਸਨ। ਓਕਸਾਨਾ ਆਪਣੇ ਪਤੀ ਨਾਲ ਪਹਿਲਾ ਅਪ੍ਰੈਲ 2022 ਵਿੱਚ ਮਿਲੇ ਸਨ ਅਤੇ ਫਿਰ ਦੂਜੀ ਵਾਰ ਨਵੰਬਰ ਵਿੱਚ ਮਿਲੇ ਸਨ। ਇਸ ਸਮੇਂ ਦੌਰਾਨ ਹੀ ਆਰਤੇਮ ਜ਼ਖਮੀ ਹੋ ਗਏ ਅਤੇ ਓਕਸਾਨਾ ਨੂੰ ਗਰਭਪਾਤ ਦਾ ਸਾਹਮਣਾ ਕਰਨਾ ਪਿਆ ਸੀ। ਇਹ ਸਮਾਂ ਦੋਨਾਂ ਲਈ ਮੁਸ਼ਕਿਲਾਂ ਭਰਿਆ ਸੀ। ਓਕਸਾਨਾ ਆਪਣੇ ਪਤੀ ਨੂੰ ਮਿਲਣ ਲਈ ਫਰੰਟ ਲਾਈਨ 'ਤੇ ਆਉਂਦੇ ਰਹਿੰਦੇ ਸਨ, ਪਰ ਉਨ੍ਹਾਂ ਦੇ ਪਤੀ ਉਨ੍ਹਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਸਨ। ਓਕਸਾਨਾ ਨੇ ਦੱਸਿਆ, "ਮੈਂ ਆਪਣੇ ਪਤੀ ਨੂੰ ਬਿਨਾਂ ਵੇਖਿਆ ਆਪਣੀ ਜ਼ਿੰਦਗੀ ਦੀ ਕਲਪਨਾ ਨਹੀਂ ਕਰ ਸਕਦੀ। ਇਹ ਦਿਨ ਹੁੰਦੇ ਹਨ,ਜਦੋਂ ਮੈਂ ਜੀਵਿਤ ਮਹਿਸੂਸ ਕਰਦੀ ਹਾਂ।" ਦੋਵੇਂ ਜੰਗ ਦੇ ਨੇੜੇ ਕਿਸੇ ਪਿੰਡ ਜਾਂ ਕਸਬੇ ਵਿੱਚ ਮੁਲਾਕਾਤ ਕਰਦੇ ਸਨ। ਉਹ ਦੋਵੇਂ ਰਾਤ ਦੇ ਸਮੇਂ ਲਈ ਸਥਾਨਕ ਘਰਾਂ ਵਿੱਚ ਠਹਿਰਦੇ ਸਨ, ਉਹ ਘਰਾਂ 'ਚ ਜਿਨ੍ਹਾਂ ਦੇ ਮਾਲਕ ਵੱਲੋਂ ਪੈਸੇ ਨਹੀਂ ਲਏ ਜਾਂਦੇ ਸਨ। ਇਹ ਘਰ ਜੰਗ ਤੋਂ ਪਹਿਲਾਂ ਗੁਲਜ਼ਾਰ ਹੁੰਦੇ ਸਨ।



**ਤਲਾਕ ਦੇ ਮਾਮਲੇ ਵਧੇ–** ਰੂਸ ਨੇ ਫਰਵਰੀ 2022 ਵਿੱਚ ਯੂਕਰੇਨ ਉੱਤੇ ਹਮਲਾ ਕੀਤਾ ਸੀ। ਉਸ ਸਮੇਂ ਤੋਂ ਲੈ ਕੇ ਯੂਕਰੇਨ ਵਿੱਚ ਤਲਾਕ ਦੇ ਮਾਮਲਿਆਂ ਵਿੱਚ ਲਗਾਤਾਰ ਵਾਧਾ ਹੋਇਆ ਹੈ। ਸੰਯੁਕਤ ਰਾਸ਼ਟਰ ਦੇ ਮੁਤਾਬਕ ਯੂਕਰੇਨ ਦੇ 60 ਲੱਖ ਲੋਕ ਦੇਸ਼ ਛੱਡ ਚੁੱਕੇ ਹਨ। ਅੰਦਾਜ਼ੇ ਲਈ ਇਹ ਅੰਕੜਾ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਦੀ ਆਬਾਦੀ ਦਾ 15 ਫੀਸਦੀ ਹੈ। ਯੂਕਰੇਨ ਛੱਡਣ ਵਾਲਿਆਂ ਵਿੱਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ। ਅਜਿਹਾ ਇਸ ਲਈ ਕਿਉਂਕਿ ਮਾਰਸ਼ਲ ਲਾਅ ਦੇ ਤਹਿਤ 18 ਤੋਂ 60 ਸਾਲ ਦੀ ਉਮਰ ਦੇ ਮਰਦਾਂ ਨੂੰ ਦੇਸ਼ ਛੱਡਣ 'ਤੇ ਰੋਕ ਹੈ। ਜੰਗ ਵਿੱਚ ਤੈਨਾਤ ਫੌਜੀ ਸਾਲ ਭਰ ਵਿੱਚ ਸਿਰਫ਼ 30 ਛੁੱਟੀਆਂ ਹੀ ਲੈ ਸਕਦੇ ਹਨ ਅਤੇ ਪਰਿਵਾਰ ਵਿੱਚ ਕੋਈ ਸਮੱਸਿਆ ਹੋਣ ਦੀ ਸੂਰਤ ਵਿੱਚ ਵਾਧੂ ਦਸ ਦਿਨਾਂ ਦੀ ਛੁੱਟੀ ਲਈ ਜਾ ਸਕਦੀ ਹੈ। ਇਸ ਸਭ ਵਿਚਾਲੇ ਯੂਕਰੇਨ ਵਿੱਚ ਜਨਮ ਦਰ ਵੀ ਲਗਾਤਾਰ ਘੱਟ ਹੋ ਰਹੀ ਹੈ। ਸੋਵੀਅਤ ਸੰਘ ਦੇ ਟੁੱਟਣ ਮਗਰੋਂ 1991 ਵਿੱਚ ਯੂਕਰੇਨ ਦੇਸ਼ ਹੋਂਦ ਵਿੱਚ ਆਇਆ ਸੀ। ਉਸ ਸਾਲ ਯੂਕਰੇਨ ਵਿੱਚ 630,000 ਬੱਚਿਆਂ ਨੇ ਜਨਮ ਲਿਆ ਸੀ ਪਰ ਉਸ ਸਮੇਂ ਤੋਂ ਲੈ ਕੇ ਜਨਮ ਦਰ ਵਿੱਚ ਲਗਾਤਾਰ ਗਿਰਾਵਟ ਆ ਰਹੀ ਹੈ। ਯੂਕਰੇਨ ਵਿੱਚ ਸਾਲ 2019 ਵਿੱਚ 309,000 ਬੱਚੇ ਪੈਦਾ ਹੋਏ ਸਨ ਅਤੇ ਰੂਸ-ਯੂਕਰੇਨ ਯੁੱਧ ਦੇ ਇੱਕ ਸਾਲ ਬਾਅਦ 2023 ਵਿੱਚ ਬੱਚੇ ਪੈਦਾ ਹੋਣ ਦਾ ਅੰਕੜਾ ਘੱਟ ਕੇ 187,000 ਤੱਕ ਪਹੁੰਚ ਗਿਆ ਸੀ। ਇਸ ਦੇ ਨਾਲ ਹੀ ਤਲਾਕ ਦੇ ਮਾਮਲੇ ਵੀ ਵੱਧ ਰਹੇ ਹਨ। ਯੂਕਰੇਨ ਦੇ ਨਿਆਂ ਮੰਤਰਾਲੇ ਦੇ ਅਨੁਸਾਰ 2023 ਦੇ ਪਹਿਲੇ ਛੇ ਮਹੀਨਿਆਂ ਦੇ ਮੁਕਾਬਲੇ 2024 ਦੇ ਪਹਿਲੇ ਛੇ ਮਹੀਨਿਆਂ ਵਿੱਚ ਤਲਾਕ ਦੀ ਗਿਣਤੀ ਵਿੱਚ 50 ਪ੍ਰਤੀਸ਼ਤ ਦਾ ਵਾਧਾ ਹੋਇਆ ਸੀ। ਕਈ ਮਹਿਲਾਵਾਂ ਲਈ ਫਰੰਟ ਲਾਈਨ 'ਤੇ ਤਾਇਨਾਤ ਆਪਣੇ ਪਤੀ ਕੋਲ ਪਹੁੰਚ ਕੇ ਹੀ ਵਿਆਹ ਬਚਾਉਣਾ ਅਤੇ ਪਰਿਵਾਰ ਨੂੰ ਇਕੱਠੇ ਰੱਖਣ ਦਾ ਇੱਕੋ ਇੱਕ ਤਰੀਕਾ ਹੈ।

**ਫਰਜ਼ ਨਾਲ ਬੰਨ੍ਹੇ ਹੋਏ–** ਕਈ ਲੋਕਾਂ ਨੂੰ ਫਰੰਟ ਲਾਈਨ ਤੱਕ ਪਹੁੰਚਣ ਲਈ ਸੈਂਕੜੇ ਕਿਲੋਮੀਟਰ ਦਾ ਸਫ਼ਰ ਤੈਅ ਕਰਨਾ ਪੈਂਦਾ ਹੈ। ਇਹ ਪੈਂਡਾ ਮੁਸ਼ਕਲ ਹੈ ਅਤੇ ਇਸ ਦੌਰਾਨ ਉਨ੍ਹਾਂ ਨੂੰ ਕਈ ਜੋਖਮ ਵੀ ਉਠਾਉਣੇ ਪੈਂਦੇ ਹਨ। ਅਕਸਰ ਔਰਤਾਂ ਵੱਲੋਂ ਫਰੰਟਲਾਈਨ ਦੇ ਨੇੜੇ ਪਹੁੰਚਣ ਲਈ ਰੇਲ ਰਾਹੀਂ ਸਫ਼ਰ ਕੀਤੀ ਜਾਂਦਾ ਹੈ ਅਤੇ ਫਿਰ ਬਾਕੀ ਦਾ ਸਫ਼ਰ ਬੱਸ ਜਾ ਟੈਕਸੀ ਰਾਹੀਂ ਪੂਰਾ ਕੀਤਾ ਜਾਂਦਾ ਹੈ। ਉਨ੍ਹਾਂ ਦੇ ਸਫ਼ਰ 'ਤੇ ਲੱਗੇ ਦਿਨ ਮੁਲਾਕਾਤ ਦੇ ਸਮੇਂ ਤੋਂ ਕਿਤੇ ਵੱਧ ਹੁੰਦੇ ਹਨ। ਕਿਉਂਕਿ ਕਿਸੇ ਫੌਜੀ ਨੂੰ ਸਿਰਫ ਥੋੜਾ ਸਮਾਂ ਹੀ ਬ੍ਰੇਕ ਵਜੋਂ ਮਿਲਦਾ ਹੈ। ਨਤਾਲੀਆ ਆਪਣੇ ਪਤੀ ਨੂੰ ਮਿਲਣ ਲਈ ਪੱਛਮੀ ਯੂਕਰੇਨ ਦੇ ਸ਼ਹਿਰ ਲਵੀਵ ਤੋਂ ਪੂਰਬੀ ਸ਼ਹਿਰ ਕ੍ਰਾਮਾਟੋਰਸਕ ਜਾਂਦੇ ਹਨ। ਉਨ੍ਹਾਂ ਦਾ ਸਫ਼ਰ 1230 ਕਿਲੋਮੀਟਰ ਦਾ ਹੁੰਦਾ ਹੈ। ਉਨ੍ਹਾਂ ਨੂੰ ਲਵੀਵ ਤੋਂ ਕ੍ਰਾਮਾਟੋਰਸਕ ਪਹੁੰਚਣ ਲਈ ਦੋ ਦਿਨਾਂ ਤੋਂ ਵੀ ਵਧੇਰਾ ਸਮਾਂ ਲੱਗਦਾ ਹੈ, ਪਰ ਫਿਰ ਵੀ ਉਹ ਆਪਣੇ ਪਤੀ ਨੂੰ ਥੋੜ੍ਹੇ ਸਮੇਂ ਲਈ ਹੀ ਦੇਖ ਸਕਦੇ ਹਨ। ਅਜਿਹਾ ਇਸ ਲਈ ਕਿਉਂਕਿ ਨੇੜਲੇ ਸਰਹੱਦੀ ਸ਼ਹਿਰਾਂ ਵਿੱਚ ਲਗਾਤਾਰ ਗੋਲੀਬਾਰੀ ਹੁੰਦੀ ਰਹਿੰਦੀ ਹੈ।

ਨਤਾਲੀਆ ਨੇ ਆਪਣੇ ਹੰਝੂ ਪੂੰਝਦੇ ਹੋਏ ਕਿਹਾ, "ਅਸੀਂ ਪਲੇਟਫਾਰਮ 'ਤੇ ਸਿਰਫ਼ 50 ਮਿੰਟ ਹੀ ਠਹਿਰਦੇ ਹਨ, ਫਿਰ ਉਨ੍ਹਾਂ ਨੇ ਮੈਨੂੰ ਉਸੇ ਰੇਲਗੱਡੀ 'ਤੇ ਬਿਠਾ ਦਿੱਤਾ, ਜਿਸ ਰਾਹੀਂ ਮੈਂ ਆਈ ਸੀ।" "ਪਰ ਫਿਰ ਵੀ, ਇਹ 50 ਮਿੰਟ ਬਹੁਤ ਹਨ।" ਹਾਲਾਂਕਿ, ਇਸ ਸਫ਼ਰ ਵਿੱਚ 120 ਡਾਲਰ ਦਾ ਖਰਚ ਆਉਦਾ ਹੈ, ਜੋ ਕਿ ਯੂਕਰੇਨ ਵਿੱਚ ਔਸਤ ਮਾਸਿਕ ਤਨਖਾਹ ਦਾ ਲਗਭਗ ਇੱਕ ਚੌਥਾਈ ਹੈ। ਉਨ੍ਹਾਂ ਨੇ ਦੱਸਿਆ ਕਿ ਉਹ ਹਰ ਦੋ-ਤਿੰਨ ਮਹੀਨਿਆਂ ਬਾਅਦ ਆਪਣੇ ਪਤੀ ਨੂੰ ਮਿਲਣ ਦੀ ਕੋਸ਼ਿਸ਼ ਕਰਦੇ ਹਨ। ਨਤਾਲੀਆ ਦੇ ਵਿਆਹ ਨੂੰ 22 ਸਾਲ ਹੋ ਗਏ ਹਨ ਅਤੇ ਉਨ੍ਹਾਂ ਦੇ ਦੋ ਵੱਡੇ ਬੱਚੇ ਹਨ। ਉਨ੍ਹਾਂ ਨੇ ਕਿਹਾ, "ਇਹ ਸਫਰ ਫਿਰ ਇੱਕ ਪਰਿਵਾਰ ਵਾਂਗ ਮਹਿਸੂਸ ਕਰਨ ਦਾ ਮੌਕਾ ਹੈ" ਇਹ ਮੁਲਾਕਾਤ ਹਰ ਕਿਸੇ ਲਈ ਸੁੱਖਦ ਨਹੀਂ ਹੁੰਦੀ। ਕਈ ਔਰਤਾਂ ਨੂੰ ਆਪਣੇ ਸਾਥੀਆਂ ਨੂੰ ਮਿਲਣ ਲਈ ਖਤਰਨਾਕ ਸਫਰ ਤੈਅ ਕਰਨੇ ਪੈਂਦੇ ਹਨ। ਸਾਲ 2014 ਵਿੱਚ ਰੂਸ ਤੇ ਯੂਕਰੇਨ ਯੁੱਧ ਸਮੇਂ ਮਾਰੀਆ (ਇਹ ਅਸਲੀ ਨਾਮ ਨਹੀਂ ਹੈ) ਦੇ ਪਤੀ ਫਰੰਟਲਾਈਨ 'ਤੇ ਤਾਇਨਾਤ ਸਨ।

ਉਹ ਪੂਰਬੀ ਯੂਕਰੇਨ ਵਿੱਚ ਆਪਣੇ ਪਤੀ ਨੂੰ ਮਿਲਣ ਲਈ ਕੀਵ ਤੋਂ ਤਿੰਨ ਦਿਨਾਂ ਦਾ ਸਫਰ ਕਰਦੇ ਸਨ, ਪਰ ਫਿਰ ਕੁਝ ਮੁਸ਼ਕਿਲਾਂ ਦਰਪੇਸ਼ ਆਉਣ ਲੱਗੀਆਂ। ਉਨ੍ਹਾਂ ਦੇ ਪਤੀ ਪੋਸਟ-ਟਰੌਮੈਟਿਕ ਸਟ੍ਰੈਸ ਸਿੰਡਰੋਮ (ਪੀਟੀਐੱਸਡੀ) ਤੋਂ ਗੁਜ਼ਰਨ ਲੱਗੇ। ਜਦੋਂ ਉਨ੍ਹਾਂ ਦੇ ਪਤੀ ਫੌਜ ਤੋਂ ਵਾਪਸ ਘਰ ਆਉਂਦੇ ਸਨ, ਤਾਂ ਆਪਣੀ ਪਤਨੀ (ਮਾਰੀਆ) ਅਤੇ ਬੱਚੇ ਨਾਲ ਹਿੰਸਕ ਹੋ ਜਾਂਦੇ ਸਨ। ਇਸ ਤੋਂ ਬਾਅਦ ਦੋਹਾਂ ਦਾ ਤਲਾਕ ਹੋ ਗਿਆ ਸੀ। ਮਾਰੀਆ ਨੇ ਦੂਜਾ ਵਿਆਹ ਕਰਵਾ ਲਿਆ ਪਰ ਹੁਣ ਉਹ ਆਪਣੇ ਪਤੀ ਨਾਲ ਮੁਲਾਕਾਤ ਬਾਰੇ ਨਹੀਂ ਸੋਚਦੇ ਹਨ। ਉਹ ਕਹਿੰਦੇ ਹਨ, "ਫਰੰਟਲਾਈਨ 'ਤੇ ਜਾਕੇ ਮਿਲਣਾ ਪਰਿਵਾਰ ਨੂੰ ਨਹੀਂ ਬਚਾ ਸਕਦਾ। ਤੁਸੀਂ ਪਰਿਵਾਰ ਨੂੰ ਤਾਂ ਹੀ ਬਚਾ ਸਕਦੇ ਹੋ ਜੇਕਰ ਤੁਹਾਡੇ ਕੋਲ ਇੱਕੋ ਜਿਹੀ ਸੋਚ ਹੈ ਅਤੇ ਤੁਸੀਂ ਜ਼ਿੰਦਗੀ ਦੇ ਆਪਣੇ ਟੀਚਿਆਂ ਬਾਰੇ ਗੱਲ ਕਰ ਸਕਦੇ ਹੋ।"


**ਲੰਮੀ ਉਡੀਕ–** ਦੋ ਵਾਰ ਗਰਭਪਾਤ ਦਾ ਸਾਹਮਣਾ ਕਰ ਚੁੱਕੇ ਕਸਾਨਾ ਨੇ ਹਾਲ ਹੀ ਵਿੱਚ ਇੱਕ ਲੜਕੇ ਨੂੰ ਜਨਮ ਦਿੱਤਾ ਹੈ। ਉਹ ਲੰਬੇ ਸਮੇਂ ਤੋਂ ਆਪਣੇ ਪਹਿਲੇ ਬੱਚੇ ਦੀ ਉਡੀਕ ਕਰ ਰਹੇ ਸਨ। ਉਨ੍ਹਾਂ ਨੂੰ ਉਮੀਦ ਸੀ ਕਿ ਉਨ੍ਹਾਂ ਦੇ ਪਤੀ ਆਰਤੇਮ ਬੱਚੇ ਦੇ ਜਨਮ ਦੌਰਾਨ ਉਨ੍ਹਾਂ ਕੋਲ ਮੌਜੂਦ ਰਹਿਣਗੇ, ਪਰ ਉਨ੍ਹਾਂ ਦੇ ਪਤੀ ਨੂੰ ਛੁੱਟੀ ਨਹੀਂ ਮਿਲੀ। ਓਕਸਾਨਾ ਨੇ ਬੱਚੇ ਨੂੰ ਜਨਮ ਦੇਣ ਤੋਂ ਥੋੜ੍ਹੀ ਦੇਰ ਪਹਿਲਾਂ ਮੈਨੂੰ ਦੱਸਿਆ, "ਹਾਂ, ਹਰ ਪਤਨੀ ਅਜਿਹੇ ਸਮੇਂ 'ਤੇ ਆਪਣੇ ਪਤੀ ਨੂੰ ਆਪਣੇ ਕੋਲ ਚਾਹੁੰਦੀ ਹੈ।" ਹੁਣ ਉਹ ਆਪਣੇ ਪਤੀ ਨੂੰ ਮਿਲਣ ਲਈ ਬੱਚੇ ਨੂੰ ਲੈ ਕੇ ਆਏ ਹਨ।

# ਭਾਰਤੀ ਸੂਬਿਆਂ ਦੀ ਆਰਥਿਕ ਕਾਰਗੁਜ਼ਾਰੀ


ਰਾਜੀਵ ਖੋਸਲਾ

ਸਤੰਬਰ 2024 ਦੌਰਾਨ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕਮੇਟੀ ਨੇ 'ਭਾਰਤੀ ਰਾਜਾਂ ਦੀ ਆਰਥਿਕ ਕਾਰਗੁਜ਼ਾਰੀ: 1960-61 ਤੋਂ 2023-24' ਸਿਰਲੇਖ ਹੇਠ ਅਧਿਐਨ ਜਾਰੀ ਕੀਤਾ। ਇਸ ਵਿੱਚ ਪਿਛਲੇ ਲਗਭਗ ਸਾਢੇ ਛੇ ਦਹਾਕਿਆਂ ਦੌਰਾਨ ਭਾਰਤੀ ਰਾਜਾਂ ਦੀ ਆਰਥਿਕ ਕਾਰਗੁਜ਼ਾਰੀ ਦਾ ਇਕ ਮੁਕਾਬਲਤਨ ਵਿਸ਼ਲੇਸ਼ਣ ਪੇਸ਼ ਕੀਤਾ ਗਿਆ ਹੈ। ਇਸ ਵਿੱਚ ਰਾਜਾਂ ਦੀ ਆਰਥਿਕ ਸਥਿਤੀ ਦਾ ਮੁਲਾਂਕਣ ਕਰਨ ਖਾਤਰ, ਰਾਸ਼ਟਰੀ ਜੀਡੀਪੀ (ਘਰੇਲੂ ਉਤਪਾਦਨ) ਵਿੱਚ ਹਰ ਰਾਜ ਦੀ ਹਿੱਸੇਦਾਰੀ ਅਤੇ ਪ੍ਰਤੀ ਵਿਅਕਤੀ ਆਮਦਨ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

ਅਧਿਐਨ ਨੇ ਉਜਾਗਰ ਕੀਤਾ ਹੈ ਕਿ 1991 ਤੋਂ ਜਦੋਂ ਭਾਰਤ ਵਿੱਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਦੀ ਸ਼ੁਰੂਆਤ ਹੋਈ ਤਾਂ ਰਾਜਾਂ ਦੇ ਆਰਥਿਕ ਪ੍ਰਦਰਸ਼ਨ ਵਿੱਚ ਮਹੱਤਵਪੂਰਨ ਤਬਦੀਲੀਆਂ ਆਈਆਂ ਹਨ। 1991 ਤੋਂ ਪਹਿਲਾਂ ਔਸਤ ਪ੍ਰਦਰਸ਼ਨ ਕਰਨ ਵਾਲੇ ਰਾਜ ਜਿਵੇਂ ਕਰਨਾਟਕ ਤੇ ਆਂਧਰਾ ਪ੍ਰਦੇਸ਼ ਬਾਅਦ ਵਿੱਚ ਚੋਟੀ ਦੇ ਪ੍ਰਦਰਸ਼ਨਕਾਰਾਂ ਵਜੋਂ ਉਭਰੇ, ਭਾਵੇਂ ਮਹਾਰਾਸ਼ਟਰ ਤੇ ਗੁਜਰਾਤ ਨੇ ਆਪਣਾ ਬਿਹਤਰ ਪ੍ਰਦਰਸ਼ਨ ਜਾਰੀ ਰੱਖਿਆ। ਪੰਜਾਬ ਤੇ ਪੱਛਮੀ ਬੰਗਾਲ ਦੀ ਕਾਰਗੁਜ਼ਾਰੀ 1991 ਤੋਂ ਬਾਅਦ ਵੱਡੇ ਪੱਧਰ 'ਤੇ ਘਟ ਗਈ। ਇਸ ਅਧਿਐਨ ਦੀ ਡੂੰਘੀ ਪੜਤਾਲ ਦੱਸਦੀ ਹੈ ਕਿ ਦੱਖਣੀ ਰਾਜ ਕਰਨਾਟਕ, ਆਂਧਰਾ ਪ੍ਰਦੇਸ਼ (ਤਿਲੰਗਾਨਾ ਸਮੇਤ), ਕੇਰਲ ਤੇ ਤਾਮਿਲਨਾਡੂ ਜਿਨ੍ਹਾਂ ਦਾ ਭਾਰਤ ਦੀ ਘਰੇਲੂ ਪੈਦਾਵਾਰ ਵਿੱਚ ਉਦਾਰੀਕਰਨ ਤੋਂ ਪਹਿਲਾਂ ਬਹੁਤ ਵੱਡਾ ਯੋਗਦਾਨ ਨਹੀਂ ਸੀ, ਉਦਾਰੀਕਰਨ ਤੋਂ ਬਾਅਦ 2023-24 ਵਿੱਚ ਭਾਰਤ ਦੀ ਘਰੇਲੂ ਪੈਦਾਵਾਰ ਵਿੱਚ ਹੁਣ 30% ਯੋਗਦਾਨ ਪਾ ਰਹੇ ਹਨ। ਇਸੇ ਤਰ੍ਹਾਂ ਪੱਛਮੀ ਰਾਜਾਂ ਵਿੱਚ, ਮਹਾਰਾਸ਼ਟਰ ਤੇ ਗੁਜਰਾਤ ਨੇ ਲਗਾਤਾਰ ਵਧੀਆ ਪ੍ਰਦਰਸ਼ਨ ਜਾਰੀ ਰੱਖਿਆ ਹੈ। 2023-24 ਵਿੱਚ ਮਹਾਰਾਸ਼ਟਰ, ਭਾਰਤ ਦੇ ਸਾਰੇ ਰਾਜਾਂ ਵਿੱਚ ਘਰੇਲੂ ਉਤਪਾਦਨ ਵਿੱਚ ਸਭ ਤੋਂ ਵੱਧ (13.3%) ਹਿੱਸੇਦਾਰੀ ਰੱਖਣ ਵਾਲਾ ਰਾਜ ਰਿਹਾ। ਇਉਂ ਗੁਜਰਾਤ ਦਾ ਵੀ ਭਾਰਤ ਦੇ ਘਰੇਲੂ ਉਤਪਾਦਨ ਵਿੱਚ ਭਾਗ ਜੋ 1960-61 ਵਿੱਚ 5.8% ਸੀ, 2023-24 ਵਿੱਚ ਵਧ ਕੇ 8.11% ਤਕ ਪਹੁੰਚ ਗਿਆ ਹੈ। ਉੱਤਰੀ ਰਾਜਾਂ ਵਿੱਚ ਦਿੱਲੀ ਤੇ ਹਰਿਆਣਾ ਨੇ ਬਾਜ਼ੀ ਮਾਰੀ ਹੈ।




1991 ਤੋਂ ਬਾਅਦ ਪੰਜਾਬ ਦੀ ਆਰਥਿਕਤਾ ਵਿੱਚ ਲਗਾਤਾਰ ਗਿਰਾਵਟ ਦਰਜ ਹੋਈ (ਸਾਰਣੀ)। 1960-61 'ਚ ਭਾਰਤ ਦੀ ਘਰੇਲੂ ਪੈਦਾਵਾਰ 'ਚ ਪੰਜਾਬ ਦੀ ਹਿੱਸੇਦਾਰੀ 3.2% ਸੀ ਜੋ 1990-91 ਤਕ 4.3% ਦਰਜ ਹੋਈ; ਲਗਾਤਾਰ ਘਟਦੀ 2023-24 'ਚ 2.4% ਰਹਿ ਗਈ। ਜੇ ਉੱਤਰ-ਪੂਰਬ ਦੇ ਛੋਟੇ ਰਾਜਾਂ ਅਤੇ ਜੰਮੂ ਕਸ਼ਮੀਰ ਨੂੰ ਛੱਡ ਦੇਈਏ ਤਾਂ ਪੰਜਾਬ ਦੀ ਕਾਰਗੁਜ਼ਾਰੀ ਭਾਰਤ ਦੇ ਹੋਰ ਵੱਡੇ ਰਾਜਾਂ ਦੇ ਮੁਕਾਬਲੇ ਸਭ ਤੋਂ ਘੱਟ ਦਰਜ ਹੋਈ ਹੈ। ਪੂਰਬੀ ਰਾਜਾਂ ਵਿੱਚ ਪੱਛਮੀ ਬੰਗਾਲ ਵਿੱਚ ਵੱਡੀ ਗਿਰਾਵਟ ਦਰਜ ਹੋਈ ਹੈ। ਪੱਛਮੀ ਬੰਗਾਲ ਦੀ 1960-61 ਵਿੱਚ ਭਾਰਤ ਦੀ ਘਰੇਲੂ ਪੈਦਾਵਾਰ ਵਿੱਚ ਹਿੱਸੇਦਾਰੀ 10.5% (ਤੀਜੀ ਵੱਡੀ ਆਰਥਿਕਤਾ) ਸੀ ਜੋ 2023-24 ਵਿੱਚ ਘਟ ਕੇ ਕੇਵਲ 5.16% ਰਹਿ ਗਈ। ਭਾਰਤ ਦੇ ਕੇਂਦਰ ਵਿੱਚ ਸਥਿਤ ਰਾਜਾਂ ਜਿਵੇਂ ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੀ ਆਰਥਿਕਤਾ ਵਿੱਚ ਵੀ ਸਮੇਂ-ਸਮੇਂ 'ਤੇ ਉਤਰਾਅ-ਚੜ੍ਹਾਅ ਦੇਖਣ ਨੂੰ ਮਿਲੇ ਹਨ। ਇਹ ਰੁਝਾਨ ਦਰਸਾਉਂਦੇ ਹਨ ਕਿ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਦਾ ਭਾਰਤ ਦੇ ਰਾਜਾਂ ਉੱਤੇ ਵੱਖੋ-ਵੱਖਰਾ ਅਸਰ ਹੋਇਆ ਹੈ।

ਜਦੋਂ ਗੱਲ ਪ੍ਰਤੀ ਵਿਅਕਤੀ ਆਮਦਨ ਦੀ ਹੁੰਦੀ ਹੈ, ਉਦੋਂ ਵੀ 1991 ਤੋਂ ਬਾਅਦ ਭਾਰਤ ਦੇ ਦੱਖਣੀ ਸੂਬਿਆਂ ਦੀ ਕਾਰਗੁਜ਼ਾਰੀ ਕੌਮੀ ਔਸਤ ਦੇ ਮੁਕਾਬਲੇ ਕਿਤੇ ਵੱਧ ਰਹੀ ਹੈ। ਇਹ ਦੱਖਣੀ ਸੂਬੇ ਉਦਾਰੀਕਰਨ ਤੋਂ ਪਹਿਲਾਂ ਦੇ ਦੌਰ ਵਿੱਚ ਪ੍ਰਤੀ ਵਿਅਕਤੀ ਆਮਦਨ ਵਿੱਚ ਕਾਫੀ ਪਿਛੜੇ ਹੋਏ ਸਨ। 2023-24 ਵਿੱਚ ਤਿਲੰਗਾਨਾ, ਕਰਨਾਟਕ, ਤਾਮਿਲਨਾਡੂ ਅਤੇ ਕੇਰਲ ਦੀ ਪ੍ਰਤੀ ਵਿਅਕਤੀ ਆਮਦਨ ਭਾਰਤ ਦੀ ਔਸਤਨ ਪ੍ਰਤੀ ਵਿਅਕਤੀ ਆਮਦਨ ਤੋਂ ਲਗਭਗ 1.5 ਤੋਂ 2 ਗੁਣਾ ਵੱਧ ਸੀ। ਪੱਛਮੀ ਸੂਬਿਆਂ ਵਿੱਚ ਤਾਂ ਗੁਜਰਾਤ ਅਤੇ ਮਹਾਰਾਸ਼ਟਰ ਨੇ 1960ਵਿਆਂ ਤੋਂ ਹੀ ਲਗਾਤਾਰ ਔਸਤ ਕੌਮੀ ਪ੍ਰਤੀ ਵਿਅਕਤੀ ਆਮਦਨ ਨੂੰ ਪਿੱਛੇ ਛੱਡਿਆ ਹੋਇਆ ਹੈ। 2023-24 ਵਿੱਚ ਤਾਂ ਗੁਜਰਾਤ ਨੇ ਪ੍ਰਤੀ ਵਿਅਕਤੀ ਆਮਦਨ ਵਿੱਚ ਮਹਾਰਾਸ਼ਟਰ ਨੂੰ ਵੀ ਪਛਾੜ ਦਿੱਤਾ ਹੈ। ਦੱਖਣੀ ਅਤੇ ਪੱਛਮੀ ਖੇਤਰਾਂ ਦੇ ਵਿਪਰੀਤ ਭਾਰਤ ਦੇ ਉੱਤਰੀ ਰਾਜਾਂ ਨੇ ਨਿਰਾਸ਼ਾਜਨਕ ਤਸਵੀਰ ਪੇਸ਼ ਕੀਤੀ ਹੈ। ਦਿੱਲੀ ਅਤੇ ਹਰਿਆਣਾ ਦੀ ਕਾਰਗੁਜ਼ਾਰੀ ਭਾਵੇਂ ਕੁਝ ਤਸੱਲੀਬਖ਼ਸ਼ ਰਹੀ ਹੈ ਪਰ 1991 ਤੋਂ ਬਾਅਦ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਹੋਰ ਕਮਜ਼ੋਰ ਹੋਈ ਹੈ (ਸਾਰਣੀ)। ਇਹ ਤੱਥ ਪੰਜਾਬ ਵਿੱਚ ਉਦਯੋਗਿਕ ਵਿਕਾਸ ਨਾ ਹੋਣ, ਮੌਜੂਦ ਉਦਯੋਗ ਪੰਜਾਬ ਤੋਂ ਬਾਹਰ ਜਾਣ, ਵੱਡੀ ਗਿਣਤੀ ਵਿੱਚ ਪੰਜਾਬੀਆਂ ਦੀ ਖੇਤੀਬਾੜੀ 'ਤੇ ਨਿਰਭਰਤਾ ਹੋਣ ਅਤੇ ਲਗਾਤਾਰ ਘਟਦੇ ਰੁਜ਼ਗਾਰ ਮੌਕਿਆਂ ਦਾ ਸਿੱਟਾ ਹਨ।

ਪੂਰਬੀ ਭਾਰਤ ਵਿੱਚ ਪੱਛਮੀ ਬੰਗਾਲ ਅਤੇ ਬਿਹਾਰ ਨੇ ਪ੍ਰਤੀ ਵਿਅਕਤੀ ਆਮਦਨ ਵਿੱਚ ਮਾੜੀ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਕੀਤਾ ਹੈ, ਭਾਵੇਂ ਬਿਹਾਰ ਵਿੱਚੋਂ ਨਿਕਲੇ ਝਾਰਖੰਡ ਨੇ ਹੋਂਦ ਵਿੱਚ ਆਉਣ ਤੋਂ ਬਾਅਦ ਆਪਣੇ ਪ੍ਰਦਰਸ਼ਨ ਵਿੱਚ ਸੁਧਾਰ ਕੀਤਾ ਹੈ। ਪੂਰਬੀ ਭਾਰਤ ਵਿੱਚ 1990-91 ਤੋਂ ਬਾਅਦ ਕੇਵਲ ਉੜੀਸਾ ਵਿੱਚ ਹੀ ਪ੍ਰਤੀ ਵਿਅਕਤੀ ਆਮਦਨ ਵਿੱਚ ਇਜ਼ਾਫ਼ਾ ਦੇਖਣ ਨੂੰ ਮਿਲਿਆ ਹੈ। ਭਾਰਤ ਦੇ ਮੱਧ ਵਿੱਚ ਸਥਿਤ ਮੱਧ ਪ੍ਰਦੇਸ਼ ਨੇ ਆਪਣੀ ਪੰਜ ਦਹਾਕਿਆਂ ਦੀ ਗਿਰਾਵਟ ਨੂੰ ਉਲਟਾਉਂਦੇ ਹੋਏ 2010 ਤੋਂ ਬਾਅਦ ਪ੍ਰਤੀ ਵਿਅਕਤੀ ਆਮਦਨ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਹ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ 1991 ਦੇ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਤੋਂ ਬਾਅਦ ਪੰਜਾਬ ਅਤੇ ਪੱਛਮੀ ਬੰਗਾਲ ਆਰਥਿਕ ਮੋਰਚੇ 'ਤੇ ਚਿੰਤਾ ਦਾ ਵਿਸ਼ਾ ਬਣ ਕੇ ਉਭਰੇ ਹਨ।

ਮੋਟੇ ਤੌਰ 'ਤੇ ਪੰਜਾਬ ਅਤੇ ਪੱਛਮੀ ਬੰਗਾਲ ਦੀਆਂ ਆਰਥਿਕ ਸਮੱਸਿਆਵਾਂ ਵਿੱਚਕਾਰ ਇੱਕ ਸਮਾਨਤਾ ਹੈ ਤੇ ਉਹ ਹੈ- ਉਦਯੋਗੀਕਰਨ ਵੱਲ ਘਟਦਾ ਰੁਝਾਨ ਜਿਸ ਕਾਰਨ ਦੋਵੇਂ ਰਾਜਾਂ ਦੇ ਰਵਾਇਤੀ ਉਦਯੋਗ ਤਬਾਹ ਹੋ ਗਏ ਹਨ। ਮੂਲ ਤੌਰ 'ਤੇ 1970ਵਿਆਂ ਦੇ ਅਖੀਰ ਤੋਂ ਹੀ ਪੰਜਾਬ ਵਿੱਚ ਹਰੀ ਕ੍ਰਾਂਤੀ ਦੁਆਰਾ ਪੈਦਾ ਕੀਤੇ ਵਿਕਾਸ ਦਾ ਪਤਨ ਸ਼ੁਰੂ ਹੋ ਗਿਆ ਸੀ ਜਿਸ ਦਾ ਵੱਡਾ ਕਾਰਨ ਸੀ ਸਨਅਤੀਕਰਨ ਲਈ ਘੱਟ ਨਿਵੇਸ਼, ਹਰੀ ਕ੍ਰਾਂਤੀ ਦੁਆਰਾ ਵਿਕਸਿਤ ਹੋਏ ਖੇਤੀ ਖੇਤਰ ਤੇ ਲੰਮੇ ਸਮੇਂ ਤਕ ਨਿਰਭਰਤਾ, 1980ਵਿਆਂ ਦਾ ਖਾੜਕੂਵਾਦ ਅਤੇ ਭ੍ਰਿਸ਼ਟਾਚਾਰ। ਇਸੇ ਤਰ੍ਹਾਂ ਪੱਛਮੀ ਬੰਗਾਲ ਦੇ ਪ੍ਰਸੰਗ ਵਿੱਚ ਭਾਵੇਂ ਆਜ਼ਾਦੀ ਤੋਂ ਬਾਅਦ ਮੁੰਬਈ ਅਤੇ ਮਦਰਾਸ ਨਾਲ ਕਲਕੱਤਾ ਉਦਯੋਗੀਕਰਨ ਦਾ ਮੁੱਖ ਆਗੂ ਬਣ ਕੇ ਉਭਰਿਆ ਸੀ ਪਰ ਪਿਛਲੇ ਦੋ ਦਹਾਕਿਆਂ ਦੌਰਾਨ ਪੱਛਮੀ ਬੰਗਾਲ ਦੀ ਆਰਥਿਕ ਸਿਹਤ ਵਿੱਚ ਲਗਾਤਾਰ ਨਿਘਾਰ ਆਇਆ ਹੈ।

ਪੰਜਾਬ ਵਿੱਚ ਖੇਤੀਬਾੜੀ 'ਤੇ ਵੱਧ ਨਿਰਭਰਤਾ ਅਤੇ ਪੱਛਮੀ ਬੰਗਾਲ ਵਿੱਚ ਨਵੇਂ ਉਦਯੋਗ ਨਾ ਲੱਗਣ ਦੇ ਨਾਲ-ਨਾਲ ਕੇਂਦਰ ਅਤੇ ਰਾਜਾਂ ਦੇ ਸਬੰਧਾਂ ਵਿੱਚ ਤਣਾਅ, ਮਜ਼ਦੂਰ ਜਥੇਬੰਦੀਆਂ ਦਾ ਕਮਜ਼ੋਰ ਹੋਣਾ, ਸਰਕਾਰ ਵੱਲੋਂ ਬੁਨਿਆਦੀ ਢਾਂਚੇ ਦੀ ਉਸਾਰੀ ਨਾ ਹੋਣਾ ਅਤੇ ਕਰਜ਼ਿਆਂ ਵਿੱਚ ਬੇਤਹਾਸ਼ਾ ਇਜ਼ਾਫੇ ਨੇ ਵੀ ਇਨ੍ਹਾਂ ਦੋਵੇਂ ਰਾਜਾਂ ਦੀ ਆਰਥਿਕ ਕਾਰਗੁਜ਼ਾਰੀ ਨੂੰ ਪ੍ਰਭਾਵਿਤ ਕੀਤਾ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਆਰਥਿਕ ਦਲਦਲ ਤੋਂ ਛੁਟਕਾਰਾ ਪਾਉਣ ਲਈ ਦੋਵਾਂ ਰਾਜਾਂ ਨੂੰ ਆਪਣੇ ਰਵਾਇਤੀ ਉਦਯੋਗਾਂ ਨੂੰ ਮੁੜ ਸੁਰਜੀਤ ਕਰਨ, ਨਵੀਨ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਅਤੇ ਨਵੇਂ ਨਿਵੇਸ਼ਾਂ ਨੂੰ ਆਕਰਸ਼ਿਤ ਕਰਨ ਲਈ ਕਿਰਿਆਸ਼ੀਲ ਉਪਾਅ ਅਪਣਾਉਣੇ ਚਾਹੀਦੇ ਹਨ।

ਪੰਜਾਬ ਦੇ ਪ੍ਰਸੰਗ ਵਿੱਚ ਉਦਯੋਗਾਂ ਦੇ ਵਿਕਾਸ ਦੀ ਸ਼ੁਰੂਆਤ ਖੇਤੀ ਆਧਾਰਿਤ ਉਦਯੋਗਾਂ ਨਾਲ ਹੋਣੀ ਚਾਹੀਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਦਾ ਡਿੱਗਦਾ ਆਰਥਿਕ ਪੱਧਰ ਬਚਾਉਣ ਲਈ ਹੁਣ ਕੇਵਲ ਖੇਤੀ ਆਧਾਰਿਤ ਉਦਯੋਗਾਂ ਦਾ ਹੀ ਸਹਾਰਾ ਹੈ। ਪੰਜਾਬ ਦੇ ਖੇਤੀ ਸੈਕਟਰ ਵਿੱਚੋਂ ਪੜ੍ਹੇ ਲਿਖੇ ਅਤੇ ਹੁਨਰਮੰਦ ਨੌਜਵਾਨਾਂ ਨੂੰ ਖੇਤੀ ਆਧਾਰਿਤ ਉਦਯੋਗਾਂ ਵਿੱਚ ਨੌਕਰੀ ਦੇ ਕੇ ਲੁਕੀ ਹੋਈ ਬੇਰੁਜ਼ਗਾਰੀ ਨੂੰ ਖ਼ਤਮ ਕੀਤਾ ਜਾ ਸਕਦਾ ਹੈ ਜਿਸ ਨਾਲ ਪੈਦਾਵਾਰ ਤੇ ਆਮਦਨ, ਦੋਵੇਂ ਵਧਣਗੇ। ਚੰਗੀ ਉਪਜ ਨਾਲ ਪੰਜਾਬ ਭੋਜਨ ਤੇ ਫਲ ਆਧਾਰਿਤ ਉਦਯੋਗਾਂ, ਡੇਅਰੀ ਉਤਪਾਦਾਂ ਅਤੇ ਹੋਰ ਖੇਤੀ ਆਧਾਰਿਤ ਉਦਯੋਗਾਂ ਦਾ ਕੇਂਦਰ ਬਣ ਸਕਦਾ ਹੈ। ਆਪਣੀ ਖੇਤੀਬਾੜੀ ਸ਼ਕਤੀ ਦੀ ਖੇਤੀ ਆਧਾਰਿਤ ਉਦਯੋਗਾਂ ਵਿੱਚ ਵਰਤੋਂ ਕਰ ਕੇ ਪੰਜਾਬ ਪ੍ਰਮੁੱਖ ਖੇਤੀ ਆਧਾਰਿਤ ਉਦਯੋਗ-ਅਰਥਚਾਰੇ ਵੱਲ ਤਬਦੀਲ ਹੋ ਸਕਦਾ ਹੈ। ਇਉਂ ਪੰਜਾਬ ਨੂੰ ਉਜਲ ਆਰਥਿਕ ਭਵਿੱਖ ਵੱਲ ਤੋਰਿਆ ਜਾ ਸਕਦਾ ਹੈ।

ਜਿੱਥੋਂ ਤਕ ਪੱਛਮੀ ਬੰਗਾਲ ਦਾ ਸਵਾਲ ਹੈ, ਸੂਬੇ ਦੀ ਸਰਕਾਰ ਨੂੰ ਰਵਾਇਤੀ ਉਦਯੋਗਾਂ ਦੇ ਨਾਲ-ਨਾਲ ਉਦਯੋਗੀਕਰਨ ਦੀ ਪ੍ਰਕਿਰਿਆ ਨੂੰ ਨਵੀਨਤਮ ਬਣਾਉਣ, ਨਵਾਂ ਨਿਵੇਸ਼ ਆਕਰਸ਼ਿਤ ਕਰਨ ਤੇ ਉਦਯੋਗਿਕ ਵਿਕਾਸ ਨੂੰ ਸਮਰਥਨ ਦੇਣ ਲਈ ਬੁਨਿਆਦੀ ਢਾਂਚੇ ਦੇ ਵਿਕਾਸ 'ਚ ਨਿਵੇਸ਼ ਦੀ ਲੋੜ ਹੈ; ਮਿਸਾਲ ਵਜੋਂ, ਸੂਚਨਾ ਤਕਨਾਲੋਜੀ, ਬਾਇਓਟੈਕਨਾਲੋਜੀ ਅਤੇ ਸੂਰਜੀ ਊਰਜਾ ਖੇਤਰਾਂ ਵਿੱਚ ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਸਰਕਾਰ ਵੱਲੋਂ ਉਦਯੋਗਪਤੀਆਂ ਨੂੰ ਮਜ਼ਦੂਰਾਂ ਦੇ ਹੱਕ ਵਿੱਚ ਕੰਮ ਕਰਨ ਲਈ ਹੱਲਾਸ਼ੇਰੀ ਦੇਣ ਦੇ ਨਾਲ-ਨਾਲ ਕਾਰੋਬਾਰਾਂ ਦੀ ਸਥਾਪਨਾ ਲਈ ਸਰਲ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ ਦੀ ਲੋੜ ਹੈ ਤਾਂ ਜੋ ਉੱਦਮਾਂ ਨੂੰ ਉਤਸ਼ਾਹਿਤ ਕਰ ਕੇ ਹੋਰ ਨਿਵੇਸ਼ ਆਕਰਸ਼ਿਤ ਕੀਤਾ ਜਾ ਸਕੇ।

ਇਹ ਬਿਲਕੁਲ ਸਪਸ਼ਟ ਹੈ ਕਿ ਭਾਰਤੀ ਰਾਜਾਂ ਦੀ ਚੰਗੀ ਆਰਥਿਕ ਕਾਰਗੁਜ਼ਾਰੀ ਲਈ ਕੋਈ ਇਕ ਫਾਰਮੂਲਾ ਨਹੀਂ ਬਣ ਸਕਦਾ। ਰਾਜਾਂ ਦੀ ਚੰਗੀ ਕਾਰਗੁਜ਼ਾਰੀ ਲਈ ਰਾਜ ਸਰਕਾਰਾਂ ਦੀ ਭੂਮਿਕਾ ਬਹੁਤ ਅਹਿਮ ਹੈ ਜਿਸ ਨੂੰ ਆਪਣੀਆਂ ਨੀਤੀਆਂ ਇਸ ਪ੍ਰਕਾਰ ਬਣਾਉਣੀਆਂ ਚਾਹੀਦੀਆਂ ਹਨ ਕਿ ਰਾਜਾਂ ਵਿੱਚ ਜੰਗੀ ਪੱਧਰ 'ਤੇ ਵਿਕਾਸ ਕਾਰਜ ਹੋ ਸਕਣ।

# ਮੁਗ਼ਲਾਂ ਖ਼ਿਲਾਫ਼ ਜੰਗ ਵਿੱਢਣ ਵਾਲਾ ਨਾਇਕ ਦੁੱਲਾ ਭੱਟੀ

ਦੁੱਲਾ ਭੱਟੀ ਪੰਜਾਬ ਦੀ ਜ਼ਰਖੇਜ਼ ਜ਼ਮੀਨ 'ਤੇ ਪੈਦਾ ਹੋਇਆ ਇੱਕ ਅਜਿਹਾ ਨਾਬਰ ਸੀ ਜਿਸ ਦੀ ਬਹਾਦਰੀ ਦੇ ਕਿੱਸੇ ਪੂਰੇ ਪੰਜਾਬ ਵਿੱਚ ਮਸ਼ਹੂਰ ਹੋਏ। ਲੋਹੜੀ ਦਾ ਤਿ ਹਾਰ ਵੀ ਦੁੱਲਾ ਭੱਟੀ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਦੁੱਲਾ ਭੱਟੀ ਦਾ ਜਨਮ 16ਵੀਂ ਸ਼ਤਾਬਦੀ ਵਿੱਚ ਜ਼ਿਲ੍ਹਾ ਹਾਫ਼ਿਜ਼ਾਬਾਦ (ਹੁਣ ਪਾਕਿਸਤਾਨ ਵਿੱਚ) ਦੀ ਤਹਿਸੀਲ ਪਿੰਡੀ ਭੱਟੀਆ ਤੋਂ ਕੁਝ ਕੁ ਦੂਰੀ 'ਤੇ ਦਰਿਆ ਚਨਾਬ ਦੇ ਕਿਨਾਰੇ ਵੱਸੇ ਪਿੰਡ ਚੂਚਕ ਦੇ ਨੇੜੇ ਬਦਰ ਦੇ ਮੁਕਾਮ 'ਤੇ ਹੋਇਆ। ਦੁੱਲੇ ਭੱਟੀ ਦਾ ਪੂਰਾ ਨਾਂ ਰਾਏ ਅਬਦੁੱਲਾ ਭੱਟੀ ਸੀ, ਪਰ ਦੁੱਲੇ ਭੱਟੀ ਦੀ ਮਾਂ ਲੱਧੀ ਅਤੇ ਉਸ ਦੇ ਕਬੀਲੇ ਵਾਲੇ ਉਸ ਨੂੰ ਪਿਆਰ ਨਾਲ ਦੁੱਲਾ ਕਹਿ ਕੇ ਬੁਲਾਉਂਦੇ ਸਨ। ਇਹੀ ਨਾਂ ਅੱਗੇ ਚੱਲ ਕੇ ਪੰਜਾਬ ਦੇ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਨਾਲ ਲਿਖਿਆ ਗਿਆ।

ਦੁੱਲੇ ਦੇ ਪਿਤਾ ਦਾ ਨਾਂ ਫ਼ਰੀਦ ਭੱਟੀ ਅਤੇ ਦਾਦੇ ਦਾ ਨਾਂ ਸਾਂਦਲ ਭੱਟੀ ਉਰਫ਼ ਬਿਜਲ ਖਾਨ ਭੱਟੀ ਸੀ। ਸਾਂਦਲ ਬਾਰ ਦਰਿਆ ਰਾਵੀ ਤੇ ਚਨਾਬ ਦਾ ਵਿਚਕਾਰਲਾ ਇਲਾਕਾ ਹੈ ਜਿਸ ਦਾ ਨਾਂ ਦੁੱਲੇ ਦੇ ਦਾਦੇ ਸਾਂਦਲ ਭੱਟੀ ਦੇ ਨਾਂ 'ਤੇ ਮਸ਼ਹੂਰ ਹੋਇਆ ਜਿੱਥੇ ਹਕੂਮਤ ਵੀ ਭੱਟੀ ਰਾਜਪੂਤ ਕਬੀਲੇ ਦੇ ਲੋਕਾਂ ਦੀ ਹੀ ਚੱਲਦੀ ਸੀ। ਉਹ ਆਪਣੇ ਇਲਾਕੇ 'ਤੇ ਕਿਸੇ ਬਾਹਰੀ ਹਮਲਾਵਰ ਨੂੰ ਬਰਦਾਸ਼ਤ ਨਹੀਂ ਕਰਦੇ ਸਨ। ਇਹ ਉਹ ਸਮਾਂ ਸੀ ਜਦੋਂ ਹਿੰਦੋਸਤਾਨ 'ਤੇ ਮੁਗ਼ਲਾਂ ਦਾ ਰਾਜ ਸੀ। ਆਪਣੀ ਧਰਤੀ ਅਤੇ ਕਾਸ਼ਤਕਾਰ ਗਰੀਬ ਮਜ਼ਲੂਮ ਲੋਕਾਂ ਦੇ ਹੱਕਾਂ ਲਈ ਮੁਗ਼ਲਾਂ ਨਾਲ ਟੱਕਰ ਲੈਣ ਬਦਲੇ ਦੁੱਲੇ ਦੇ ਪਿ ਅਤੇ ਦਾਦੇ ਨੂੰ ਮੁਗ਼ਲ ਹਾਕਮਾਂ ਨੇ ਲਾਹੌਰ 'ਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਦੁੱਲਾ ਭੱਟੀ ਵੀ ਆਪਣੇ ਪਿ -ਦਾਦੇ ਵਾਂਗ ਗ਼ਰੀਬ ਮਜ਼ਲੂਮਾਂ ਦੇ ਹੱਕਾਂ ਲਈ ਮੁਗ਼ਲ ਬਾਦਸ਼ਾਹ ਅਕਬਰ ਦੀ ਹਕੂਮਤ ਨਾਲ ਟੱਕਰ ਲੈਂਦਾ ਰਿਹਾ ਤੇ ਅਖੀਰ ਮੁਗ਼ਲ ਬਾਦਸ਼ਾਹ ਅਕਬਰ ਨੇ ਦੁੱਲਾ ਭੱਟੀ ਨੂੰ ਕੈਦ ਕਰ ਕੇ 26 ਮਾਰਚ 1589 ਈਸਵੀ ਨੂੰ ਲਾਹੌਰ ਦੇ ਦਿੱਲੀ ਦਰਵਾਜ਼ੇ ਦੇ ਨਜ਼ਦੀਕ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ।

ਦੁੱਲਾ ਭੱਟੀ ਪੰਜਾਬੀ ਸੂਰਬੀਰ ਯੋਧਾ ਤੇ ਪੰਜਾਬੀਆਂ ਦੀ ਅਣਖ ਤੇ ਗ਼ੈਰਤ ਦਾ ਪ੍ਰਤੀਕ ਸੀ। ਦੁੱਲੇ ਦੀ ਬਹਾਦਰੀ ਦੇ ਅਨੇਕਾਂ ਕਿੱਸੇ ਅਤੇ ਕਹਾਣੀਆਂ ਮਸ਼ਹੂਰ ਹੋਏ। ਅਨੇਕਾਂ ਕਵੀਆਂ ਨੇ ਦੁੱਲੇ ਦੀਆਂ ਵਾਰਾਂ ਲਿਖੀਆਂ ਜਿਨ੍ਹਾਂ ਨੂੰ ਪੰਜਾਬ ਦੇ ਲਗਭਗ ਹਰ ਲੋਕ ਗਾਇਕ ਨੇ ਗਾਇਆ। ਪੰਜਾਬੀ ਫਿਲਮ ਸਨਅਤ ਦੇ ਕਈ ਨਾਮਵਰ ਫਿਲਮਸਾਜ਼ਾਂ ਨੇ ਦੁੱਲੇ ਭੱਟੀ ਦੀ ਜੀਵਨੀ ਨੂੰ ਪਰਦੇ 'ਤੇ ਉਤਾਰਿਆ। ਆਜ਼ਾਦੀ ਤੋਂ ਪਹਿਲਾਂ ਤੇ ਬਾਅਦ ਵਿੱਚ ਦੁੱਲਾ ਭੱਟੀ ਦੇ ਜੀਵਨ 'ਤੇ ਅਨੇਕਾਂ ਫਿਲਮਾਂ ਬਣੀਆਂ। ਪੰਜਾਬੀ ਫਿਲਮ ਸਨਅਤ ਨੇ ਆਪਣੇ ਸ਼ੁਰੂਆਤੀ ਸਾਲਾਂ ਵਿੱਚ ਹੀ ਇਸ ਯੋਧੇ ਦੀ ਵੀਰ ਗਾਥਾ ਨੂੰ ਪਰਦੇ 'ਤੇ ਉਤਾਰ ਦਿੱਤਾ ਸੀ। 1940 ਵਿੱਚ ਦੁੱਲਾ ਭੱਟੀ 'ਤੇ ਪਹਿਲੀ ਫਿਲਮ ਕਮਲਾ ਮੂਵੀਟੋਨ ਲਿਮਟਿਡ, ਲਾਹੌਰ ਦੇ ਬੈਨਰ ਹੇਠ 'ਦੁੱਲਾ ਭੱਟੀ' ਬਣਾਈ ਗਈ



ਜੋ 26 ਅਪਰੈਲ 1940 ਨੂੰ ਰਿਲੀਜ਼ ਹੋਈ। ਰੂਪ ਕੇ. ਸ਼ੋਰੀ ਦੀ ਨਿਰਦੇਸ਼ਨਾ ਹੇਠ ਬਣੀ ਇਸ ਫਿਲਮ ਦਾ ਸੰਗੀਤ ਪੰਡਿਤ ਗੋਬਿੰਦ ਰਾਮ ਨੇ ਦਿੱਤਾ ਅਤੇ ਗੀਤਕਾਰ ਸਨ ਅਜ਼ੀਜ਼ ਕਸ਼ਮੀਰੀ ਅਤੇ ਐਫ.ਡੀ. ਸ਼ਰਫ਼। ਇਸ ਫਿਲਮ ਵਿੱਚ ਕੁਲ 8 ਗੀਤ ਸ਼ਾਮਲ ਕੀਤੇ ਗਏ ਸਨ, ਜਿਨ੍ਹਾਂ ਨੂੰ ਆਵਾਜ਼ਾਂ ਦਿੱਤੀਆਂ ਸਨ ।ਪੀ। ਨਈਅਰ, ਸ਼ਮਸ਼ਾਦ ਬੇਗਮ, ਸਤੀਸ਼ ਬੱਤਰਾ, ਉਮਰਾਜ਼ੀਆ ਬੇਗਮ ਅਤੇ ਰਸ਼ੀਦਾ ਬੇਗਮ ਨੇ। ਇਸ ਫਿਲਮ ਵਿੱਚ ਦੁੱਲਾ ਭੱਟੀ ਦਾ ਕਿਰਦਾਰ ਅਦਾਕਾਰ ਐੱਮ.ਡੀ. ਭੱਟੀ ਅਤੇ ਦੁੱਲੇ ਦੀ ਪ੍ਰੇਮਿਕਾ ਨੂਰਾਂ ਦਾ ਕਿਰਦਾਰ ਮਸ਼ਹੂਰ ਅਦਾਕਾਰਾ ਰਾਗਿਨੀ ਵੱਲੋਂ ਅਦਾ ਕੀਤਾ ਗਿਆ ਸੀ।

ਵੰਡ ਤੋਂ ਬਾਅਦ 1956 ਵਿੱਚ ਲਹਿੰਦੇ ਪੰਜਾਬ ਦੀ ਲਾਹੌਰ ਫਿਲਮ ਸਨਅਤ ਵੱਲੋਂ ਦੁੱਲਾ ਭੱਟੀ ਦੇ ਕਿੱਸੇ 'ਤੇ 'ਦੁੱਲਾ ਭੱਟੀ' ਨਾਂ ਦੀ ਫਿਲਮ ਬਣਾਈ ਗਈ। ਐਵਰਨਿਊ ਪਿਕਚਰਜ਼ ਦੇ ਬੈਨਰ ਹੇਠ ਬਣੀ ਇਸ ਫਿਲਮ ਦਾ ਨਿਰਮਾਤਾ ਆਗਾ ਜੀ। ਏ। ਗੁੱਲ ਸੀ ਅਤੇ ਨਿਰਦੇਸ਼ਕ ਸੀ ਐੱਮ।ਐੱਸ। ਡਾਰ। ਫਿਲਮ ਦਾ ਸੰਗੀਤ ਜੀ। ਏ। ਚਿਸ਼ਤੀ ਵੱਲੋਂ ਤਿਆਰ ਕੀਤਾ ਗਿਆ ਸੀ। ਇਸ ਫਿਲਮ ਦਾ ਸੰਗੀਤ ਬਹੁਤ ਮਕਬੂਲ ਹੋਇਆ ਸੀ। ਮੁਨੱਵਰ ਸੁਲਤਾਨਾ ਦੀ ਆਵਾਜ਼ ਵਿੱਚ ਗਾਇਆ ਗੀਤ 'ਵਾਸਤਾ ਈ ਰੱਬ ਦਾ ਤੂੰ ਜਾਈਂ ਵੇ ਕਬੂਤਰਾ' ਨੇ ਮਕਬੂਲੀਅਤ ਦੇ ਸਾਰੇ ਰਿਕਾਰਡ ਤੋੜ ਦਿੱਤੇ ਸਨ। ਫਿਲਮ ਵਿੱਚ ਸੁਪਰਸਟਾਰ ਸੁਧੀਰ ਅਤੇ ਸਬੀਹਾ ਖਾਨਮ ਨੇ ਅਹਿਮ ਕਿਰਦਾਰ ਅਦਾ ਕੀਤੇ ਸਨ। 6 ਜਨਵਰੀ 1956 ਨੂੰ ਪ੍ਰਦਰਸ਼ਿਤ ਹੋਈ ਇਸ ਫਿਲਮ ਨੇ ਰਿਕਾਰਡ ਤੋੜ ਸਫਲਤਾ ਹਾਸਲ ਕੀਤੀ ਤੇ ਵੰਡ ਤੋਂ ਬਾਅਦ ਇਹ ਪਾਕਿਸਤਾਨ ਵਿੱਚ ਬਣਨ ਵਾਲੀ ਪਹਿਲੀ ਸੁਪਰਹਿੱਟ ਫਿਲਮ ਸੀ। ਇਸ ਫਿਲਮ ਦੀ ਕਾਮਯਾਬੀ ਤੋਂ ਹੋਈ ਕਮਾਈ ਨਾਲ ਲਾਹੌਰ ਦਾ ਮਸ਼ਹੂਰ ਫਿਲਮ ਸਟੂਡੀਓ ਐਵਰਨਿਊ ਬਣਾਇਆ ਗਿਆ ਸੀ।

ਸਾਲ 1966 ਵਿੱਚ ਚੜ੍ਹਦੇ ਪੰਜਾਬ ਵਿੱਚ ਇੱਕ ਵਾਰ ਫਿਰ ਦੁੱਲੇ ਭੱਟੀ ਦੀ ਜ਼ਿੰਦਗੀ ਨੂੰ ਫਿਲਮੀ ਪਰਦੇ 'ਤੇ ਉਤਾਰਿਆ ਗਿਆ। ਸ਼ੰਕਰ ਮੂਵੀਜ਼ ਬੰਬੇ ਦੇ ਬੈਨਰ ਹੇਠ ਨਿਰਮਾਤਾ ਬਲਦੇਵ ਆਰ। ਝੀਂਗਣ ਵੱਲੋਂ ਪੰਜਾਬੀ ਫਿਲਮ 'ਦੁੱਲਾ ਭੱਟੀ' ਬਣਾਈ ਗਈ। ਮਸ਼ਹੂਰ ਨਿਰਦੇਸ਼ਕ ਰਾਜ ਕੁਮਾਰ ਕੋਹਲੀ ਦੀ ਨਿਰਦੇਸ਼ਨਾ ਵਿੱਚ ਬਣੀ ਇਸ ਫਿਲਮ ਦਾ ਸੰਗੀਤਕਾਰ ਐੱਸ। ਮਦਨ ਸੀ। ਗੀਤਕਾਰ ਵਰਮਾ ਮਲਿਕ ਦੇ ਲਿਖੇ ਗੀਤਾਂ ਨੂੰ ਆਵਾਜ਼ਾਂ ਦਿੱਤੀਆਂ ਸਨ ਮੁਹੰਮਦ ਰਫ਼ੀ, ਸ਼ਮਸ਼ਾਦ ਬੇਗਮ, ਸੁਮਨ ਕਲਿਆਣਪੁਰ ਅਤੇ ਮਹਿੰਦਰ ਕਪੂਰ ਨੇ। ਇਸ ਫਿਲਮ ਵਿੱਚ ਦੁੱਲਾ ਭੱਟੀ ਦਾ ਕਿਰਦਾਰ ਮਸ਼ਹੂਰ ਪਹਿਲਵਾਨ ਅਤੇ ਅਦਾਕਾਰ ਦਾਰਾ ਸਿੰਘ ਨੇ ਅਤੇ ਦੁੱਲੇ ਦੀ ਪ੍ਰੇਮਿਕਾ ਨੂਰਾਂ ਦਾ ਕਿਰਦਾਰ ਨਿਸ਼ੀ ਨੇ ਅਦਾ ਕੀਤਾ ਸੀ।

ਸਾਲ 1968 ਵਿੱਚ ਲਹਿੰਦੇ ਪੰਜਾਬ ਦੇ ਮਸ਼ਹੂਰ ਅਦਾਕਾਰ ਅਤੇ ਫਿਲਮਸਾਜ਼ ਐਜਾਜ਼ ਦੁਰਾਨੀ ਵੱਲੋਂ ਸੰਗੀਤ ਪਿਕਚਰਜ਼ ਦੇ ਬੈਨਰ ਹੇਠ ਫਿਲਮ ਬਣਾਈ ਗਈ 'ਦੁੱਲਾ ਹੈਦਰੀ'। ਮੁਹੰਮਦ ਅਮੀਨ ਦੀ ਨਿਰਦੇਸ਼ਨਾ ਵਿੱਚ ਬਣੀ ਇਸ ਫਿਲਮ ਦਾ ਸੰਗੀਤਕਾਰ ਸੀ ਸਫ਼ਦਰ ਹੁਸੈਨ। ਖਵਾਜ਼ਾ ਪਰਵੇਜ਼ ਦੇ ਲਿਖੇ ਗੀਤਾਂ ਨੂੰ ਆਵਾਜ਼ਾਂ ਦਿੱਤੀਆਂ ਸਨ ਨੂਰਜਹਾਂ ਅਤੇ ਇਰੀਨ ਪ੍ਰਵੀਨ ਵੱਲੋਂ। ਇਸ ਫਿਲਮ ਵਿੱਚ ਦੁੱਲਾ ਭੱਟੀ ਦਾ ਕਿਰਦਾਰ ਐਜਾਜ਼ ਦੁਰਾਨੀ, ਨੂਰਾਂ ਦਾ ਕਿਰਦਾਰ ਫਿਰਦੌਸ ਬੇਗਮ ਅਤੇ ਹੈਦਰੀ ਦਾ ਕਿਰਦਾਰ ਇਕਬਾਲ ਹਸਨ ਵੱਲੋਂ ਅਦਾ ਕੀਤਾ ਗਿਆ ਸੀ।

ਸਾਲ 1984 ਵਿੱਚ ਇੱਕ ਵਾਰ ਫਿਰ ਐਵਰਨਿਊ ਪਿਕਚਰਜ਼, ਲਾਹੌਰ ਦੇ ਬੈਨਰ ਹੇਠ ਦੁੱਲਾ ਭੱਟੀ ਦੀ ਲੋਕ ਦਾਸਤਾਨ ਨੂੰ ਫਿਲਮੀ ਪਰਦੇ 'ਤੇ ਉਤਾਰਦਿਆਂ ਪੰਜਾਬੀ ਫਿਲਮ ਬਣਾਈ 'ਦੁੱਲਾ ਭੱਟੀ' ਗਈ। 7 ਸਤੰਬਰ 1984 ਨੂੰ ਰਿਲੀਜ਼ ਹੋਈ ਇਸ ਫਿਲਮ ਦਾ ਨਿਰਦੇਸ਼ਕ ਸੀ ਵਹੀਦ ਡਾਰ ਅਤੇ ਨਿਰਮਾਤਾ ਸੀ ਐੱਸ। ਏ। ਗੁੱਲ। ਇਸ ਫਿਲਮ ਵਿੱਚ ਸੁਪਰਸਟਾਰ ਯੂਸਫ਼ ਖਾਨ ਨੇ ਦੁੱਲਾ ਭੱਟੀ ਅਤੇ ਅੰਜੁਮਨ ਨੇ ਨੂਰਾਂ ਦਾ ਕਿਰਦਾਰ ਅਦਾ ਕੀਤਾ ਸੀ। ਇਸ ਫਿਲਮ ਨੂੰ ਦਰਸ਼ਕਾਂ ਦਾ ਭਰਭੂਰ ਪਿਆਰ ਮਿਲਿਆ ਤੇ ਇਹ ਫਿਲਮ ਸੁਪਰਹਿੱਟ ਸਾਬਤ ਹੋਈ। ਬਿਹਤਰੀਨ ਸੰਗੀਤ ਨਾਲ ਸ਼ਿੰਗਾਰੀ ਇਸ ਫਿਲਮ ਦੇ ਗੀਤ ਲੋਕਾਂ ਨੂੰ ਬੇਹੱਦ ਪਸੰਦ ਆਏ ਜਿਨ੍ਹਾਂ ਵਿੱਚ ਨੂਰਜਹਾਂ ਦੀ ਆਵਾਜ਼ ਵਿੱਚ ਦੋ ਗੀਤ ਸਨ। ਪੰਜਾਬੀ ਫਿਲਮ ਸਨਅਤ ਨੇ 2016 ਵਿੱਚ 'ਦੁੱਲਾ ਭੱਟੀ' ਨਾਂ ਦੀ ਫਿਲਮ ਬਣਾਈ। 10 ਜੂਨ 2016 ਨੂੰ ਰਿਲੀਜ਼ ਹੋਈ ਇਸ ਫਿਲਮ ਵਿੱਚ ਮੁੱਖ ਭੂਮਿਕਾ ਅਦਾਕਾਰ ਬੀਨੂ ਢਿੱਲੋਂ ਵੱਲੋਂ ਨਿਭਾਈ ਗਈ ਸੀ। ਇਸ ਫਿਲਮ ਵਿੱਚ ਨਾਇਕ ਨੂੰ ਆਪਣੇ ਬਾਪ ਦੇ ਕਤਲ ਦਾ ਬਦਲਾ ਲੈਂਦੇ ਵਿਖਾਇਆ ਗਿਆ ਤੇ ਫਿਲਮ ਦੀ ਸ਼ੁਰੂਆਤ ਵਿੱਚ ਇਹ ਲਿਖਿਆ ਗਿਆ ਕਿ ਇਹ ਫਿਲਮ ਦੁੱਲਾ ਭੱਟੀ ਦੇ ਜੀਵਨ ਤੋਂ ਪ੍ਰੇਰਿਤ ਹੈ। ਬੇਸ਼ੱਕ ਇਸ ਫਿਲਮ ਦਾ ਨਾਂ ਦੁੱਲਾ ਭੱਟੀ ਰੱਖਿਆ ਗਿਆ, ਪਰ ਇਸ ਫਿਲਮ ਦੀ ਕਹਾਣੀ ਅਤੇ ਅਸਲ ਦੁੱਲਾ ਭੱਟੀ ਦੀ ਦਾਸਤਾਨ ਵਿੱਚ ਕੋਈ ਮੇਲ ਨਜ਼ਰ ਨਹੀਂ ਆਉਂਦਾ। ਸੋ ਇਸ ਫਿਲਮ ਨੂੰ ਪੰਜਾਬੀ ਨਾਇਕ ਦੁੱਲਾ ਭੱਟੀ ਦੀ ਦਾਸਤਾਨ 'ਤੇ ਬਣੀ ਫਿਲਮ ਨਹੀਂ ਕਿਹਾ ਜਾ ਸਕਦਾ।

– ਅੰਗਰੇਜ ਸਿੰਘ ਵਿਰਦੀ

# ਬਹੁਤ ਭਾਰੀ ਨੁਕਸਾਨ ਕਰ ਰਹੀ ਹੈ ਲਾਸ ਏਂਜਲਸ ਦੇ ਜੰਗਲਾਂ 'ਚ ਫੈਲੀ ਅੱਗ

ਅਮਰੀਕਾ ਦੇ ਲਾਸ ਏਂਜਲਸ ਦੇ ਕਈ ਹਿੱਸਿਆਂ 'ਚ ਜੰਗਲ ਨੂੰ ਲੱਗੀ ਆਗੂ ਬੇਕਾਬੂ ਹੋਣ ਨਾਲ ਭਾਰੀ ਨੁਕਸਾਨ ਹੋਇਆ ਹੈ। ਅੱਗ ਕਾਰਨ ਹੁਣ ਤੱਕ ਘੱਟੋ-ਘੱਟ 7 ਜਾਨਾਂ ਜਾ ਚੁੱਕੀਆਂ ਅਤੇ ਸੈਂਕੜੇ ਇਮਾਰਤਾਂ ਸੜ ਗਈਆਂ ਹਨ। ਇਲਾਕੇ ਦੇ ਕਰੀਬ 1.8 ਲੱਖ ਵਸਨੀਕਾਂ ਨੂੰ ਆਪੋ- ਆਪਣੇ ਘਰ ਛੱਡ ਕੇ ਜਾਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਅੱਗ ਬੁਝਾਉਣ ਵਾਲੇ ਅਮਲੇ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਕਈ ਥਾਵਾਂ ਉੱਤੇ ਅੱਗ ਪੂਰੀ ਤਰ੍ਹਾਂ ਬੇਕਾਬੂ ਹੈ। ਮੌਸਮ ਦੀਆਂ ਸਥਿਤੀਆਂ ਅਤੇ ਜਲਵਾਯੂ ਪਰਿਵਰਤਨ ਦੇ ਗੰਭੀਰ ਪ੍ਰਭਾਵ ਦੇ ਕਰਕੇ ਆਉਣ ਵਾਲੇ ਦਿਨਾਂ ਵਿੱਚ ਅੱਗ ਦਾ ਕਰੋਪ ਜਾਰੀ ਰਹਿਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ।



**ਮੌਜੂਦਾ ਹਾਲਾਤ ਕੀ ਹਨ?**

ਤਕਰਬੀਨ 1.79 ਲੱਖ ਲੋਕਾਂ ਨੂੰ ਲਾਸ ਏਂਜਲਸ ਕਾਉਂਟੀ ਖਾਲੀ ਕਰਨ ਦੇ ਹੁਕਮ ਦਿੱਤੇ ਗਏ ਹਨ। ਉਨ੍ਹਾਂ ਵਿੱਚੋਂ ਬਹੁਤ ਸਾਰੇ ਆਪਣੇ ਘਰ ਛੱਡ ਕੇ ਜੋ ਵੀ ਸਮਾਨ ਲੈ ਸਕਦੇ ਹਨ ਉਹ ਲੈ ਕੇ ਜਾ ਰਹੇ ਹਨ। ਇਸ ਤੋਂ ਇਲਾਵਾ 2 ਲੱਖ ਦੇ ਕਰੀਬ ਲੋਕਾਂ ਨੂੰ ਜਲਦ ਹੀ ਪਲਾਇਨ ਕਰਨ ਦੀ ਲੋੜ ਬਾਰੇ ਚੇਤਾਵਨੀ ਦਿੱਤੀ ਜਾ ਚੁੱਕੀ ਹੈ, ਜਿਸ ਦਾ ਅਰਥ ਹੈ ਉਨ੍ਹਾਂ ਨੂੰ ਵੀ ਜਲਦੀ ਹੀ ਆਪਣੇ ਘਰ ਛੱਡਣ ਦੀ ਲੋੜ ਪੈ ਸਕਦੀ ਹੈ। ਅਧਿਕਾਰਿਤ ਜਾਣਕਾਰੀ ਮੁਤਾਬਕ ਹੁਣ ਤੱਕ ਘੱਟੋ ਘੱਟ 7 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਦੀਆਂ ਲਾਸ਼ਾਂ ਈਟਨ ਫ਼ਾਇਰ ਦੇ ਨੇੜੇ ਮਿਲੀਆਂ ਹਨ। ਹਾਲਾਂਕਿ ਮੌਤ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ।

ਲਾਸ ਏਂਜਲਸ ਕਾਉਂਟੀ ਦੇ ਸ਼ੈਰਿਫ ਰੌਬਰਟ ਲੂਨਾ ਨੇ ਕਿਹਾ ਕਿ ਉਨ੍ਹਾਂ ਨੂੰ ਖ਼ਦਸ਼ਾ ਹੈ ਕਿ ਮਰਨ ਵਾਲਿਆਂ ਦੀ ਗਿਣਤੀ ਵੱਧ ਸਕਦੀ ਹੈ। ਉਨ੍ਹਾਂ ਕਿਹਾ ਕਿ ਪ੍ਰਭਾਵਿਤ ਖੇਤਰਾਂ ਵਿੱਚ ਅੱਗ ਲੱਗਣ ਦੇ ਕਾਰਨਾਂ ਦੀ ਗੰਭੀਰਤਾ ਨਾਲ ਜਾਂਚ ਕੀਤੇ ਜਾਣ ਦੀ ਲੋੜ ਹੈ। ਉਨ੍ਹਾਂ ਚਿੰਤਾ ਪ੍ਰਗਟਾਈ ਕਿ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਜੰਗਲ ਵਿੱਚ ਬੰਬ ਸੁੱਟਿਆ ਗਿਆ ਹੋਵੇ।" ਸ਼ੈਰਿਫ ਲੂਨਾ ਨੇ ਕਿਹਾ ਕਿ ਕਈ ਖਾਲੀ ਕਰਵਾਏ ਗਏ ਇਲਾਕਿਆਂ ਵਿੱਚ ਲੁੱਟਾਂ-ਖੋਹਾਂ ਅਤੇ ਚੋਰੀ ਦੇ ਮਾਮਲੇ ਸਾਹਮਣੇ ਆਏ ਹਨ। ਅਜਿਹੇ ਮਾਮਲਿਆਂ ਵਿੱਚ 20 ਗ੍ਰਿਫ਼ਤਾਰੀਆਂ ਵੀ ਹੋਈਆਂ ਹਨ। ਹਾਲੇ ਤੱਕ ਈਟਨ ਫ਼ਾਇਰ ਪੂਰੀ ਤਰ੍ਹਾਂ ਬੇਕਾਬੂ ਹੈ। ਦੂਜੇ ਪਾਸੇ, ਮਸ਼ਹੂਰ ਹਾਲੀਵੁੱਡ ਹਿੱਲਜ਼ ਖੇਤਰ ਨੂੰ ਖ਼ਤਰੇ ਵਿੱਚ ਪਾਉਣ ਵਾਲੀ ਸਨਸੈੱਟ ਅੱਗ ਕਾਬੂ ਵਿੱਚ ਆਉਣੀ ਸ਼ੁਰੂ ਹੋ ਗਈ ਹੈ ਪਰ ਅਜੇ ਤੱਕ ਮੁਕੰਮਲ ਤੌਰ 'ਤੇ ਖ਼ਤਮ ਨਹੀਂ ਹੋਈ ਹੈ।

ਪਹਿਲਾਂ ਹਾਲੀਵੁੱਡ ਹਿਲਸ ਵੈਸਟ ਇਲਾਕੇ ਨੂੰ ਖ਼ਾਲੀ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ ਜੋ ਬਾਅਦ ਵਿੱਚ ਵਾਪਸ ਲੈ ਲਏ ਗਏ। ਇੱਕ ਅੱਗ ਬਝਾਉਣ ਵਾਲੇ ਅਮਲੇ ਦੇ ਮੈਂਬਰ ਨੇ ਦੱਸਿਆ,"ਆਲੇ-ਦੁਆਲੇ ਸਭ ਕੁਝ ਤਬਾਹ ਹੋ ਗਿਆ ਹੈ।" 5,300 ਤੋਂ ਵੱਧ ਇਮਾਰਤਾਂ ਇਸ ਅੱਗ ਵਿੱਚ ਢਹਿ-ਢੇਰੀ ਹੋ ਸਕਦੀਆਂ ਹਨ। ਜਿਨ੍ਹਾਂ ਵਿੱਚ ਘਰ, ਸਕੂਲ ਅਤੇ ਮਸ਼ਹੂਰ ਸਨਸੈਟ ਬੁਲੇਵਾਰਡ ਦੀਆਂ ਕਾਰੋਬਾਰੀ ਇਮਾਰਤਾਂ ਸ਼ਾਮਲ ਹਨ। ਆਪਣੇ ਘਰ ਗੁਆਉਣ ਵਾਲੀਆਂ ਮਸ਼ਹੂਰ ਹਸਤੀਆਂ ਵਿੱਚ ਲੇਟਨ ਮੀਸਟਰ ਅਤੇ ਐਡਮ ਬ੍ਰੋਡੀ, ਜੋ ਕੁਝ ਦਿਨ ਪਹਿਲਾਂ ਗੋਲਡਨ ਗਲੋਬ ਸਮਾਗਮ ਦਾ ਹਿੱਸਾ ਸਨ ਅਤੇ ਇਸੇ ਤਰ੍ਹਾਂ ਪੈਰਿਸ ਹਿਲਟਨ ਨੂੰ ਵੀ ਆਪਣਾ ਘਰ ਅੱਗ ਵਿੱਚ ਗਵਾਉਣਾ ਪਿਆ। ਬੀਮਾ ਉਦਯੋਗ ਨੂੰ ਡਰ ਹੈ ਕਿ ਇਹ ਅਮਰੀਕਾ ਦੇ ਇਤਿਹਾਸ ਵਿੱਚ ਸਭ ਤੋਂ ਮਹਿੰਗਾ ਜੰਗਲੀ ਅੱਗ ਦਾ ਪ੍ਰਕੋਪ ਸਾਬਤ ਹੋ ਸਕਦਾ ਹੈ। ਹੁਣ ਤੱਕ ਜਿੰਨੀਆਂ ਜਾਇਦਾਦਾਂ ਅਤੇ ਜਨਤਕ ਢਾਂਚੇ ਅੱਗ ਦੀ ਲਪੇਟ ਵਿੱਚ ਆਏ ਹਨ, ਉਸ ਤੋਂ ਲੱਗੇ ਅੰਦਾਜ਼ੇ ਮੁਤਾਬਕ ਇਹ ਨੁਕਸਾਨ 800 ਕਰੋੜ ਅਮਰੀਕੀ ਡਾਲਰ ਤੋਂ ਵੱਧ ਦਾ ਹੋ ਸਕਦਾ ਹੈ।

ਅੱਗ ਬੁਝਾਉਣ ਵਾਲਿਆਂ ਲਈ ਥੋੜ੍ਹੀ ਰਾਹਤ ਦੀ ਖ਼ਬਰ ਇਹ ਹੈ ਕਿ ਦੱਖਣੀ ਕੈਲੀਫੋਰਨੀਆ ਵਿੱਚ ਅੱਗ ਪਹਿਲਾਂ ਦੇ ਮੁਕਾਬਲੇ ਘੱਟ ਹੋਣ ਦੀ ਸੰਭਾਵਨਾ ਹੈ। ਪਰ ਮੌਸਮ ਦੀ ਭਵਿੱਖਬਾਣੀ ਕਰਨ ਵਾਲੇ ਸਾਰਾਹ ਕੀਥ-ਲੂਕਾਸ ਦਾ ਕਹਿਣਾ ਹੈ ਕਿ ਘੱਟੋ-ਘੱਟ ਅਗਲੇ ਹਫ਼ਤੇ ਤੱਕ ਇਸ ਇਲਾਕੇ ਵਿੱਚ ਮੀਂਹ ਦੀ ਕੋਈ ਭਵਿੱਖਬਾਣੀ ਨਹੀਂ ਹੈ, ਜਿਸ ਦਾ ਅਰਥ ਹੈ ਕਿ ਹਾਲਾਤ ਹੋਰ ਅੱਗ ਲਈ ਤਿਆਰ ਹਨ। ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਬਿਜਲੀ ਕੱਟ ਦਿੱਤੀ ਗਈ ਹੈ ਅਤੇ ਸੜਕਾਂ ਉੱਤੇ ਟ੍ਰੈਫਿਕ ਜਾਮ ਹੈ। ਲਾਸ ਏਂਜਲਸ ਦੇ ਬਹੁਤ ਸਾਰੇ ਸਕੂਲਾਂ ਅਤੇ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਨੂੰ ਬੰਦ ਕਰਨਾ ਪਿਆ ਹੈ। ਅਜਿਹੀ ਕਿਸੇ ਘਟਨਾ ਦੀ ਸੰਭਾਨਵਾ ਤੋਂ ਪਹਿਲਾਂ ਦੀ ਤਿਆਰੀ ਨੂੰ ਲੈ ਕੇ ਸਿਆਸਤ ਭੜਕ ਗਈ ਹੈ। ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੌਨਲਡ ਟਰੰਪ ਨੇ ਵੀ ਇਹ ਮੁੱਦਾ ਚੁੱਕਿਆ ਹੈ। ਅੱਗ ਬੁਝਾਉਣ ਵਾਲੇ ਅਮਲੇ ਅੱਗ ਦੇ ਫ਼ੈਲਾਅ ਨੂੰ ਕਾਬੂ ਪਾਉਣ ਲਈ ਪਾਣੀ ਦੀ ਘਾਟ ਨਾਲ ਵੀ ਜੂਝ ਰਹੇ ਹਨ। ਲਾਸ ਏਂਜਲਸ ਕਾਉਂਟੀ ਦੇ ਫ਼ਾਇਰ ਚੀਫ਼ ਐਂਥਨੀ ਮੈਰੋਨ ਨੇ ਵੀਰਵਾਰ ਦੁਪਹਿਰ ਨੂੰ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਉਨ੍ਹਾਂ ਨੂੰ ਇਹ ਰਿਪੋਰਟ ਨਹੀਂ ਮਿਲੀ ਸੀ ਕਿ ਅੱਗ ਬੁਝਾਉਣ ਵਾਲੇ ਵਾਹਨਾਂ ਵਿੱਚ ਵਿੱਚ ਪਾਣੀ ਜਾਂ ਤਾਂ ਖ਼ਤਮ ਹੋ ਗਿਆ ਹੈ ਜਾਂ ਫ਼ਿਰ ਪਾਣੀ ਦਾ ਦਬਾਅ ਘੱਟ ਗਿਆ ਹੈ। ਪਰ ਗੁਆਂਢੀ ਪਾਸਡੇਨਾ ਵਿੱਚ, ਫਾਇਰ ਚੀਫ਼ ਚੈਡ ਆਗਸਟਿਨ ਨੇ ਕਿਹਾ ਕਿ ਅਜਿਹਾ ਥੋੜ੍ਹੇ ਸਮੇਂ ਲਈ ਹੋਇਆ ਸੀ ਪਰ ਹੁਣ ਸਾਰੇ ਮਸਲੇ ਹੱਲ ਹੋ ਗਏ ਹਨ।

**ਅੱਗ ਕਿਹੜੇ ਇਲਾਕਿਆਂ ਵਿੱਚ ਲੱਗੀ ਹੈ?**



ਵੀਰਵਾਰ ਨੂੰ ਕੈਲੀਫੋਰਨੀਆ ਦੇ ਫਾਇਰ ਅਧਿਕਾਰੀਆਂ ਨੇ ਦੱਸਿਆ, ਵਿਆਪਕ ਖੇਤਰ ਵਿੱਚ ਘੱਟੋ ਘੱਟ ਪੰਜ ਇਲਾਕਿਆਂ ਵਿੱਚ ਅੱਗ ਭੜਕ ਰਹੀ ਹੈ:

**ਪਾਲੀਸਾਡੇਸ:** ਮੰਗਲਵਾਰ ਨੂੰ ਅੱਗ ਪਾਲੀਸਾਡੇਸ ਤੋਂ ਸ਼ੁਰੂ ਹੋਈ ਅਤੇ ਇਹ ਅਮਰੀਕਾ ਦੇ ਇਤਿਹਾਸ ਦੀ ਸਭ ਤੋਂ ਵਿਨਾਸ਼ਕਾਰੀ ਅੱਗ ਸਾਬਤ ਹੋ ਸਕਦੀ ਹੈ। ਅੱਗ 17,000 ਏਕੜ ਵਿੱਚ ਫ਼ੈਲੀ ਹੋਈ ਹੈ।

**ਈਟਨ:** ਇਸ ਨੇ ਲਾਸ ਏਂਜਲਸ ਦੇ ਉੱਤਰੀ ਹਿੱਸੇ ਨੂੰ ਆਪਣੀ ਮਾਰ ਹੇਠ ਲਿਆ। ਇਸ ਖੇਤਰ ਵਿੱਚ ਅੱਗ ਨੇ ਤਕਰੀਬਨ 14,000 ਏਕੜ ਜ਼ਮੀਨ ਨੂੰ ਆਪਣੀ ਲਪੇਟ ਵਿੱਚ ਲੈ ਲਿਆ।

**ਹਰਸਟ:** ਸੈਨ ਫਰਨਾਂਡੋ ਦੇ ਬਿਲਕੁਲ ਉੱਤਰ ਵਿੱਚ ਸਥਿਤ ਇਸ ਖੇਤਰ ਵਿੱਚ 670 ਏਕੜ ਤੱਕ ਅੱਗ ਨੇ ਮਾਰ ਕੀਤੀ। ਹਾਲਾਂਕਿ ਅੱਗ ਬੁਝਾਉਣ ਵਾਲਾ ਅਮਲਾ ਇਸ ਨੂੰ ਕਾਬੂ ਕਰਨ ਵਿੱਚ ਕੁਝ ਸੀਮਤ ਸਫਲਤਾ ਮਿਲੀ ਹੈ।

**ਲਿਡੀਆ:** ਲਾਸ ਏਂਜਲਸ ਦੇ ਉੱਤਰ ਵਿੱਚ ਪਹਾੜੀ ਐਕਟਨ ਖੇਤਰ ਵਿੱਚ ਬੁੱਧਵਾਰ ਦੁਪਹਿਰ ਨੂੰ ਅੱਗ ਫ਼ੈਲੀ ਅਤੇ ਤਕਰੀਬਨ 350 ਏਕੜ ਤੱਕ ਪਹੁੰਚ ਗਈ।

**ਕੇਨੇਥ:** ਇਹ ਅੱਗ ਵੀਰਵਾਰ ਨੂੰ ਲਾਸ ਏਂਜਲਸ ਅਤੇ ਵੈਨਟੂਰਾ ਕਾਉਂਟੀ ਦੀ ਸਰਹੱਦ 'ਤੇ ਲੱਗੀ। ਇਹ ਹੁਣ ਤੱਕ 50 ਏਕੜ ਨੂੰ ਕਵਰ ਕਰ ਚੁੱਕੀ ਹੈ।

**ਸਨਸੈੱਟ:** ਇਹ ਬੁੱਧਵਾਰ ਸ਼ਾਮ ਨੂੰ ਹਾਲੀਵੁੱਡ ਹਿਲਸ ਵਿੱਚ ਫੈਲ ਗਈ, ਇੱਕ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਤਕਰਬੀਨ 20 ਏਕੜ ਇਲਾਕਾ ਇਸ ਦੀ ਲਪੇਟ ਵਿੱਚ ਸੀ। ਇਸ ਨੂੰ ਹੁਣ ਕਾਬੂ ਕਰ ਲਿਆ ਗਿਆ ਹੈ। ਅਧਿਕਾਰੀਆਂ ਨੇ ਇਸ ਖੇਤਰ ਵਿੱਚ ਚੱਲੀਆਂ ਤੇਜ਼ ਹਵਾਵਾਂ ਅਤੇ ਸੋਕੇ ਕਾਰਨ ਅੱਗ ਲੱਗਣ ਦੀ ਸੰਭਾਵਨਾ ਵੱਲ ਇਸ਼ਾਰਾ ਕੀਤਾ ਹੈ। ਉਨ੍ਹਾਂ ਦਾ ਮੰਨਣਾ ਹੈ ਇਸ ਨਾਲ ਬਨਸਪਤੀ ਬਹੁਤ ਖੁਸ਼ਕ ਹੋ ਕੇ ਸੜਣ ਦੇ ਅਨੁਕੂਲ ਬਣ ਗਈ ਸੀ। ਫਿਲਹਾਲ, ਅਧਿਕਾਰੀਆਂ ਨੇ ਕਿਹਾ ਹੈ ਕਿ ਅੱਗ ਲੱਗਣ ਦਾ ਕਾਰਨ ਸਪੱਸ਼ਟ ਨਹੀਂ ਹੈ ਅਤੇ ਜਾਂਚ ਜਾਰੀ ਹੈ। ਕੈਲੀਫੋਰਨੀਆ ਫਾਇਰ ਸਰਵਿਸ ਦੇ ਬਟਾਲੀਅਨ ਦੇ ਮੁਖੀ ਡੇਵਿਡ ਅਕੂਨਾ ਮੁਤਾਬਕ, ਇਲਾਕੇ ਦੇ ਜੰਗਲਾਂ ਵਿੱਚ ਲੱਗੀ ਅੱਗ ਦਾ ਵੱਡਾ ਕਾਰਨ ਮਨੁੱਖੀ ਗਤੀਵਿਧੀਆਂ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਉਹ ਇਸ ਬਾਰੇ ਜਾਂਚ ਕਰ ਰਹੇ ਹਨ ਕਿ ਅੱਗ ਲੱਗੀ ਕਿਵੇਂ ਸੀ।

**ਜਲਵਾਯੂ ਤਬਦੀਲੀ ਨੇ ਕੀ ਭੂਮਿਕਾ ਨਿਭਾਈ ਹੈ?**

ਫ਼ਿਲਹਾਲ ਤੇਜ਼ ਹਵਾਵਾਂ ਅਤੇ ਮੀਂਹ ਦੀ ਕਮੀ ਅੱਗ ਨੂੰ ਵਧਾ ਰਹੀ ਹੈ। ਮਾਹਰਾਂ ਦਾ ਕਹਿਣਾ ਹੈ ਕਿ ਜਲਵਾਯੂ ਤਬਦੀਲੀ ਇਸ ਇਲਾਕੇ ਦੇ ਕੁਦਰਤੀ ਸੁਭਾਅ ਨੂੰ ਬਦਲ ਰਹੀ ਹੈ ਅਤੇ ਅੱਗ ਦੀਆਂ ਅਜਿਹੀਆਂ ਘਟਨਾਵਾਂ ਦੀਆਂ ਸੰਭਾਵਨਾ ਨੂੰ ਵਧਾ ਰਹੀ ਹੈ। ਅਮਰੀਕਾ ਸਰਕਾਰ ਦੀ ਮੌਜੂਦਾ ਜਾਂਚ ਤੋਂ ਇਹ ਸਪੱਸ਼ਟ ਨਹੀਂ ਹੈ ਕਿ ਪੱਛਮੀ ਸੰਯੁਕਤ ਰਾਜ ਵਿੱਚ ਜਲਵਾਯੂ ਪਰਿਵਰਤਨ ਕਾਰਨ ਹੀ ਇੰਨੇ ਵੱਡੇ ਪੱਧਰ ਉੱਤੇ ਇੰਨੀ ਗੰਭੀਰ ਜੰਗਲੀ ਅੱਗ ਲੱਗੀ ਹੈ।

ਰਾਸ਼ਟਰੀ ਸਮੁੰਦਰੀ ਅਤੇ ਵਾਯੂਮੰਡਲ ਪ੍ਰਸ਼ਾਸਨਿਕ ਅਧਿਕਾਰੀਆਂ ਮੁਤਾਬਕ, "ਵਧੀ ਹੋਈ ਗਰਮੀ, ਵਧਿਆ ਸੋਕਾ, ਅਤੇ ਪਾਣੀ ਦੀ ਘਾਟ ਸਣੇ, ਪੱਛਮੀ ਸੰਯੁਕਤ ਰਾਜ ਵਿੱਚ ਜੰਗਲੀ ਅੱਗ ਨੂੰ ਵਧਾਉਣ ਵਿੱਚ ਜਲਵਾਯੂ ਪਰਿਵਰਤਨ ਇੱਕ ਮੁੱਖ ਚਾਲਕ ਰਿਹਾ ਹੈ।" ਅਤੇ ਹਾਲ ਹੀ ਦੇ ਮਹੀਨਿਆਂ ਵਿੱਚ ਕੈਲੀਫ਼ੋਰਨੀਆ ਸਖ਼ਤ ਗਰਮੀ ਅਤੇ ਮੀਂਹ ਦੀ ਘਾਟ ਵਿੱਚੋਂ ਲੰਘਿਆ ਹੈ।

ਦੱਖਣੀ ਕੈਲੀਫੋਰਨੀਆ ਵਿੱਚ ਆਮ ਤੌਰ 'ਤੇ ਮਈ ਤੋਂ ਅਕਤੂਬਰ ਤੱਕ ਅੱਗ ਲੱਗਣ ਦੀ ਸੰਭਾਵਨਾ ਰਹਿੰਦੀ ਹੈ। ਪਰ ਰਾਜ ਦੇ ਗਵਰਨਰ, ਗੇਵਿਨ ਨਿਊਜ਼ਮ ਦੱਸਿਆ ਹੈ ਕਿ ਇਸ ਇਲਾਕੇ ਵਿੱਚ ਅੱਗ ਇੱਕ ਅਜਿਹਾ ਮਸਲਾ ਹੈ ਜੋ ਸਦਾ ਜੀਵਨ ਦੇ ਨਾਲ ਰਹਿੰਦਾ ਹੈ। ਉਨ੍ਹਾਂ ਕਿਹਾ, "ਇੱਥੇ ਅੱਗ ਦਾ ਕੋਈ ਮੌਸਮ ਨਹੀਂ ਹੈ। ਬਲਕਿ ਪੂਰਾ ਸਾਲ ਹੀ ਅੱਗ ਦਾ ਸਾਲ ਰਹਿੰਦਾ ਹੈ।"

# ਜਸਟਿਨ ਟਰੂਡੋ ਦੀ ਥਾਂ ਕਿਹੜੇ ਆਗੂ ਲੈ ਸਕਦੇ ਨੇ



ਜਸਟਿਨ ਟਰੂਡੋ ਦੇ ਕੈਨੇਡੀਅਨ ਪ੍ਰਧਾਨ ਮੰਤਰੀ ਵਜੋਂ 9 ਸਾਲ ਪੂਰੇ ਹੋਣ ਜਾ ਰਹੇ ਹਨ। ਇਸ ਵਿਚਾਲੇ ਉਨ੍ਹਾਂ ਨੇ ਗਵਰਨਿੰਗ ਲਿਬਰਲ ਪਾਰਟੀ ਦੇ ਨੇਤਾ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ। ਇਸ ਦਾ ਮਤਲਬ ਹੈ ਕਿ ਆਮ ਚੋਣਾਂ ਵਿੱਚ ਮੁਕਾਬਲਾ ਕਰਨ ਲਈ ਉਨ੍ਹਾਂ ਦੀ ਪਾਰਟੀ ਨੂੰ ਹੁਣ ਇੱਕ ਨਵਾਂ ਆਗੂ ਲੱਭਣਾ ਪਵੇਗਾ, ਜਦਕਿ ਇਨ੍ਹਾਂ ਚੋਣਾਂ ਵਿੱਚ ਪੋਲ ਨੇ ਸੰਕੇਤ ਦਿੱਤਾ ਹੈ ਕਿ ਉਨ੍ਹਾਂ ਦੀ ਪਾਰਟੀ ਹਾਰ ਵੱਲ ਵਧ ਰਹੀ ਹੈ। ਇਸ ਸਭ ਦੇ ਵਿਚਾਲੇ ਕੁਝ ਆਗੂ ਅਜਿਹੇ ਹਨ ਜਿਨ੍ਹਾਂ ਦੀ ਲਿਬਰਲ ਲੀਡਰਸ਼ਿਪ ਦੀ ਦੌੜ ਵਿੱਚ ਸ਼ਾਮਲ ਹੋਣ ਦੀ ਉਮੀਦ ਹੈ। ਇਨ੍ਹਾਂ ਆਗੂਆਂ ਵਿੱਚ ਕੈਨੇਡਾ ਦੀ ਭਾਰਤੀ ਮੂਲ ਦੀ ਮੰਤਰੀ ਅਨੀਤਾ ਆਨੰਦ ਵੀ ਸ਼ਾਮਲ ਸੀ। ਪਰ ਹਾਲ ਹੀ 'ਚ ਉਨ੍ਹਾਂ ਨੇ ਇੱਕ ਜਨਤਕ ਬਿਆਨ ਜਾਰੀ ਕਰਕੇ ਇਹ ਐਲਾਨ ਕੀਤਾ ਕਿ ਉਹ ਲਿਬਰਲ ਪਾਰਟੀ ਦਾ ਅਗਲਾ ਨੇਤਾ ਬਣਨ ਦੀ ਦੌੜ 'ਚ ਸ਼ਾਮਲ ਨਹੀਂ ਹੋਣਗੇ ਅਤੇ ਕਵਿਲ ਲਈ ਵੀ ਸੰਸਦ ਮੈਂਬਰ ਵਜੋਂ ਦੁਬਾਰਾ ਚੋਣ ਨਹੀਂ ਲੜਨਗੇ।

**ਅਨੀਤਾ ਆਨੰਦ ਨੇ ਆਪਣੇ ਬਿਆਨ 'ਚ ਕੀ ਕਿਹਾ?**

ਕੈਨੇਡਾ ਦੇ ਟਰਾਂਸਪੋਰਟ ਮੰਤਰੀ ਅਨੀਤਾ ਆਨੰਦ ਨੇ 12 ਜਨਵਰੀ 2025 ਨੂੰ ਇੱਕ ਬਿਆਨ ਜਾਰੀ ਕਰਕੇ ਪ੍ਰਧਾਨ ਮੰਤਰੀ ਦੀ ਦੌੜ 'ਚੋਂ ਬਾਹਰ ਹੋਣ ਦਾ ਐਲਾਨ ਕੀਤਾ। ਉਹ ਲਿਖਦੇ ਹਨ, "2019 ਤੋਂ ਮੈਨੂੰ ਕਵਿਲ ਦੇ ਸੰਸਦ ਮੈਂਬਰ ਅਤੇ ਕੈਬਨਿਟ ਮੈਂਬਰ ਵਜੋਂ ਸੇਵਾ ਕਰਨ ਦਾ ਮਾਣ ਮਿਲਿਆ। ਇਨ੍ਹਾਂ ਅਹੁਦਿਆਂ 'ਤੇ ਰਹਿੰਦਿਆਂ ਮੈਂ ਕੈਨੇਡਾ ਨੂੰ ਸੁਰੱਖਿਅਤ, ਮਜ਼ਬੂਤ ਅਤੇ ਆਜ਼ਾਦ ਰੱਖਣ ਲਈ ਸਭ ਕੁਝ ਕੀਤਾ। ਮੈਂ ਜਨਤਕ ਖ਼ੇਤਰ 'ਚ ਦਾਖਲ ਹੋਈ ਕਿਉਂਕਿ ਆਪਣੇ ਭਾਈਚਾਰੇ ਅਤੇ ਦੇਸ਼ ਲਈ ਇੱਕ ਸਾਰਥਕ ਯੋਗਦਾਨ ਪਾਉਣ ਦਾ ਉਦੇਸ਼ ਸੀ, ਜੋ ਮੇਰੇ ਮਾਪਿਆਂ ਤੋਂ ਮੇਰੇ ਅੰਦਰ ਆਇਆ, ਜਿਨ੍ਹਾਂ ਨੇ ਮੇਰੇ ਜਨਮ ਤੋਂ ਪਹਿਲਾਂ ਕੈਨੇਡਾ 'ਚ ਪਰਵਾਸ ਕਰ ਲਿਆ ਸੀ।" ਉਹ ਕਹਿੰਦੇ ਹਨ, "ਭਾਵੇਂ ਮੇਰੀ ਜ਼ਿੰਦਗੀ ਦਾ ਇਹ ਹਿੱਸਾ ਚੁਣੌਤੀਆਂ ਭਰਿਆ ਰਿਹਾ, ਪਰ ਸਭ ਦੇ ਸਹਿਯੋਗ ਨਾਲ ਕੰਮ ਕਰਕੇ ਕੈਨੇਡੀਅਨਾਂ ਦੇ ਹੱਕ 'ਚ ਨਤੀਜੇ ਪ੍ਰਦਾਨ ਕਰਨ ਨੂੰ ਲੈ ਕੇ ਸੰਤੁਸ਼ਟ ਹਾਂ।" ਅਨੀਤਾ ਨੇ ਅੱਗੇ ਲਿਖਿਆ, "ਅੱਜ ਮੈਂ ਐਲਾਨ ਕਰਦੀ ਹਾਂ ਕਿ ਮੈਂ ਲਿਬਰਲ ਪਾਰਟੀ ਦਾ ਅਗਲਾ ਨੇਤਾ ਬਣਨ ਦੀ ਦੌੜ ਵਿੱਚ ਸ਼ਾਮਲ ਨਹੀਂ ਹੋਵਾਂਗੀ ਅਤੇ ਓਕਵਿਲ ਲਈ ਸੰਸਦ ਮੈਂਬਰ ਵਜੋਂ ਦੁਬਾਰਾ ਚੋਣ ਨਹੀਂ ਲੜਾਂਗੀ। ਮੈਂ ਅਗਲੀਆਂ ਚੋਣਾਂ ਤੱਕ ਇੱਕ ਜਨਤਕ ਅਹੁਦੇਦਾਰ ਵਜੋਂ ਆਪਣੀ ਭੂਮਿਕਾ ਨੂੰ ਪੂਰੇ ਸਤਿਕਾਰ ਨਾਲ ਨਿਭਾਉਂਦੀ ਰਹਾਂਗੀ।" "ਹੁਣ ਜਦੋਂ ਪ੍ਰਧਾਨ ਮੰਤਰੀ ਨੇ ਆਪਣੇ ਜੀਵਨ ਦੇ ਅਗਲੇ ਅਧਿਆਇ ਵਿੱਚ ਜਾਣ ਦਾ ਫੈਸਲਾ ਕਰ ਲਿਆ ਹੈ, ਮੈਂ ਇਹ ਮਹਿਸੂਸ ਕੀਤਾ ਕਿ ਮੇਰੇ ਲਈ ਵੀ ਇਹੀ ਸਹੀ ਸਮਾਂ ਹੈ ਕਿ ਮੈਂ ਅਧਿਆਪਨ, ਖੋਜ ਅਤੇ ਜਨਤਕ ਨੀਤੀ ਵਿਸ਼ਲੇਸ਼ਣ ਦੇ ਆਪਣੇ ਪੁਰਾਣੇ ਪੇਸ਼ੇਵਰ ਜੀਵਨ ਵੱਲ ਮੁੜ ਜਾਵਾਂ।" ਉਨ੍ਹਾਂ ਨੇ ਅੰਤ 'ਚ ਕਿਹਾ ਕਿ ਮੇਰਾ ਸੰਸਦ ਮੈਂਬਰ ਵਜੋਂ ਲਿਬਰਲ ਟੀਮ ਵਿੱਚ ਸਵਾਗਤ ਕਰਨ ਅਤੇ ਮੈਨੂੰ ਕੈਬਨਿਟ 'ਚ ਪ੍ਰਮੁੱਖ ਵਿਭਾਗ ਸੌਂਪਣ ਲਈ ਮੈਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਦਿਲੋਂ ਧੰਨਵਾਦੀ ਕਰਦੀ ਹਾਂ।

**ਕੌਣ ਹਨ ਅਨੀਤਾ ਆਨੰਦ?**

ਅਨੀਤਾ ਆਨੰਦ ਨੂੰ ਅਕਸਰ ਲਿਬਰਲ ਪਾਰਟੀ ਦੇ ਵਧੇਰੇ ਉਤਸ਼ਾਹੀ ਮੈਂਬਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। 57 ਸਾਲਾ ਪੇਸ਼ੇ ਤੋਂ ਵਕੀਲ ਅਨੀਤਾ ਅਨੰਦ ਸਿਆਸਤ ਵਿੱਚ 2019 ਵਿੱਚ ਆਏ, ਜਦੋਂ ਉਨ੍ਹਾਂ ਨੂੰ ਟੋਰਾਂਟੋ ਦੇ ਠੀਕ ਬਾਹਰ ਓਕਵਿਲੇ ਦੀ ਨੁਮਾਇੰਦਗੀ ਕਰਨ ਲਈ ਚੁਣਿਆ ਗਿਆ। ਆਕਸਫੋਰਡ ਤੋਂ ਪੜ੍ਹਾਈ ਕਰ ਚੁੱਕੇ ਅਨੀਤਾ ਅਨੰਦ ਦਾ ਪਿਛੋਕੜ ਵਿੱਤੀ ਮਾਰਕੀਟ ਰੈਗੂਲੇਸ਼ਨ ਅਤੇ ਕਾਰਪੋਰੇਟ ਗਵਰਨੈਂਸ ਵਿੱਚ ਹੈ। ਉਨ੍ਹਾਂ ਨੂੰ ਪਬਲਿਕ ਸਰਵਿਸ ਐਂਡ ਪ੍ਰੋਕਿਓਰਮੈਂਟ ਯਾਨਿ ਜਨਤਕ ਸੇਵਾ ਅਤੇ ਖਰੀਦ ਮੰਤਰੀ ਬਣਾਇਆ ਗਿਆ ਸੀ। ਉਨ੍ਹਾਂ ਨੂੰ ਕੋਵਿਡ ਮਹਾਮਾਰੀ ਦੌਰਾਨ ਟੀਕੇ ਅਤੇ ਨਿੱਜੀ ਸੁਰੱਖਿਆ ਉਪਕਰਨਾਂ ਨੂੰ ਸੁਰੱਖਿਅਤ ਕਰਨ ਦਾ ਮਿਸ਼ਨ ਸੌਂਪਿਆ ਗਿਆ। ਉਨ੍ਹਾਂ ਨੂੰ 2021 ਵਿੱਚ ਰੱਖਿਆ ਮੰਤਰੀ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਨੇ ਰੂਸ ਦੇ ਖ਼ਿਲਾਫ਼ ਜੰਗ ਵਿੱਚ ਯੂਕਰੇਨ ਲਈ ਸਹਾਇਤਾ ਪ੍ਰਦਾਨ ਕਰਨ ਦੇ ਕੈਨੇਡਾ ਦੇ ਯਤਨਾਂ ਦੀ ਅਗਵਾਈ ਕੀਤੀ ਅਤੇ ਜਿਨਸੀ ਦੁਰਵਿਹਾਰ ਵਿੱਚ ਫਸੇ ਕੈਨੇਡੀਅਨ ਆਰਮਡ ਫੋਰਸਿਜ਼ ਵਿੱਚ ਕਰਮਚਾਰੀ ਸੰਕਟ ਦੀ ਨਿਗਰਾਨੀ ਕੀਤੀ। ਆਨੰਦ ਨੂੰ ਜਦੋਂ ਖਜ਼ਾਨਾ ਬੋਰਡ ਦੀ ਨਿਗਰਾਨੀ ਕਰਨ ਲਈ ਉਸ ਵਿਭਾਗ ਤੋਂ ਹਟਾ ਦਿੱਤਾ ਗਿਆ ਤਾਂ ਕਈ ਲੋਕਾਂ ਨੇ ਇਸ ਨੂੰ ਡਿਮੋਸ਼ਨ ਵਜੋਂ ਦੇਖਿਆ। ਉਨ੍ਹਾਂ ਨੂੰ ਕੈਬਨਿਟ ਵਿੱਚ ਦਸੰਬਰ ਮਹੀਨੇ ਫੇਰਬਦਲ ਦੌਰਾਨ ਟਰਾਂਸਪੋਰਟ ਮੰਤਰੀ ਅਤੇ ਅੰਦਰੂਨੀ ਵਪਾਰ ਮੰਤਰੀ ਦੀ ਭੂਮਿਕਾ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ।

**ਸਾਬਕਾ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ**

ਟੋਰੰਟੋ ਦੀ ਸੰਸਦ ਮੈਂਬਰ ਕ੍ਰਿਸਟੀਆ ਫ੍ਰੀਲੈਂਡ ਟਰੂਡੋ ਦੀ ਟੀਮ ਦੇ ਸਭ ਤੋਂ ਜਾਣੇ-ਪਛਾਣੇ ਮੈਂਬਰਾਂ ਵਿੱਚੋਂ ਇੱਕ ਹੈ ਅਤੇ ਉਨ੍ਹਾਂ ਨੂੰ ਜਸਟਿਨ ਟਰੂਡੋ ਦੀ ਥਾਂ ਪ੍ਰਮੁੱਖ ਦਾਅਵੇਦਾਰਾਂ ਵਿੱਚੋਂ ਇੱਕ ਵਜੋਂ ਦੇਖਿਆ ਜਾ ਰਿਹਾ ਹੈ। ਉਨ੍ਹਾਂ ਨੂੰ ਲੰਬੇ ਸਮੇਂ ਤੋਂ ਟਰੂਡੋ ਦੇ ਨੇੜਲੇ ਦਾਇਰੇ ਵਿੱਚ ਇੱਕ ਭਰੋਸੇਮੰਦ ਸੀਨੀਅਰ ਅਧਿਕਾਰੀ ਵਜੋਂ ਦੇਖਿਆ ਜਾਂਦਾ ਰਿਹਾ ਹੈ ਪਰ ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਦਫਤਰ ਨਾਲ ਝਗੜੇ ਕਾਰਨ ਦਸੰਬਰ ਵਿੱਚ ਅਚਾਨਕ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਦੇ ਜਨਤਕ ਅਸਤੀਫ਼ੇ ਦੇ ਪੱਤਰ ਵਿੱਚ ਕੀਤੀ ਗਈ ਟਰੂਡੋ ਦੀ ਆਲੋਚਨਾ ਨੇ ਵੀ ਉਨ੍ਹਾਂ 'ਤੇ ਦਬਾਅ ਪਾਇਆ, ਜਿਸ ਨਾਲ ਉਨ੍ਹਾਂ ਦਾ ਜਾਣਾ ਤੈਅ ਮੰਨਿਆ ਜਾ ਰਿਹਾ ਸੀ। ਕ੍ਰਿਸਟੀਆ ਫ੍ਰੀਲੈਂਡ (56) ਨੇ ਪੱਛਮੀ ਸੂਬੇ ਅਲਬਰਟਾ ਵਿੱਚ ਇੱਕ ਯੂਕਰੇਨੀਅਨ ਮਾਂ ਦੇ ਘਰ ਜਨਮ ਲਿਆ, ਜੋ ਸਿਆਸਤ ਵਿੱਚ ਆਉਣ ਤੋਂ ਪਹਿਲਾਂ ਇੱਕ ਪੱਤਰਕਾਰ ਸਨ।

ਉਹ 2013 ਵਿੱਚ ਹਾਊਸ ਆਫ ਕਾਮਨ ਵਿੱਚ ਦਾਖਲ ਹੋਏ ਅਤੇ ਦੋ ਸਾਲ ਬਾਅਦ ਜਦੋਂ ਟਰੂਡੋ ਸੱਤਾ ਵਿੱਚ ਆਏ ਤੇ ਫ੍ਰੀਲੈਂਡ ਉਨ੍ਹਾਂ ਦੀ ਕੈਬਨਿਟ ਦਾ ਹਿੱਸਾ ਬਣੇ। ਉਨ੍ਹਾਂ ਨੇ ਵਿਦੇਸ਼ ਮੰਤਰੀ ਦੇ ਅਹੁਦੇ 'ਤੇ ਰਹਿ ਕੇ ਕੈਨੇਡਾ ਦੀ ਯੂਐੱਸ ਅਤੇ ਮੈਕਸਿਕੋ ਨਾਲ ਇੱਕ ਮੁਕਤ ਵਪਾਰ ਸਮਝੌਤੇ

(ਬਾਕੀ ਅਗਲੇ ਸਫੇ 'ਤੇ)

# ਗੁਰੂ ਗੋਬਿੰਦ ਸਿੰਘ ਦੀ ਮੁਗਲਾਂ ਖ਼ਿਲਾਫ਼ ਆਖ਼ਰੀ ਲੜਾਈ ਦੌਰਾਨ ਕੀ ਕੁਝ ਹੋਇਆ ਸੀ

'ਖਿਦਰਾਣੇ ਦੀ ਢਾਬ' ਮੌਜੂਦਾ ਮੁਕਤਸਰ ਸਾਹਿਬ, ਪੰਜਾਬ ਦਾ ਉਹ ਇਲਾਕਾ ਹੈ, ਜਿੱਥੇ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਨੇ ਆਪਣੇ ਜੀਵਨ ਦੇ ਸੰਘਰਸ਼ ਦੀ ਆਖ਼ਰੀ ਲੜਾਈ ਲੜੀ ਸੀ। ਹਰ ਸਾਲ ਜਨਵਰੀ ਵਿੱਚ ਇੱਥੇ ਮਾਘੀ ਦਾ ਤਿਉਹਾਰ ਮਨਾਇਆ ਜਾਂਦਾ ਹੈ ਅਤੇ ਗੁਰੂ ਦੇ ''ਮੁਰੀਦਾਂ ਤੇ ਸ਼ਹੀਦਾਂ'' ਨੂੰ ਯਾਦ ਕੀਤਾ ਜਾਂਦਾ ਹੈ। ਸਿੱਖ ਇਤਿਹਾਸ ਦੇ ਹਵਾਲਿਆਂ ਮੁਤਾਬਕ ਇਸੇ ਜੰਗ ਵਿੱਚ ਗੁਰੂ ਸਾਹਿਬ ਨੂੰ ਲਿਖਤੀ ਬੇਦਾਵਾ ਦੇ ਕੇ ਗਏ 40 ਸਿੱਖਾਂ ਨੇ ਮਾਈ ਭਾਗੋ ਦੀ ਅਗਵਾਈ ਵਿੱਚ ਲੜਾਈ ਲੜੀ ਅਤੇ ਆਪਣੀਆਂ ਜਾਨਾਂ ਵਾਰ ਕੇ '40 ਮੁਕਤਿਆਂ'' ਦੀ ਪਦਵੀ ਹਾਸਲ ਕੀਤੀ ਸੀ। ਇਨ੍ਹਾਂ ਦੀ ਯਾਦ ਵਿੱਚ ਇਨ੍ਹਾਂ 'ਮੁਕਤਿਆਂ' ਕਾਰਨ ਹੀ ਮੁਕਤਸਰ ਸਾਹਿਬ ਵਿੱਚ ਹਰ ਸਾਲ ਮਾਘ ਮਹੀਨੇ ਦੀ ਸੰਗਰਾਦ ਮੌਕੇ ਮੇਲਾ ਲੱਗਦਾ ਹੈ। 17 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਦਾ ਜਨਮ ਦਿਹਾੜਾ ਵੀ ਹੈ, ਇਸ ਮੌਕੇ ਅਸੀਂ ਗੁਰੂ ਸਾਹਿਬ ਦੇ ਜੀਵਨ ਦੀ ਆਖਰੀ ਲੜਾਈ ਬਣੀ 'ਖਿਦਰਾਣੇ ਦੀ ਢਾਬ ਦੀ ਲੜਾਈ' ਦਾ ਜ਼ਿਕਰ ਕਰ ਰਹੇ ਹਾਂ।

**ਖਾਲਸਾ ਸਾਜਨਾ ਤੇ ਜੰਗਾਂ ਦਾ ਸਿਲਸਿਲਾ**

ਗੁਰੂ ਗੋਬਿੰਦ ਸਿੰਘ ਨੇ ਜਿਉਂ ਹੀ 30 ਮਾਰਚ, 1699 ਈ. (ਪਹਿਲੀ ਬਿਸਾਖ ਸੰਮਤ 1756 ਬਿ.) ਨੂੰ ਖਾਲਸੇ ਦੀ ਸਾਜਨਾ ਕੀਤੀ, ਇਸ ਤੋਂ ਪਿੱਛੋਂ ਤਕਰੀਬਨ ਡੇਢ ਕੁ ਸਾਲ ਦਾ ਸਮਾਂ ਹੀ ਬੀਤਿਆ ਸੀ। ਸੰਨ 1700 ਈ। ਸਾਲ ਦੇ ਅੱਠਵੇਂ ਮਹੀਨੇ ਅਗਸਤ ਵਿਚ ਮੁਗ਼ਲ ਸਾਮਰਾਜ ਵੱਲੋਂ ਆਨੰਦਪੁਰ ਸਾਹਿਬ ਉੱਪਰ ਹਮਲਾ ਕਰ ਦਿੱਤਾ ਗਿਆ। ਇਹ ਹਮਲਾ ਅਜਿਹਾ ਹੋਇਆ ਕਿ ਇਸ ਤੋਂ ਬਾਅਦ ਹਮਲਿਆਂ ਦੀ ਝੜੀ ਹੀ ਲੱਗ ਗਈ ਸੀ।

ਇਤਿਹਾਸਕ ਵੇਰਵੇ ਦੱਸਦੇ ਹਨ ਕਿ ਪਹਿਲਾਂ-ਪਹਿਲਾਂ ਇਹ ਹਮਲੇ ਪਹਾੜੀ ਰਾਜਿਆਂ ਵੱਲੋਂ ਕੀਤੇ ਗਏ ਸਨ ਪਰ ਖਾਲਸਾ ਉਨ੍ਹਾਂ ਦੇ ਹਰ ਹਮਲੇ ਨੂੰ ਪਛਾੜ ਦਿੰਦਾ ਰਿਹਾ। ਪਛਾੜੇ ਜਾਣ ਕਰਕੇ ਮੁਗ਼ਲ ਫੌਜਾਂ ਵੀ ਇਨ੍ਹਾਂ ਹਮਲਿਆਂ ਵਿੱਚ ਸ਼ਾਮਲ ਹੁੰਦੀਆਂ ਰਹੀਆਂ ਸਨ। ਜਦੋਂ ਫੇਰ ਵੀ ਖਾਲਸੇ ਨੂੰ ਆਨੰਦਪੁਰ ਸਾਹਿਬ ਵਿੱਚੋਂ ਖਦੇੜਿਆ ਨਾ ਜਾ ਸਕਿਆ ਸੀ ਤਾਂ ਸਰਹਿੰਦ ਅਤੇ ਲਾਹੌਰ ਦੇ ਸੂਬਿਆਂ ਦੀਆਂ ਫੌਜਾਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਲੱਗ ਪਈਆਂ ਸਨ। ਇਸ ਤਰ੍ਹਾਂ ਜਦੋਂ ਮੁਗ਼ਲ ਅਤੇ ਪਹਾੜੀ ਫੌਜਾਂ ਦਾ ਜ਼ੋਰ ਵਧਣ ਲੱਗ ਪਿਆ ਸੀ ਤਾਂ ਖਾਲਸੇ ਨੂੰ ਹੋਰ ਲੰਮੇਰੇ ਸਮੇਂ ਲਈ ਮੁਕਾਬਲਾ ਕਰਨਾ ਬਹੁਤ ਮੁਸ਼ਕਲ ਹੋ ਗਿਆ ਸੀ। ਫਲਸਰੂਪ 1705 ਈ। ਦੇ ਅਖੀਰ ਵਿੱਚ ਪਹੁੰਚ ਕੇ ਗੁਰੂ ਗੋਬਿੰਦ ਸਿੰਘ ਨੂੰ ਆਨੰਦਪੁਰ ਸਾਹਿਬ ਨੂੰ ਖਾਲੀ ਕਰਨਾ ਪੈ ਗਿਆ ਸੀ। ਇਹ ਜੰਗ 1700



ਈ. ਦੇ ਤਕਰੀਬਨ ਅੱਧ ਤੋਂ ਲੈ ਕੇ 1705 ਈ. ਦੇ ਅੰਤ ਤੱਕ ਲਗਾਤਾਰ ਸਾਢੇ ਪੰਜ ਸਾਲਾਂ ਤੱਕ ਚੱਲਦੀ ਰਹੀ ਸੀ।

**ਗੁਰੂ ਗੋਬਿੰਦ ਸਿੰਘ ਵੱਲੋਂ ਅਨੰਦਪੁਰ ਛੱਡਣਾ**

ਗੁਰੂ ਗੋਬਿੰਦ ਸਿੰਘ ਵਲੋਂ ਮੁਗਲ ਹਾਕਮ ਔਰ-ਗਜ਼ੇਬ ਨੂੰ ਲਿਖੇ ਪੱਤਰ 'ਜ਼ਫ਼ਰਨਾਮੇ' ਵਿੱਚ ਅਨੰਦਪੁਰ ਸਾਹਿਬ ਦੇ ਜੰਗੀ ਹਾਲਾਤ ਦਾ ਵਿਸਥਾਰਤ ਵੇਰਵਾ ਮਿਲਦਾ ਹੈ। ਜ਼ਫ਼ਰਨਾਮੇ ਮੁਤਾਬਕ ਆਨੰਦਪੁਰ ਸਾਹਿਬ ਨੂੰ ਖਾਲੀ ਕਰਨ ਲਈ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਵੱਲੋਂ ਗੁਰੂ ਗੋਬਿੰਦ ਸਿੰਘ ਨਾਲ ਕੁਝ ਵਾਅਦੇ ਕੀਤੇ ਗਏ ਸਨ, ਜਿਨ੍ਹਾਂ ਤਹਿਤ ਆਨੰਦਪੁਰ ਸਾਹਿਬ ਨੂੰ ਛੱਡਿਆ ਗਿਆ ਸੀ। ਪਰ ਜਿਉਂ ਹੀ 1705 ਦੇ ਅੰਤ ਵਿੱਚ ਉਨ੍ਹਾਂ ਆਨੰਦਪੁਰ ਸਾਹਿਬ ਛੱਡਿਆ ਸੀ ਤਾਂ ਤੁਰੰਤ ਹੀ ਮੁਗ਼ਲ ਫੌਜਾਂ ਵੱਲੋਂ ਬਾਦਸ਼ਾਹ ਦੇ ਕੀਤੇ ਗਏ ਕੌਲ-ਇਕਰਾਰਾਂ ਨੂੰ ਭੁਲਾ ਕੇ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਿੰਘਾਂ ਉੱਪਰ ਹਮਲਾ ਕਰ ਦਿੱਤਾ ਗਿਆ ਸੀ।

ਸਿੱਟੇ ਵਜੋਂ ਆਨੰਦਪੁਰ ਸਾਹਿਬ ਤੋਂ ਚਮਕੌਰ ਸਾਹਿਬ ਤੱਕ ਪਹੁੰਚਦਿਆਂ ਦਸਵੇਂ ਗੁਰੂ ਦੇ ਜਥੇ ਦੇ ਵੱਡੀ ਗਿਣਤੀ ਸਿੰਘ ਲੜਦੇ ਹੋਏ ''ਜਾਨਾਂ ਵਾਰ'' ਗਏ ਸਨ। ਗੁਰੂ ਗੋਬਿੰਦ ਸਿੰਘ ਸਿਰਫ਼ 40 ਸਿੰਘਾਂ ਨਾਲ ਚਮਕੌਰ ਦੀ ਗੜ੍ਹੀ ਵਿੱਚ ਪਹੁੰਚੇ ਸਨ। ਇਹ ਸਾਰੀ ਕਾਰਵਾਈ ਇੱਕੋ ਦਿਨ ਦੀ ਸਵੇਰ ਤੋਂ ਲੈ ਕੇ ਸ਼ਾਮ ਤੱਕ ਦੀ ਹੀ ਸੀ। ਇਸੇ ਦਿਨ ਦੀ ਸ਼ਾਮ ਨੂੰ ਚਮਕੌਰ ਦੀ ਗੜ੍ਹੀ ਨੂੰ ਘੇਰ ਲਿਆ ਗਿਆ ਸੀ। ਤਕਰੀਬਨ ਅੱਧੀ ਰਾਤ ਤੱਕ ਗੁਰੂ ਦੇ ਸਿੰਘਾਂ ਨੇ ਮੁਗ਼ਲ ਫੌਜਾਂ ਦਾ ਡਟ ਕੇ ਮੁਕਾਬਲਾ ਕੀਤਾ ਪਰ ਅੱਧੀ ਰਾਤ ਦੇ ਸਮੇਂ ਗੁਰੂ ਆਪਣੇ ਸਿੰਘਾਂ ਨਾਲ ਮਰੋ ਅਤੇ ਮਾਰੋ ਦੇ ਇਰਾਦੇ ਨਾਲ, ਧੁੱਸ ਦੇ ਕੇ ਗੜ੍ਹੀ ਵਿਚੋਂ ਨਿਕਲੇ ਅਤੇ ਲੜਦੇ-ਲੜਾਉਂਦੇ ਵੈਰੀ ਦਲਾਂ ਨੂੰ ਚੀਰਦੇ ਹੋਏ ਘੇਰੇ ਵਿੱਚੋਂ ਨਿਕਲ ਗਏ ਸਨ।

ਇਤਿਹਾਸਕ ਵੇਰਵੇ ਦੱਸਦੇ ਹਨ ਕਿ ਇਸ ਤਰ੍ਹਾਂ ਲੜਦਿਆਂ ਅਤੇ ਨਿਕਲਦਿਆਂ ਦੋ ਵੱਡੇ ਸਾਹਿਬਜ਼ਾਦੇ, ਅਜੀਤ ਸਿੰਘ ਅਤੇ ਜੁਝਾਰ ਸਿੰਘ , ਤਿੰਨ ਪਿਆਰੇ ਭਾਈ ਮੋਹਕਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ ਅਤੇ ਗੁਰੂ ਦੇ 37 ਸਿੰਘ ਜਾਨਾਂ ਵਾਰ ਗਏ। ਗੁਰੂ ਗੋਬਿੰਦ ਸਿੰਘ ਨਾਲ ਬਚ ਕੇ ਨਿਕਲ ਜਾਣ ਵਾਲੇ ਸਿਰਫ਼ ਤਿੰਨ ਸਿੰਘ ਸਨ, ਜਿਨ੍ਹਾਂ ਵਿੱਚ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਹੀ ਸਨ। ਦੋ ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਸਮੇਤ ਪਹਿਲਾਂ ਹੀ ਸਰਸਾ ਨਦੀ ਨੂੰ ਪਾਰ ਕਰਨ ਸਮੇਂ ਵਿਛੜ ਚੁੱਕੇ ਸਨ।

**ਔਰੰਗਜ਼ੇਬ ਨੂੰ ਪੱਤਰ ਤੇ ਲੜਾਈ ਦੀ ਤਿਆਰੀ**

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਤੇ ਉਨ੍ਹਾਂ ਦੇ ਸਿੰਘਾਂ ਦਾ ਅਥਾਹ ਜਾਨੀ ਅਤੇ ਮਾਲੀ ਨੁਕਸਾਨ ਹੋ ਗਿਆ ਸੀ। ਇਸ ਸਮੇਂ ਤਕ ਗੁਰੂ ਗੋਬਿੰਦ ਸਿੰਘ ਸਿਰਫ਼ ਸਵੈ-ਰੱਖਿਆ ਵਜੋਂ ਹੀ ਲੜਦੇ ਆ ਰਹੇ ਸਨ। ਸਵੈ-ਰੱਖਿਆ ਲਈ ਲੜਨ ਅਤੇ ਔਰੰਗਜ਼ੇਬ ਦੇ ਵਾਅਦਿਆਂ ਦੇ ਬਾਵਜੂਦ ਵੀ ਗੁਰੂ ਗੋਬਿੰਦ ਸਿੰਘ ਦਾ ਬਹੁਤ ਵੱਡਾ ਨੁਕਸਾਨ ਹੋ ਗਿਆ ਸੀ।

ਕਈ ਇਤਿਹਾਸਕ ਵੇਰਵਿਆਂ ਵਿੱਚ ਇਹ ਜ਼ਿਕਰ ਮਿਲਦਾ ਹੈ ਗੁਰੂ ਗੋਬਿੰਦ ਸਿੰਘ ਨੇ ਹਮਲਾਵਰ ਰੂਪ ਵਿੱਚ ਹੋ ਕੇ ਜੰਗ ਲੜਨ ਲਈ ਸੋਚਿਆ ਤਾਂ ਕਿ ਬਾਦਸ਼ਾਹ ਨੂੰ ਪਤਾ ਲੱਗ ਜਾਵੇ ਕਿ ਸਵੈ-ਰੱਖਿਆ ਦੇ ਵਿਚਾਰ ਨਾਲ ਲੜੀ ਗਈ ਲੜਾਈ ਅਤੇ ਹਮਾਲਵਰ ਹੋ ਕੇ ਲੜੀ ਗਈ ਲੜਾਈ ਵਿੱਚ ਕੀ ਫ਼ਰਕ ਹੁੰਦਾ ਹੈ। ਇਹੀ ਦੱਸਣ ਲਈ ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਨੂੰ ਇੱਕ ਪੱਤਰ ਵੀ ਲਿਖਿਆ ਸੀ। ਇਸ ਪੱਤਰ ਵਿਚ ਦੱਸਿਆ ਗਿਆ ਸੀ ਕਿ ਹੁਣ ਤੱਕ ਉਹ (ਗੁਰੂ ਗੋਬਿੰਦ ਸਿੰਘ) ਬਾਦਸ਼ਾਹ ਦੇ ਵਾਅਦਿਆਂ ਉੱਪਰ ਵਿਸ਼ਵਾਸ ਕਰਕੇ ਹੀ ਆਨੰਦਪੁਰ ਸਾਹਿਬ ਨੂੰ ਛੱਡ ਕੇ ਆਏ ਸਨ ਅਤੇ ਸਵੈ-ਰੱਖਿਆ ਦੇ ਵਿਚਾਰ ਅਨੁਸਾਰ ਹੀ ਵਿਚਰਦੇ ਆਏ ਸਨ, ਫਿਰ ਵੀ ਉਨ੍ਹਾਂ ਦਾ ਇੰਨਾ ਵੱਡਾ ਨੁਕਸਾਨ ਹੋ ਗਿਆ ਹੈ। ਹੁਣ ਇੱਕ ਲੜਾਈ ਉਹ ਪੂਰਾ ਹਮਲਾਵਰ ਹੋ ਕੇ ਲੜਨਗੇ। ਉਨ੍ਹਾਂ ਦੀ ਜੰਗ ਉਦੋਂ ਤੱਕ ਜਾਰੀ ਰਹੇਗੀ ਜਦੋਂ ਤਕ ਮੁਗ਼ਲ ਫੌਜਾਂ ਨੂੰ ਪੰਜਾਬ ਵਿੱਚੋਂ ਖਦੇੜ ਨਹੀਂ ਦਿੱਤਾ ਜਾਵੇਗਾ। ਇਹ ਲੜਾਈ ਚਮਕੌਰ ਦੀ ਲੜਾਈ ਤੋਂ 20-21 ਦਿਨਾਂ ਬਾਅਦ ਹੀ ਖਿਦਰਾਣੇ ਦੀ ਢਾਬ 'ਤੇ ਲੜੀ ਗਈ ਸੀ।

**ਮਾਲਵੇ ਵਿੱਚ ਲਾਮਬੰਦੀ**


ਇਸ ਲੜਾਈ ਦੀ ਜਾਣਕਾਰੀ ਸਾਨੂੰ ਜ਼ਫ਼ਰਨਾਮੇ

# ਜਸਟਿਨ ਟਰੂਡੋ ਦੀ ਥਾਂ ਕਿਹੜੇ ਆਗੂ ਲੈ ਸਕਦੇ ਨੇ

**(ਸਫਾ 19 ਦੀ ਬਾਕੀ)**

ਬਾਰੇ ਮੁੜ ਗੱਲਬਾਤ ਸ਼ੁਰੂ ਕਰਵਾਉਣ 'ਚ ਮਦਦ ਕੀਤੀ। ਬਾਅਦ ਵਿੱਚ ਉਹ ਉੱਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਬਣਨ ਵਾਲੀ ਪਹਿਲੀ ਮਹਿਲਾ ਬਣੇ। ਉਨ੍ਹਾਂ ਨੇ ਕੋਵਿਡ ਮਹਾਮਾਰੀ ਦੌਰਾਨ ਕੈਨੇਡਾ ਦੇ ਵਿੱਤੀ ਪ੍ਰਤੀਕਰਮ ਦੀ ਨਿਗਰਾਨੀ ਕੀਤੀ। ਪਿਛਲੇ ਮਹੀਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੰਦਿਆਂ ਉਨ੍ਹਾਂ ਨੇ ਡੌਨਲਡ ਟਰੰਪ ਵੱਲੋਂ ਅਮਰੀਕੀ ਟੈਰਿਫ ਲਗਾਉਣ ਦੇ ਮਾਮਲੇ ਨਾਲ ਨਜਿੱਠਣ ਵਿੱਚ ਅਸਫਲ ਰਹਿਣ 'ਤੇ ਟਰੂਡੋ ਦੀ ਆਲੋਚਨਾ ਕੀਤੀ ਸੀ। ਗਲੋਬ ਅਤੇ ਮੇਲ ਦੀ 2019 ਦੀ ਇੱਕ ਪ੍ਰੋਫਾਈਲ ਵਿੱਚ ਕਿਹਾ ਗਿਆ ਕਿ ਫ੍ਰੀਲੈਂਡ ਹੀ ਲਿਬਰਲ ਪਾਰਟੀ ਦੀ ਇੱਕੋ-ਇੱਕ ਉਮੀਦ ਹੈ। ਯੂਕਰੇਨ ਦੀ ਹਮਾਇਤ ਕਰਨ 'ਤੇ ਫ੍ਰੀਲੈਂਡ ਨੇ ਕਈ ਖਿੱਤਿਆਂ ਵਿੱਚ ਆਪਣੀ ਥਾਂ ਬਣਾਈ, ਉਥੇ ਹੀ ਹਾਰਵਰਡ ਤੋਂ ਪੜ੍ਹੀ ਐੱਮਪੀ ਨੂੰ ਇਸ ਮੁੱਦੇ 'ਤੇ ਆਲੋਚਨਾ ਦਾ ਸਾਹਮਣਾ ਵੀ ਕਰਨਾ ਪਿਆ। ਇਥੋਂ ਤੱਕ ਕਿ ਟਰੰਪ ਨੇ ਉਨ੍ਹਾਂ ਨੂੰ 'ਜ਼ਹਿਰ ਫੈਲਾਉਣ ਵਾਲਾ ਵਿਅਕਤੀ' ਤੱਕ ਕਹਿ ਦਿੱਤਾ।







**ਸਾਬਕਾ ਕੇਂਦਰੀ ਬੈਂਕਰ ਮਾਰਕ ਕਾਰਨੇ**

ਟਰੂਡੋ ਨੇ ਖੁਦ ਮੰਨਿਆ ਸੀ ਕਿ ਉਹ ਲੰਬੇ ਸਮੇਂ ਤੋਂ ਮਾਰਕ ਕਾਰਨੇ ਨੂੰ ਆਪਣੀ ਟੀਮ ਵਿੱਚ ਵਿੱਤ ਮੰਤਰੀ ਵਜੋਂ ਸ਼ਾਮਲ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਉਨ੍ਹਾਂ ਨੇ ਜੁਲਾਈ 2024 ਵਿੱਚ ਨਾਟੋ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਜਦੋਂ ਕੈਨੇਡਾ ਦੇ ਲੋਕਾਂ ਨੂੰ ਰਾਜਨੀਤੀ ਵਿੱਚ ਅੱਗੇ ਵਧਣ ਲਈ ਚੰਗੇ ਲੋਕਾਂ ਦੀ ਜ਼ਰੂਰਤ ਹੈ ਤਾਂ ਅਜਿਹੇ ਸਮੇਂ ਵਿੱਚ ਉਹ ਸਰਵੋਤਮ ਯੋਗਦਾਨ ਹੋਣਗੇ।" ਹਾਲ ਦੇ ਮਹੀਨਿਆਂ ਵਿੱਚ ਟਰੂਡੋ ਦੇ ਵਿਸ਼ੇਸ਼ ਸਲਾਹਕਾਰ ਦੇ ਰੂਪ ਵਿੱਚ ਕੰਮ ਕਰ ਰਹੇ 59 ਸਾਲਾ ਕਾਰਨੇ ਨੂੰ ਲੰਬੇ ਸਮੇਂ ਤੋਂ ਸਿਖਰਲੇ ਅਹੁਦੇ ਦਾ ਦਾਅਵੇਦਾਰ ਮੰਨਿਆ ਜਾ ਰਿਹਾ ਹੈ। ਹਾਰਵਰਡ ਤੋਂ ਪੜ੍ਹੇ ਕਾਰਨੇ ਨੇ ਕਦੇ ਵੀ ਕੋਈ ਜਨਤਕ ਅਹੁਦਾ ਨਹੀਂ ਸੰਭਾਲਿਆ ਹੈ ਪਰ ਉਨ੍ਹਾਂ ਦਾ ਇੱਕ ਮਜ਼ਬੂਤ ਆਰਥਿਕ ਪਿਛੋਕੜ ਹੈ। ਉਹ ਬੈਂਕ ਆਫ਼ ਕੈਨੇਡਾ ਅਤੇ ਬੈਂਕ ਆਫ਼ ਇੰਗਲੈਂਡ ਦੋਵਾਂ ਦੇ ਸਿਖਰਲੇ ਅਹੁਦਿਆਂ 'ਤੇ ਸੇਵਾ ਨਿਭਾਅ ਰਹੇ ਹਨ। ਕਾਰਨੇ ਕੁਝ ਲਿਬਰਲ ਨੀਤੀਆਂ ਦੇ ਸਮਰਥਕ ਹਨ, ਜਿਨ੍ਹਾਂ ਨੂੰ ਦੇਸ਼ ਦੇ ਰੂੜੀਵਾਦੀ ਹਲਕਿਆਂ ਵਿੱਚ ਨਾਪਸੰਦ ਕੀਤਾ ਗਿਆ, ਜਿਵੇਂ ਸੰਘੀ ਕਾਰਬਨ ਕਰ ਨੀਤੀ, ਪਾਰਟੀ ਦੀ ਜਲਵਾਯੂ ਨੀਤੀ, ਜਿਸ ਦੇ ਬਾਰੇ ਆਲੋਚਕਾਂ ਦਾ ਤਰਕ ਹੈ ਕਿ ਇਹ ਕੈਨੇਡਾ ਦੇ ਲੋਕਾਂ ਉਪਰ ਇੱਕ ਵਿੱਤੀ ਬੋਝ ਹੈ। ਉਹ ਪਹਿਲਾਂ ਹੀ ਕੈਨੇਡਾ ਦੀ ਕੰਜ਼ਰਵੇਟਿਵ ਪਾਰਟੀ ਦੇ ਆਗੂ ਪੀਅਰੇ ਪੋਇਲੀਵਰ ਦੀ ਆਲੋਚਨਾ ਕਰ ਚੁੱਕੇ ਹਨ ਕਿ ਦੇਸ਼ ਦੇ ਭਵਿੱਖ ਲਈ ਉਨ੍ਹਾਂ ਦਾ ਦ੍ਰਿਸ਼ਟੀਕੋਣ "ਬਿਨਾਂ ਯੋਜਨਾ" ਦੇ ਅਤੇ "ਸਿਰਫ਼ ਨਾਅਰੇ" ਹਨ। ਉਨ੍ਹਾਂ ਕਿਹਾ, "ਮੈਂ ਗੱਲਬਾਤ ਵਿੱਚ ਵੀ ਉਹ ਵਿਅਕਤੀ ਹਾਂ ਜੋ ਅਸਲ ਵਿੱਚ ਕਾਰੋਬਾਰ ਵਿੱਚ ਰਿਹਾ ਹੈ, ਜੋ ਅਸਲ 'ਚ ਕਾਰੋਬਾਰ ਵਿੱਚ ਹੈ ਅਤੇ ਫ਼ੈਸਲੇ ਲੈਂਦਾ ਹੈ।"

**ਨਵੀਨਤਾ, ਵਿਗਿਆਨ ਅਤੇ ਉਦਯੋਗ ਮੰਤਰੀ ਫ੍ਰੈਂਕੋਇਸ-ਫਿਲਿਪ ਸ਼ੈਂਪੇਨ**

ਸਾਬਕਾ ਕਾਰੋਬਾਰੀ ਅਤੇ ਅੰਤਰਰਾਸ਼ਟਰੀ ਵਪਾਰ ਮਾਹਰ ਫ੍ਰੈਂਕੋਇਸ-ਫਿਲਿਪ ਸ਼ੈਂਪੇਨ ਲਿਬਰਲ ਦੇ ਇਕ ਹੋਰ ਮੰਤਰੀ ਹਨ, ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਨਜ਼ਰ ਪਾਰਟੀ ਦੇ ਸਿਖਰਲੇ ਅਹੁਦਿਆਂ ਉਪਰ ਹੈ। ਪਰ ਵੱਡੇ ਅਹੁਦੇ ਤੱਕ ਪਹੁੰਚਣ ਦਾ ਉਨ੍ਹਾਂ ਦਾ ਸਫ਼ਰ ਆਨੰਦ ਦੀ ਤੁਲਨਾ ਵਿੱਚ ਹੌਲੀ ਰਫ਼ਤਾਰ ਵਾਲਾ ਰਿਹਾ ਹੈ। 54 ਸਾਲਾ ਸ਼ੈਂਪੇਨ ਨੇ 2015 ਵਿੱਚ ਕਾਮਨਸ ਵਿੱਚ ਐਂਟਰੀ ਕੀਤੀ ਸੀ ਪਰ ਉਦੋਂ ਤੋਂ ਉਹ ਕੌਮਾਂਤਰੀ ਵਪਾਰ, ਵਿਦੇਸ਼ੀ ਮਾਮਲਿਆਂ ਅਤੇ ਹਾਲ ਹੀ ਵਿੱਚ ਨਵੀਨਤਾ, ਵਿਗਿਆਨ ਅਤੇ ਉਦਯੋਗ ਮੰਤਰੀ ਦੇ ਅਹੁਦੇ 'ਤੇ ਰਹੇ। ਪਰ ਕਈ ਚੀਜ਼ਾਂ ਹਨ, ਜੋ ਉਨ੍ਹਾਂ ਦੇ ਹੱਕ ਵਿੱਚ ਭੁਗਤਦੀਆਂ ਹਨ। ਸ਼ੈਂਪੇਨ ਕਿਊਬਿਕ ਤੋਂ ਹਨ, ਉਹ ਸੂਬਾ ਜਿਸ ਦੀ ਆਵਾਜ਼ ਅਕਸਰ ਫੈਡਰਲ ਕੈਨੇਡੀਅਨ ਚੋਣਾਂ ਵਿੱਚ ਫੈਸਲਾਕੁਨ ਰਹੀ ਹੈ। ਉਨ੍ਹਾਂ ਨੂੰ ਕੁਝ ਮਾਹਿਰਾਂ ਨੇ "ਕੈਨੇਡਾ ਦਾ ਐਨਰਜੀਜ਼ਰ ਬੰਨੀ" ਵੀ ਕਿਹਾ ਹੈ, ਜਿਨ੍ਹਾਂ ਨੇ ਦੇਖਿਆ ਕਿ ਕਿਵੇਂ ਉਨ੍ਹਾਂ ਨੇ ਉਤਸ਼ਾਹ ਨਾਲ ਆਪਣੇ ਇਨੋਵੇਸ਼ਨ ਪੋਰਟਫੋਲੀਏ ਦੇ ਤਹਿਤ ਕੈਨੇਡਾ ਦੁਆਰਾ ਬਣਾਏ ਗਏ ਸਾਮਾਨ ਨੂੰ ਵੇਚਣ ਦੇ ਮਿਸ਼ਨ ਨਾਲ ਦੁਨੀਆ ਭਰ ਦੀ ਯਾਤਰਾ ਕੀਤੀ ਸੀ। ਰਾਜਨੀਤਿਕ ਮਾਹਿਰ ਉਨ੍ਹਾਂ ਦੀ ਵਪਾਰਕ ਸੂਝ ਦੇ ਕਾਰਨ ਉਨ੍ਹਾਂ ਨੂੰ ਕੇਂਦਰਵਾਦੀ ਲੀਬਰਲਸ ਨੂੰ ਵਾਪਸ ਲੁਭਾਉਣ ਲਈ ਇੱਕ ਵਿਹਾਰਕ ਬਦਲ ਦੇ ਰੂਪ ਵਿੱਚ ਦੇਖਦੇ ਹਨ।

**ਵਿਦੇਸ਼ ਮੰਤਰੀ ਮੇਲਨੀ ਜੌਲੀ**

ਟਰੂਡੋ ਦੀ ਤਰ੍ਹਾਂ ਜੌਲੀ ਵੀ ਮੌਨਟਰੀਅਲ ਖੇਤਰ ਦੀ ਨੁਮਾਇੰਦਗੀ ਕਰਦੇ ਹਨ। 45 ਸਾਲਾ ਮੇਲਨੀ ਜੌਲੀ ਇੱਕ ਜਾਣਿਆ-ਪਛਾਣਿਆਂ ਚਿਹਰਾ ਹਨ, ਜੋ 2021 ਤੋਂ ਵਿਸ਼ਵ ਪੱਧਰ 'ਤੇ ਕੈਨੇਡਾ ਦੀ ਨੁਮਾਇੰਦਗੀ ਕਰ ਰਹੇ ਹਨ। ਮੌਜੂਦਾ ਵਿਦੇਸ਼ ਮੰਤਰੀ ਹੋਣ ਦੇ ਨਾਤੇ ਉਨ੍ਹਾਂ ਨੇ ਕੈਨੇਡਾ ਦੇ ਸਮਰਥਨ ਵਿੱਚ ਯੂਕਰੇਨ ਦੇ ਕਈ ਦੌਰੇ ਕੀਤੇ। ਜਦੋਂ ਇਜ਼ਰਾਇਲ-ਹਮਾਸ ਦੀ ਜੰਗ ਦੌਰਾਨ ਉਥੋਂ ਕੈਨੇਡਾ ਦੇ ਨਾਗਰਿਕਾਂ ਨੂੰ ਬਾਹਰ ਕੱਢਣ ਵਿੱਚ ਉਨ੍ਹਾਂ ਨੇ ਜੌਰਡਨ ਦੀ ਯਾਤਰਾ ਕੀਤੀ। ਜੌਲੀ ਸਰਕਾਰ ਦੀਆਂ ਵਿਦੇਸ਼ ਨੀਤੀ ਦੀਆਂ ਸਭ ਤੋਂ ਵੱਡੀਆਂ ਚੁਣੌਤੀਆਂ ਦੇ ਕੇਂਦਰ ਵਿੱਚ ਰਹੇ ਹਨ, ਜਿਸ ਵਿੱਚ ਭਾਰਤੀ ਏਜੰਟਾਂ ਦੁਆਰਾ ਕੈਨੇਡਾ ਦੀ ਧਰਤੀ 'ਤੇ ਇੱਕ ਸਿੱਖ ਵੱਖਵਾਦੀ ਨੇਤਾ ਦੀ ਕਥਿਤ ਹੱਤਿਆ ਕਾਰਨ ਪੈਦਾ ਹੋਇਆ ਕੂਟਨੀਤਿਕ ਸੰਕਟ ਵੀ ਸ਼ਾਮਲ ਹੈ। ਆਕਸਫੋਰਡ ਤੋਂ ਪੜ੍ਹੇ ਹੋਏ ਵਕੀਲ ਜੌਲੀ ਇੱਕ ਚੰਗੀ ਤਰ੍ਹਾਂ ਜੁੜੇ ਹੋਏ ਫ੍ਰੈਂਕੋਫੋਨ ਸਿਆਸਤਦਾਨ ਹਨ, ਜੋ ਪਹਿਲਾਂ ਮੌਨਟਰੀਅਲ ਦੇ ਮੇਅਰ ਲਈ ਵੀ ਚੋਣ ਲੜੇ ਸਨ। ਟਰੂਡੋ ਨੇ ਰਾਜਨੀਤੀ ਵਿੱਚ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਚੁਣਿਆ ਸੀ। ਸੀਨੀਅਰ ਸਲਾਹਕਾਰਾਂ ਨੇ ਉਨ੍ਹਾਂ ਦੀ ਸੱਤ ਜਾਂ 700 ਲੋਕਾਂ ਦੇ ਕਮਰੇ ਵਿੱਚ ਕੰਮ ਕਰਨ ਦੀ ਸਮਰੱਥਾ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਦੇ ਨਜ਼ਦੀਕੀ ਦੋਸਤਾਂ ਨੇ ਕੈਨੇਡੀਅਨ ਮੈਗਜ਼ੀਨ ਮੈਕਲੀਨਜ਼ ਨੂੰ ਦੱਸਿਆ ਕਿ ਉਹ ਲੰਬੇ ਸਮੇਂ ਤੋਂ ਲਿਬਰਲ ਪਾਰਟੀ ਦੇ ਨੇਤਾ ਲਈ ਚੋਣ ਲੜਨ ਦੀ ਇੱਛਾ ਰੱਖਦੇ ਹਨ।

**ਵਿੱਤ ਅਤੇ ਅੰਤਰ-ਸਰਕਾਰੀ ਮਾਮਲਿਆਂ ਦੇ ਮੰਤਰੀ ਡੋਮਿਨਿਕ ਲੇਬਲੌਂਕ**

57 ਸਾਲਾ ਲੇਬਲੌਂਕ ਟਰੂਡੋ ਦੇ ਸਭ ਤੋਂ ਨਜ਼ਦੀਕੀ ਅਤੇ ਸਭ ਤੋਂ ਭਰੋਸੇਮੰਦ ਸਹਿਯੋਗੀਆਂ ਵਿੱਚੋਂ ਇੱਕ ਹਨ। ਉਨ੍ਹਾਂ ਦੀ ਦੋਸਤੀ ਡੂੰਘੀ ਹੈ, ਜਦੋਂ ਟਰੂਡੋ ਅਤੇ ਉਸ ਦੇ ਭੈਣ-ਭਰਾ ਛੋਟੇ ਸੀ ਤਾਂ ਉਦੋਂ ਲੇਬਲੌਂਕ ਨੇ ਉਨ੍ਹਾਂ ਦੀ ਦੇਖਭਾਲ ਵੀ ਕੀਤੀ ਸੀ। ਉਨ੍ਹਾਂ ਕੋਲ ਮੁਸ਼ਕਲ ਪਲਾਂ ਵਿੱਚ ਵਿਭਾਗਾਂ ਨੂੰ ਸੰਭਾਲਣ ਦਾ ਹੁਨਰ ਹੈ, ਉਨ੍ਹਾਂ ਵਿੱਚ ਫ੍ਰੀਲੈਂਡ ਦੇ ਧਮਾਕੇਦਾਰ ਅਸਤੀਫ਼ੇ ਦੇ ਕੁਝ ਘੰਟਿਆਂ ਵਿੱਚ ਵਿੱਤ ਮੰਤਰੀ ਬਣਨਾ ਵੀ ਸ਼ਾਮਲ ਹੈ। ਲੇਬਲੌਂਕ ਨੇ ਨਵੰਬਰ ਵਿੱਚ ਟਰੰਪ ਨੂੰ ਮਿਲਣ ਲਈ ਟਰੂਡੋ ਦੇ ਨਾਲ ਮਾਰ-ਏ-ਲਾਗੋ ਜਾਣ ਦਾ ਮੁਸ਼ਕਿਲ ਕਾਰਜ ਵੀ ਸੰਭਾਲਿਆ। ਸਾਬਕਾ ਵਕੀਲ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਸੰਸਦ ਮੈਂਬਰ ਰਹੇ ਹਨ। ਉਨ੍ਹਾਂ ਨੂੰ ਪਹਿਲੀ ਵਾਰ 2000 ਵਿੱਚ ਨਿਊ ਬਰੰਜ਼ਵਿਕ ਦੇ ਐਟਲਾਂਟਿਕ ਸੂਬੇ ਵਿੱਚ ਨੁਮਾਇੰਦਗੀ ਕਰਨ ਲਈ ਚੁਣਿਆ ਗਿਆ ਸੀ। ਟਰੂਡੋ ਵਾਂਗ ਲੇਬਲੌਂਕ ਦਾ ਜਨਮ ਵੀ ਸਿਆਸੀ ਪਿਛੋਕੜ ਵਾਲੇ ਪਰਿਵਾਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਨੇ ਟਰੂਡੋ ਦੇ ਪਿਤਾ ਪ੍ਰਧਾਨ ਮੰਤਰੀ ਪੀਅਰ ਟਰੂਡੋ ਦੀ ਕੈਬਨਿਟ ਵਿੱਚ ਇੱਕ ਮੰਤਰੀ ਵਜੋਂ ਅਤੇ ਬਾਅਦ ਵਿੱਚ ਕੈਨੇਡਾ ਦੇ ਗਵਰਨਰ-ਜਨਰਲ ਵਜੋਂ ਸੇਵਾ ਨਿਭਾਈ। ਲੇਬਲੌਂਕ ਨੇ ਪਾਰਟੀ ਦੀ ਅਗਵਾਈ ਕਰਨ ਦੀਆਂ ਇੱਛਾ ਦਿਖਾਈ ਹੈ। 2008 ਵਿੱਚ ਉਹ ਚੋਣ ਲੜ ਰਹੇ ਸਨ ਪਰ ਮਾਈਕਲ ਇਗਨਾਟੀਫ ਤੋਂ ਹਾਰ ਗਏ ਸਨ।

ਉਹ ਅਗਲੀ ਚੋਣ ਨਹੀਂ ਲੜੇ, ਜਿਸ ਵਿੱਚ ਟਰੂਡੋ ਜਿੱਤੇ ਸਨ। ਕੈਂਸਰ ਦੇ ਇਲਾਜ ਤੋਂ ਬਾਅਦ ਉਹ ਠੀਕ ਹੋ ਰਹੇ ਹਨ ਅਤੇ ਉਹ ਨੂੰ ਇੱਕ ਮਿਲਣਸਾਰ ਅਤੇ ਮਜ਼ਬੂਤ ਸੰਚਾਰਕ ਆਗੂ ਵਜੋਂ ਜਾਣੇ ਜਾਂਦੇ ਹਨ।

ਕਹਾਣੀ

# ਜ਼ਿੰਦਗੀ ਦੇ ਰੰਗ

ਡਾਕਟਰ ਅਜੀਤ ਸਿੰਘ ਕੋਟਕਪੂਰਾ
+1 5853050443



ਕੁਲਜੀਤ ਅਤੇ ਕ੍ਰਿਸ਼ਨਾ ਨੇ ਸ਼ਹਿਰ ਦੇ ਸਕੂਲ ਵਿਚੋਂ ਇਕੱਠਿਆਂ ਹੀ ਦਸਵੀਂ ਜਮਾਤ ਪਾਸ ਕਰ ਲਈ ਸੀ ਅਤੇ ਹੁਣ ਉਨ੍ਹਾਂ ਨੇ ਕਾਲਿਜ ਵਿਚ ਦਾਖਲਾ ਲੈਣਾ ਸੀ। ਉਹਨਾਂ ਨੇ ਸਲਾਹ ਬਣਾ ਲਈ ਸੀ ਕਿ ਇਕੱਠੇ ਹੀ ਇਕੋ ਕਾਲਜ ਵਿਚ ਬੀ ਏ ਵਿਚ ਦਾਖਿਲ ਹੋਵਾਂਗੇ । ਇਸ ਲਈ ਉਹ ਫਾਰਮ ਭਰ ਕੇ ਦੇ ਚੁਕੇ ਸਨ। ਦਾਖਲੇ ਦੀਆਂ ਮਿਤੀਆਂ ਥੋੜੀ ਅੱਗੇ ਸਨ। ਕ੍ਰਿਸ਼ਨਾ ਘਰ ਵਿਚ ਰਹਿ ਕੇ ਆਪਣੀ ਮਾਂ ਨਾਲ ਕੰਮ ਕਰਵਾਇਆ ਕਰਦੀ ਸੀ ਜਦੋਂ ਕਿ ਕੁਲਜੀਤ ਆਪਣੇ ਬਾਪ ਨਾਲ ਖੇਤਾਂ ਵਿਚ ਕੰਮ ਕਰਵਾਇਆ ਕਰਦਾ ਸੀ। ਇਸ ਤਰਾਂ ਸਮਾਂ ਅੱਗੇ ਵਲ ਵੱਧ ਰਿਹਾ ਸੀ।

ਕੁਲਜੀਤ ਦੇ ਪਿੰਡ ਦੇ ਨੇੜੇ ਬਹੁਤ ਹੀ ਰਮਣੀਕ ਪਾਰਕ ਸੀ ਜੋ ਇਕ ਇਕ ਨਹਿਰ ਦੇ ਕੰਢੇ ਤੇ ਬਣਿਆ ਹੋਇਆ ਸੀ। ਨਹਿਰ ਦਾ ਪਾਣੀ ਪਾਰਕ ਵਿਚੋਂ ਦੀ ਕੱਢ ਕੇ ਸੁੰਦਰ ਫ਼ੁਆਰੇ ਲੱਗੇ ਹੋਏ ਸਨ। ਪਾਰਕ ਵਿਚ ਬੱਚਿਆਂ ਲਈ ਵੀ ਸੁੰਦਰ ਖੇਡਾਂ ਲੱਗੀਆਂ ਹੋਈਆਂ ਸਨ। ਅਕਸਰ ਮਾਪੇ ਬੱਚਿਆਂ ਨੂੰ ਉਸ ਪਾਰਕ ਵਿਚ ਲੈ ਕੇ ਆਇਆ ਕਰਦੇ ਸਨ। ਸ਼ਹਿਰ ਦੇ ਨਜ਼ਦੀਕ ਹੋਣ ਕਾਰਨ ਕੁਝ ਸ਼ਹਿਰੀ ਮਾਪੇ ਵੀ ਛੁਟੀ ਵਾਲੇ ਦਿਨ ਆਪਂਣੇ ਬੱਚਿਆਂ ਨੂੰ ਉਸ ਪਾਰਕ ਵਿਚ ਲੈ ਕੇ ਆ ਜਾਂਦੇ ਸਨ। ਬੱਚਿਆਂ ਦੇ ਖੁਸ਼ੀਆਂ ਪ੍ਰਗਟ ਕਰਦੇ ਚੇਹਰੇ ਮਾਪਿਆਂ ਨੂੰ ਬਹੁਤ ਸੁੰਦਰ ਲਗਦੇ ਸਨ। ਮਾਪੇ ਅਲਗ ਬੈਠ ਕੇ ਗੱਲਾਂ ਬਾਤਾਂ ਕਰ ਆਪੋ ਵਿਚ ਖੁਸ਼ੀਆਂ ਵੰਡ ਲਿਆ ਕਰਦੇ ਸਨ। ਬੱਚਿਆਂ ਦਾ ਤਾਂ ਉਸ ਪਾਰਕ ਵਿਚੋਂ ਨਿਕਲਣ ਦਾ ਮਨ ਹੀ ਨਹੀਂ ਕਰਦਾ ਸੀ। ਮਾਪੇ ਉਨ੍ਹਾਂ ਨਾਲ ਫੇਰ ਆਉਣ ਦਾ ਵਚਨ ਦੇ ਉਨ੍ਹਾਂ ਨੂੰ ਦਿਨ ਢਲੇ ਤੋਂ ਵਾਪਿਸ ਲੈ ਜਾਇਆ ਕਰਦੇ ਸਨ।

ਕਈ ਵਾਰ ਕੁਲਜੀਤ ਦੇ ਘਰ ਵਾਲੇ ਸ਼ਹਿਰ ਤੋਂ ਆਪਣੇ ਮਿੱਤਰਾਂ ਨੂੰ ਬੁਲਾ ਕੇ ਇਸ ਪਾਰਕ ਵਿਚ ਪਿਕਨਿਕ ਮਨਾਉਣ ਲਈ ਆ ਜਾਇਆ ਕਰਦੇ ਸਨ। ਖਾਣ ਲਈ ਸਮਾਨ ਆਪਣੇ ਘਰਾਂ ਤੋਂ ਲਿਆਂਦਾਂ ਜਾਂਦਾਂ ਸੀ ਉਥੇ ਬੈਠ ਕੇ ਰਲ ਮਿਲ ਕੇ ਖਾਇਆ ਜਾਂਦਾ ਸੀ। ਪਿਕਨਿਕ ਵਿਚ ਗੀਤ ਆਦਿ ਵੀ ਗਏ ਜਾਂਦੇ ਸਨ ਕੋਈ ਚੁਟਕਲੇ ਸੁਣਾਇਆ ਕਰਦਾ ਸੀ ਕੋਈ ਫ਼ਿਲਮੀ ਗੀਤ ਸੁਣਾ ਦਿਆ ਕਰਦਾ ਸੀ। ਕ੍ਰਿਸ਼ਨਾ ਦਾ ਪ੍ਰੀਵਾਰ ਵੀ ਅਕਸਰ ਹੀ ਪਿਕਨਿਕ ਮੰਨਾਓਣ ਲਈ ਆ ਜਾਇਆ ਕਰਦਾ ਸੀ। ਇਕ ਵਾਰ ਕੁਲਜੀਤ ਨੇ ਆਪਣੀ ਲਿਖੀ ਇੱਕ ਕਵਿਤਾ ਸੁਣਾਈ ਸੀ ਜੋ ਸਾਰਿਆਂ ਨੂੰ ਬਹੁਤ ਪਸੰਦ ਆਈ। ਖੂਬ ਤਾੜੀਆਂ ਵਜੀਆਂ। ਕ੍ਰਿਸ਼ਨਾ ਨੇ ਇੱਕ ਮਿੰਨੀ ਕਹਾਣੀ ਸੁਣਾਈ ਸੀ । ਜਿਹੜੀ ਸਭ ਹਾਜ਼ਰੀਨ ਵਲੋਂ ਸਲਾਹੀ ਗਈ ਅਤੇ ਜ਼ੋਰ ਜ਼ੋਰ ਦੀ ਤਾੜੀਆਂ ਵਜੀਆਂ ਸਨ। ਜਦੋਂ ਕੁਲਜੀਤ ਤੋਂ ਕ੍ਰਿਸ਼ਨਾ ਨੇ ਕਿਸੇ ਪਲ ਕੁਲਜੀਤ ਨੂੰ ਪੁੱਛਿਆ ਸੀ, ਕੀ ਤੁਸੀਂ ਇਤਨੇ ਉਦਾਸ ਰਹਿੰਦੇ ਹੋ ਜਿਹੋ ਜਿਹਾ ਆਪਣੀ ਕਵਿਤਾ ਵਿਚ ਦਰਸਾਇਆ ਹੈ? ਮੈਂ ਨਹੀਂ ਚਾਹੁੰਦੀ ਕਿ ਤੁਸੀਂ ਕਦੇ ਵੀ ਉਦਾਸ ਹੋਵੋ। ਮੈਂ ਤਾਂ ਹਮੇਸ਼ਾ ਤੁਹਾਨੂੰ ਖੁਸ਼ ਹੀ ਦੇਖਣਾ ਚਾਹੁੰਦੀ ਹਾਂ। ਜਦੋਂ ਕ੍ਰਿਸ਼ਨਾ ਨੇ ਇਹ ਸ਼ਬਦ ਆਖੇ ਸਨ ਉਸ ਦੀਆਂ ਅੱਖਾਂ ਵਿਚ ਸ਼ਰਾਰਤ ਝਲਕਾਂ ਮਾਰ ਰਹੀ ਸੀ ਅਤੇ ਉਸ ਦੇ ਨਸ਼ੀਲੇ ਨੈਣ ਕੁਲਜੀਤ ਦੇ ਚੇਹਰੇ ਉਪਰ ਕੇਂਦਰਿਤ ਸਨ। ਕੁਲਜੀਤ ਨੇ ਦੇਖਿਆ ਕਿ ਉਸ ਦੇ ਘਰ ਵਾਲੇ ਉਨ੍ਹਾਂ ਦੋਹਾਂ ਨੂੰ ਗੱਲਾਂ ਕਰਦਿਆਂ ਚੋਰੀ ਚੋਰੀ ਤਕ ਰਹੇ ਹਨ। ਉਸ ਨੇ ਅੱਖ ਦੇ ਇਸ਼ਾਰੇ ਨਾਲ ਕ੍ਰਿਸ਼ਨਾ ਨੂੰ ਸਮਝਾ ਦਿਤਾ ਅਤੇ ਉਹ ਆਪੋ ਆਪਣੇ ਪ੍ਰੀਵਾਰਾਂ ਨਾਲ ਖਾਣ ਪੀਣ ਵਿਚ ਰੁਝ ਗਏ।

ਕਾਲਿਜ ਵਿਚ ਦਾਖਲੇ ਹੋ ਗਏ ਉਹ ਦੋਵੇਂ ਬੀ ਏ ਕਰਨ ਲੱਗ ਪਏ। ਰੋਜ਼ਾਨਾ ਇਕ ਦੂਸਰੇ ਨੂੰ ਮਿਲਦੇ। ਕੁਝ ਦੇਰ ਬਗੀਚੀ ਵਿਚ ਬੈਠਦੇ ਫੁੱਲਾਂ ਨੂੰ ਨਿਹਾਰਦੇ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ । ਗੱਲਾਂ ਕਦੇ ਪੜ੍ਹਾਈ ਦੀਆਂ ਤੇ ਕਦੇ ਕਦੇ ਪਿਆਰ ਦੀਆਂ ਪੀਂਘਾਂ ਝੂਟਣ ਦੀਆਂ ਹੁੰਦੀਆਂ। ਸਮਾਂ ਕਿਸੇ ਦੇ ਲਈ ਨਹੀਂ ਰੁਕਦਾ ਇਹ ਤਾਂ ਭੱਜਿਆ ਹੀ ਜਾਂਦਾ ਹੈ ਭਾਵੇਂ ਖੁਸ਼ੀ ਦਾ ਸਮਾਂ ਹੋਵੇ ਤੇ ਭਾਵੇਂ ਉਦਾਸੀ ਹੋਵੇ। ਖੁਸ਼ੀ ਵਾਲਾ ਸਮਾਂ ਬਹੁਤ ਤੇਜ਼ੀ ਨਾਲ ਚਲਦਾ ਮਹਿਸੂਸ ਹੁੰਦਾ ਹੈ ਜਦੋਂ ਕਿ ਉਦਾਸੀ ਦਾ ਸਮਾਂ ਇਸ ਤਰਾਂ ਲੰਘਦਾ ਹੈ ਜਿਵੇਂ ਪਿਆਸੇ ਨੂੰ ਸਾਹਮਣੇ ਨਲਕਾ ਬਹੁਤ ਦੂਰੀ ਤੇ ਜਾਪਦਾ ਹੈ। ਬੀ ਏ ਕਰਨ ਤੋਂ ਬਾਅਦ ਦੋਹਾਂ ਨੇ ਐਮ ਏ ਕਰਨ ਦਾ ਨਿਰਣਾ ਕੀਤਾ ਤੇ ਉਸੇ ਕਾਲਿਜ ਵਿਚ ਦਾਖਲਾ ਲੈ ਪੜ੍ਹਾਈ ਸ਼ੁਰੂ ਕਰ ਦਿਤੀ। ਦੋਵਾਂ ਵਿਚ ਕਿਤਾਬਾਂ ਦੀ ਅਦਲਾ ਬਦਲੀ ਅਕਸਰ ਹੁੰਦੀ ਰਹਿੰਦੀ ਸੀ। ਕਿਤਾਬਾਂ ਦੀ ਅਦਲਾ ਬਦਲੀ ਨਾਲ ਹੀ ਦਿਲਾਂ ਦੇ ਅੰਦਰ ਪਿਆਰ ਦਾ ਨਿੱਘਾ ਪੁਲ ਵੀ ਬਣ ਰਿਹਾ ਸੀ। ਕੁਲਜੀਤ ਦੀ ਕਵਿਤਾ ਕ੍ਰਿਸ਼ਨਾ ਨੂੰ ਬਹੁਤ ਹੀ ਚੰਗੀ ਲਗਦੀ ਸੀ। ਉਹ ਉਦਾਸੀ ਤੋਂ ਹਟ ਕੇ ਪਿਆਰ ਦੀਆਂ ਕਵਿਤਾਵਾਂ ਦੀ ਰਚਨਾ ਕਰਨ ਲੱਗ ਪਿਆ ਸੀ। ਕਦੇ ਉਹ ਆਪਣੀ ਕਵਿਤਾ ਵਿਚ ਫੁੱਲਾਂ ਦੀ ਮਹਿਕ ਬਾਰੇ ਗੱਲ ਕਰਦਾ ਸੀ। ਕਦੇ ਉਹ ਗੁਲਾਬ ਦੇ ਫੁਲ ਨੂੰ ਨਿਹਾਰਦਾ ਸੀ ਅਤੇ ਨਾਲ ਹੀ ਉਸ ਦੀ ਰਾਖੀ ਲਈ ਕੁਦਰਤ ਵਲੋਂ ਮਿਲੇ ਕੰਡਿਆਂ ਬਾਰੇ ਵੀ ਗੱਲ ਕਰਦਾ ਸੀ। ਕੁਲਜੀਤ ਦੀ ਉਦਾਸੀ ਤਾਂ ਕਿਤੇ ਬਹੁਤ ਹੀ ਪਿਛੇ ਰਹਿ ਗਈ ਸੀ। ਕ੍ਰਿਸ਼ਨਾ ਦੀਆਂ ਨਸ਼ੀਲੇ ਨੈਣਾਂ ਦਾ ਵਰਨਣ ਉਸ ਦੀਆਂ ਕਵਿਤਾਵਾਂ ਵਿਚ ਅਕਸਰ ਹੀ ਹੁੰਦਾ ਸੀ ਕਦੇ ਉਹ ਕਵਿਤਾ ਰਾਹੀਂ ਉਸ ਦੀ ਸੁਰਾਹੀਦਾਰ ਗਰਦਨ ਨੂੰ ਬਿਆਨਦਾ ਸੀ। ਹੁਣ ਕੁਲਜੀਤ ਅਤੇ ਕ੍ਰਿਸ਼ਨਾ ਆਪਣੇ ਜਜ਼ਬਿਆਂ ਦੀਆਂ ਸਤਰੰਗੀ ਪੀਂਘਾਂ ਦੇ ਝੂਟੇ ਲੈਣਾ ਲੋਚਦੇ ਸਨ । ਪੜ੍ਹਾਈ ਹੁਣ ਖਤਮ ਹੋਣ ਵਾਲੀ ਸੀ। ਦੋਵੇਂ ਇਕ ਦੂਸਰੇ ਵਿਚ ਹੀ ਮਗਨ ਰਹਿੰਦੇ ਸਨ। ਉਹ ਇਹ ਮਹਿਸੂਸ ਕਰਨ ਲੱਗ ਪਏ ਸਨ ਕਿ ਇੱਕ ਦੂਸਰੇ ਬਿਨਾ ਸਾਡਾ ਜੀਵਨ ਅਧੂਰਾ ਹੋਵੇਗਾ। ਜ਼ਿੰਦਗੀ ਦੇ ਰੰਗ ਤਾਂ ਇਕ ਦੂਜੇ ਦੇ ਸਾਥ ਵਿਚ ਸਤਰੰਗੀ ਪੀਂਘ ਵਾਂਗ ਜਾਪਦੇ ਸਨ। ਉਹ ਜ਼ਿੰਦਗੀ ਨੂੰ ਮਾਨਣਾ ਲੋਚਦੇ ਸਨ। ਉਹ ਅਜੀਬ ਸੁਪਨੇ ਸਿਰਜ ਰਹੇ ਸਨ ।

ਕਾਲਜ ਦੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਕ੍ਰਿਸ਼ਨਾ ਕੁਲਜੀਤ ਦੇ ਪਿੰਡ ਚਲੀ ਗਈ ਸੀ। ਉਹ ਬਾਹਰ ਖੇਤਾਂ ਦੀ ਸੈਰ ਲਈ ਨਿਕਲ ਤੁਰੇ। ਜਦੋਂ ਉਹ ਟੁਰੇ ਜਾ ਰਹੇ ਸੀ ਤਾਂ ਕੁਲਜੀਤ ਉਸ ਨੂੰ ਖੇਤਾਂ ਵਿਚ ਉਗੀਆਂ ਹੋਇਆ ਫਸਲਾਂ ਦੀ ਜਾਣਕਾਰੀ ਦੇ ਰਿਹਾ ਸੀ। ਤੁਰਦੇ ਤੁਰਦੇ ਉਹ ਕੁਲਜੀਤ ਦੇ ਖੇਤਾਂ ਵਿਚ ਪੁੱਜ ਗਏ। ਕੁਲਜੀਤ ਨੇ ਦੱਸਿਆ ਕਿ ਸਾਡੇ ਖੇਤਾਂ ਵਿਚ ਛੋਲੀਆਂ ਬੀਜਿਆ ਹੈ ਤੇ ਹਾਲੇ ਨਿੱਕੀਆਂ ਨਿੱਕੀਆਂ ਟਾਟਾਂ ਹੀ ਲੱਗੀਆਂ ਹਨ ਇਹਨਾਂ ਵਿਚ ਦਾਣੇ ਨਹੀਂ ਭਰੇ ਹਨ ਤੇ ਲਵੇ ਲਵੇ ਪੱਤੇ ਹਨ ਇਹਨਾਂ ਨੂੰ ਕੱਚਿਆਂ ਹੀ ਖਾਧਾ ਜਾ ਸਕਦਾ ਹੈ। ਕੁਝ ਪੱਤੇ ਕੁਲਜੀਤ ਨੇ ਤੋੜੇ ਤੇ ਉਨ੍ਹਾਂ ਪੱਤਿਆਂ ਨੂੰ ਨੇੜੇ ਵਗਦੇ ਖਾਲ ਦੇ ਪਾਣੀ ਵਿਚ ਧੋਤਾ ਅਤੇ ਕ੍ਰਿਸ਼ਨਾ ਨੂੰ ਖਾਣ ਲਈ ਦਿਤੇ ਅਤੇ ਕੁਝ ਉਸ ਨੇ ਆਪਣੇ ਮੂੰਹ ਵਿਚ ਪਾ ਲਏ। ਭਾਵੇਂ ਕ੍ਰਿਸ਼ਨਾ ਨੇ ਛੋਲਿਆਂ ਦੀ ਦਾਲ ਤੇ ਸਾਬਤ ਛੋਲਿਆਂ ਦੀਆਂ ਸਬਜ਼ੀਆਂ ਨੂੰ ਖਾਧਾ ਹੋਇਆ ਸੀ ਪਰ ਕੁਲਜੀਤ ਵਲੋਂ ਪਿਆਰ ਨਾਲ ਦਿਤੇ ਹੋਏ ਛੋਲੀਏ ਦੇ ਪੱਤੇ ਉਸ ਨੂੰ ਬਹੁਤ ਹੀ ਸੁਆਦ ਲੱਗੇ ਸਨ। ਥੋੜਾ ਸਮਾਂ ਉਹ ਦੋਵੇਂ ਖੇਤ ਦੀ ਵੱਟ ਤੇ ਹੀ ਬੈਠ ਗਏ। ਨਿੱਕੀਆਂ ਗੱਲਾਂ ਕਰਨ ਲੱਗ ਪਏ । ਉਨ੍ਹਾਂ ਨੇ ਨਵੀਂ ਦੁਨੀਆਂ ਸਾਜਣ ਦੀਆਂ ਅਤੇ ਅਗਲੇਰੀ ਜ਼ਿੰਦਗੀ ਨੂੰ ਸੁਹਾਵਣੀ ਕਰਨ ਦੇ ਪ੍ਰੋਗ੍ਰਾਮ ਦੀਆਂ ਵਿਓਂਤਾ ਨੂੰ ਘੜਨ ਲੱਗ ਪਏ । ਦੋਵਾਂ ਨੇ ਇਕ ਦੂਜੇ ਦਾ ਹੱਥ ਫੜ ਲਏ । ਦੋਹਾਂ ਦੇ ਅੰਦਰ ਇਕ ਅਜੀਬ ਲਹਿਰ ਉਠੀ। ਉਨ੍ਹਾਂ ਨੇ ਫੜੇ ਹੋਏ ਹੱਥ ਘੁੱਟ ਲਏ । ਫੇਰ ਇਕ ਦੂਜੇ ਦੀਆਂ ਬਾਹਾਂ ਵਿਚ ਸਿਮਟ ਗਏ। ਦੋਵਾਂ ਦੇ ਅੰਦਰਲੀ ਹਰਕਤ ਕਾਰਨ ਉਹ ਆਪਣਾ ਆਪ ਗੁਆ ਬੈਠੇ ਤੇ ਉਨ੍ਹਾਂ ਦੇ ਬੁਲ੍ਹ ਆਪੋ ਵਿਚ ਜੁੜ ਗਏ। ਉਹ ਥੋੜੀ ਦੇਰ ਇਸ ਹਾਲਤ ਵਿਚ ਗੁਆਚ ਗਏ । ਉਹ ਆਪਣੀ ਸੁਧ ਬੁੱਧ ਗੁਆ ਚੁਕੇ ਸਨ।

ਕ੍ਰਿਸ਼ਨਾ ਦੇ ਘਰ ਦੇ ਖੁਲੇ ਦਿਲ ਵਾਲੇ ਸਨ। ਕ੍ਰਿਸ਼ਨਾ ਨੇ ਆਪਣੀ ਮਾਂ ਕੋਲ ਆਪਣੀ ਇੱਛਾ ਜ਼ਾਹਰ ਕੀਤੀ। ਮਾਂ ਨੇ ਕ੍ਰਿਸ਼ਨਾ ਦੇ ਬਾਪ ਤਕ ਆਪਣੀ ਬੇਟੀ ਦੀਆਂ ਸੱਧਰਾਂ ਪਹੁੰਚਾ ਦਿਤੀਆਂ । ਬਾਪ ਨੇ ਨਾਂਹ ਵਿਚ ਸਿਰ ਫੇਰਿਆ। ਸਾਡਾ ਉਸ ਪਰਿਵਾਰ ਨਾਲ ਕੋਈ ਮੇਲ ਨਹੀਂ ਹੈ ਉਹ ਛੋਟੀ ਕਿਸਾਨੀ ਨਾਲ ਸਬੰਧ ਰੱਖਦਾ ਪਰਿਵਾਰ ਸਾਡੇ ਬਰਾਬਰ ਦਾ ਨਹੀਂ ਹੈ। ਅਸੀਂ ਸ਼ਹਿਰ ਦੇ ਵੱਡੇ ਵਪਾਰੀ ਹਾਂ। ਬਾਪ ਦੀ ਨਾਂਹ ਕ੍ਰਿਸ਼ਨਾ ਨੂੰ ਉਦਾਸ ਕਰ ਗਈ। ਉਹ ਕੁਲਜੀਤ ਨਾਲ ਭੱਜ ਜਾਣ ਬਾਰੇ ਸੋਚਣ ਲੱਗੀ। ਕ੍ਰਿਸ਼ਨਾ ਨੇ ਆਪਣਾ ਇਰਾਦਾ ਕੁਲਜੀਤ ਨੂੰ ਦੱਸਿਆ ਕਿ ਮਾਪੇ ਤਾਂ ਸਾਨੂੰ ਇਕੱਠਿਆਂ ਜੀਵਨ ਬਿਤਾਉਣ ਲਈ ਤਿਆਰ ਨਹੀਂ ਹਨ। ਹੁਣ ਸਾਡੇ ਕੋਲ ਇਹੋ ਹੀ ਹੱਲ ਹੈ ਕਿ ਅਸੀਂ ਦੋਵੇਂ ਯੋਜਨਾ ਬਣਾ ਇਸ ਦੁਨੀਆ ਤੋਂ ਦੂਰ ਟਿਕਾਣਾ ਕਰ ਲਈਏ।

ਕੁਲਜੀਤ ਇਹ ਸੁਣ ਉਦਾਸ ਹੋ ਗਿਆ ਤੇ ਭਜਣ ਵਾਲੀ ਗੱਲ ਉਸ ਨੂੰ ਨਾ ਜਚੀ। ਉਸ ਨੇ ਕਿਹਾ ਕਿ ਅਸੀਂ ਯਤਨ ਕਰਦੇ ਹਾਂ ਕਿ ਉਨ੍ਹਾਂ ਨੂੰ ਮਨਾਇਆ ਜਾਵੇ। ਘਰੋਂ ਭੱਜਣ ਨਾਲ ਸਾਡੇ ਦੋਵੇਂ ਖਾਨਦਾਨਾਂ ਦੀ ਬਦਨਾਮੀ ਹੋਵੇਗੀ । ਅਸੀਂ ਦੋਵੇਂ ਆਪਣੇ ਘਰਾਂ ਨਾਲੋਂ ਟੁੱਟ ਜਾਵਾਂਗੇ। ਸਮਾਜ ਸਾਡੇ ਵੱਲ ਮਾੜੀ ਨਜ਼ਰ ਨਾਲ ਤਕੇਗਾ। ਸਾਡੇ ਜੀਵਨ ਪਿਆਰ ਦੇ ਫੁੱਲਾਂ ਦੀ ਥਾਂ ਕੰਡਿਆਂ ਨਾਲ ਭਰ ਜਾਣਗੇ। ਕੰਡਿਆਂ ਦੇ ਅੰਦਰ ਜੀਵਨ ਬਤੀਤ ਕਰਨਾ ਮੁਸ਼ਕਿਲ ਹੁੰਦਾ ਹੈ। ਇਸ ਵਿਚਾਰ ਨੂੰ ਤਿਆਗ ਦੇ। ਜ਼ਿੰਦਗੀ ਸਾਡੇ ਲਈ ਇੱਕ ਬੋਝ ਬਣ ਜਾਵੇਗੀ। ਅਸੀਂ ਜ਼ਿੰਦਗੀ ਨੂੰ ਬੇਹਤਰੀਨ ਢੰਗ ਨਾਲ ਜੀਣ ਲਈ ਕਰਾਰ ਕੀਤਾ ਹੈ। ਇਸ ਤਰਾਂ ਸਾਡੇ ਸੁਪਨੇ ਤਾਂ ਮਧੋਲੇ ਜਾਣਗੇ। ਮਾਪੇ ਸਾਡੇ ਤੋਂ ਵੱਡੇ ਹਨ ਉਨ੍ਹਾਂ ਦੀ ਸੋਚ ਸਾਡੇ ਨਾਲੋਂ ਚੰਗੇਰੀ ਹੈ। ਅਸੀਂ ਕੱਚੀ ਉਮਰ ਵਿਚ ਹਾਂ। ਜੀਵਨ ਵਿਚ ਆਉਣ ਵਾਲਿਆਂ ਔਕੜਾਂ ਤੋਂ ਅਣਜਾਣ ਹਾਂ। ਜੇ ਉਹ ਚਾਹੁੰਦੇ ਹਨ ਕਿ ਸਾਡੀ ਜ਼ਿੰਦਗੀ ਵੱਖ ਵੱਖ ਰਹਿ ਕੇ ਵਧੇਰੇ ਸੁਖਾਵੀਂ ਹੋਵੇਗੀ ਤਾਂ ਸਾਨੂੰ ਉਨ੍ਹਾਂ ਦੀਆਂ ਇੱਛਾਵਾਂ ਤੇ ਫੁਲ ਚੜਾਉਣਾ ਚਾਹੀਦਾ ਹੈ। ਇਕੱਠੇ ਗੁਜ਼ਾਰੇ ਹੋਏ ਸਮੇਂ ਨੂੰ ਇਕ ਸੁਪਨਾ ਜਾਣ ਆਪੋ ਆਪਣਾ ਰਾਹ ਲੈ ਲੈਣਾ ਚਾਹੀਦਾ ਹੈ। ਮੈਂ ਜਾਣਦਾ ਹਾਂ ਕਿ ਸਾਡਾ ਇਹ ਫੈਸਲਾ ਸਾਡੇ ਦੋਹਾਂ ਲਈ ਹੀ ਦੁਖਦਾਈ ਹੈ ਪ੍ਰੰਤੂ ਸਾਨੂੰ ਆਪਣੇ ਮਾਪਿਆਂ ਦੀਆਂ ਇੱਛਾਵਾਂ ਪੂਰਨ ਕਰਨ ਲਈ ਅਜਿਹਾ ਕਰਨਾ ਸਾਡਾ ਫਰਜ਼ ਹੈ । ਉਨ੍ਹਾਂ ਨੇ ਸਾਡੇ ਉਪਰ ਬਹੁਤ ਆਸਾਂ ਰੱਖੀਆਂ ਹਨ। ਉਨ੍ਹਾਂ ਦੀਆਂ ਆਸਾਂ ਤੇ ਪੂਰਾ ਉਤਰਨਾ ਸਾਡਾ ਧਰਮ ਹੈ। ਸਾਡੇ ਮਾਪੇ ਕਦੇ ਵੀ ਸਾਡਾ ਬੁਰਾ ਨਹੀਂ ਸੋਚ ਸਕਦੇ। ਫਿਰ ਵੀ ਸਾਨੂੰ ਉਨ੍ਹਾਂ ਨਾਲ ਗੱਲ ਕਰਨੀ ਚਾਹੀਦੀ ਹੈ ਕਿ ਉਹ ਸਾਡੇ ਸਿਰ ਉਤੇ ਆਪਣਾ ਪਿਆਰ ਭਰਿਆ ਹੱਥ ਰੱਖਣ ਅਤੇ ਸਾਡੇ ਆਉਣ ਵਾਲੇ ਜੀਵਨ ਵਿਚ ਸਾਡੀ ਅਗਵਾਈ ਕਰਨ। ਜੇਕਰ ਅਜਿਹਾ ਸੰਭਵ ਨਾ ਹੋ ਸਕਿਆ ਤਾਂ ਅਸੀਂ ਆਪਣੇ ਰਾਹ ਵੱਖਰੇ ਕਰ ਲਈਏ। ਮੈਂ ਭਲੀ ਭਾਂਤ ਸਮਝਦਾ ਹਾਂ ਇਹ ਸਮਾਂ ਸਾਡੇ ਲਈ ਔਖਾ ਹੋਵੇਗਾ। ਪ੍ਰੰਤੂ ਅਸੀਂ ਯਤਨ ਕਰਾਂਗੇ ਕਿ ਇੱਕ ਦੂਸਰੇ ਨੂੰ ਭੁੱਲ ਕੇ ਉਨ੍ਹਾਂ ਦੀ ਅਗਵਾਈ ਅਨੁਸਾਰ ਆਪੋ ਆਪਣੇ ਰਾਹ ਚੁਣ ਲਈਏ।

ਕ੍ਰਿਸ਼ਨਾ ਨੇ ਆਪਣੀ ਮਾਂ ਨੂੰ ਮਨਾਉਣ ਦਾ ਯਤਨ ਕੀਤਾ। ਕ੍ਰਿਸ਼ਨਾ ਦਾ ਬਾਪ ਅਤੇ ਉਸ ਦਾ ਵੀਰ ਇਸ ਲਈ ਤਿਆਰ ਨਾ ਹੋਏ। ਕ੍ਰਿਸ਼ਨਾ ਨੂੰ ਉਥੋਂ ਦੂਰ ਸ਼ਹਿਰ ਰਹਿੰਦੇ ਉਸ ਦੇ ਚਾਚੇ ਕੋਲ ਭੇਜ ਦਿਤਾ ਅਤੇ ਚਾਚੀ ਨੂੰ ਸਮਝਾ ਦਿਤਾ ਕਿ ਛੇਤੀ ਹੀ ਇਸ ਦਾ ਵਿਆਹ ਕਰ ਦਿਤਾ ਜਾਵੇਗਾ ਪ੍ਰੰਤੂ ਤੁਸੀਂ ਇਸ ਉਪਰ ਕਰੜੀ ਨਿਗਰਾਨੀ ਰੱਖਣੀ ਹੈ। ਕ੍ਰਿਸ਼ਨਾ ਇਕ ਤਰਾਂ ਨਾਲ ਜੇਲ ਵਿਚ ਕੈਦ ਹੋ ਗਈ ਉਸ ਤੇ ਸਖਤ ਨਿਗਰਾਨੀ ਰੱਖੀ ਜਾਂਦੀ ਸੀ । ਫੋਨ ਵੀ ਕੇਵਲ ਮਾਂ ਨੂੰ ਹੀ ਕਰ ਸਕਦੀ ਸੀ। ਬਾਪ ਤੇ ਭਰਾ ਉਸ ਨਾਲ ਗੱਲ ਕਰਨ ਨੂੰ ਤਿਆਰ ਨਹੀਂ ਸਨ। ਮਾਪਿਆਂ ਨੇ ਲੜਕੇ ਦੀ ਭਾਲ ਸ਼ੁਰੂ ਕਰ ਦਿਤੀ ਜਿਥੋਂ ਵੀ ਕਿਸੇ ਲੜਕੇ ਬਾਰੇ ਪਤਾ ਲਗਦਾ ਉਸ ਬਾਰੇ ਵਿਚਾਰ ਸ਼ੁਰੂ ਹੋ ਜਾਂਦਾ।

ਇਕ ਅਮੀਰ ਕੱਪੜੇ ਦੇ ਵਪਾਰੀ ਦੇ ਲੜਕੇ ਦਾ ਪਤਾ ਲੱਗਾ ਜੋ ਕਿ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਕਦੇ ਕਦੇ ਵਪਾਰ ਵਿਚ ਆਪਣੇ ਬਾਪ ਨਾਲ ਹੱਥ ਵਟਾਉਂਦਾ ਸੀ ਜਿਆਦਾ ਸਮਾਂ ਉਸ ਦਾ ਆਪਣੀ ਮਿੱਤਰ ਮੰਡਲੀ ਵਿਚ ਹੀ ਬੀਤਦਾ ਸੀ। ਕ੍ਰਿਸ਼ਨਾ ਦੇ ਮਾਪਿਆਂ ਵਲੋਂ ਉਸ ਲੜਕੇ ਨਾਲ ਰਿਸ਼ਤਾ ਤਹਿ ਕਰ ਲਿਆ ਗਿਆ। ਵਿਆਹ ਵੀ ਤੁਰੰਤ ਕਰ ਕੇ ਕ੍ਰਿਸ਼ਨਾ ਨੂੰ ਫਤਹਿ ਨਾਲ ਭੇਜ ਦਿਤਾ ਗਿਆ। ਵਿਆਹ ਖੂਬ ਧੂਮ ਧਾਮ ਨਾਲ ਕੀਤਾ ਗਿਆ। ਕ੍ਰਿਸ਼ਨਾ ਖੁਸ਼ ਨਹੀਂ ਸੀ। ਸਮੇਂ ਨਾਲ ਉਸ ਨੂੰ ਪਤਾ ਲੱਗਾ ਕਿ ਫਤਹਿ ਸ਼ਰਾਬ ਵੀ ਪੀਂਦਾ ਹੈ ਨਸ਼ੇ ਵੀ ਕਰਦਾ ਹੈ ਅਤੇ ਰਾਤਾਂ ਨੂੰ ਦੇਰ ਨਾਲ ਘਰੇ ਵੜਦਾ ਹੈ। ਉਸ ਨੇ ਕ੍ਰਿਸ਼ਨਾ ਨਾਲ ਮਾੜਾ ਸਲੂਕ ਕਰਨਾ ਸ਼ੁਰੂ ਕਰ ਦਿਤਾ। ਕ੍ਰਿਸ਼ਨਾ ਨੂੰ ਹੁਣ ਘਰ ਦੀ ਯਾਦ ਆਉਣ ਲੱਗੀ। ਕ੍ਰਿਸ਼ਨਾ ਨਾਲ ਜ਼ਬਰਦਸਤੀ ਕੀਤੀ ਜਾਣ ਲੱਗੀ। ਫਤਹਿ ਨੇ ਉਸ ਦੀ ਕੁੱਟ ਮਾਰ ਵੀ ਸ਼ੁਰੂ ਕਰ ਦਿਤੀ। ਸਹੁਰੇ ਘਰ ਰਹਿ ਕੇ ਉਸ ਦਾ ਦਮ ਘੁਟਣ ਲੱਗਾ। ਜਦੋਂ ਕ੍ਰਿਸ਼ਨਾ ਨੇ ਉਸ ਨੂੰ ਨਸ਼ੇ ਛੱਡਣ ਲਈ ਕਹਿਣਾ ਸ਼ੁਰੂ ਕੀਤਾ ਤਾਂ ਫਤਹਿ ਨੂੰ ਗੁਸਾ ਆਇਆ ਉਸ ਨੇ ਕ੍ਰਿਸ਼ਨਾ ਨੂੰ ਸਪਸ਼ਟ ਆਖ ਦਿਤਾ ਕਿ ਮੈਂ ਆਪਣੇ ਪੈਸੇ ਨਾਲ ਨਸ਼ੇ ਕਰਦਾ ਹਾਂ ਤੇਰੇ ਮਾਪਿਆਂ ਤੋਂ ਨਹੀਂ ਮੰਗਦਾ। ਖ਼ਬਰਦਾਰ ਜੇ ਮੈਨੂੰ ਕਿਸੇ ਗੱਲ ਲਈ ਆਖਿਆ ਤਾਂ ਮੈਂ ਤੈਨੂੰ ਘਰੋਂ ਕੱਢ ਦੇਵਾਂਗਾ। ਇਸ ਘਰ ਵਿਚ ਮੇਰੀ ਮਰਜ਼ੀ ਹੀ ਚਲੇਗੀ ਜੇ ਕਰ ਤੈਨੂੰ ਚੰਗਾ ਨਹੀਂ ਲਗਦਾ ਤਾਂ ਆਪਣੇ ਪੇਕੇ ਚਲੀ ਜਾ। ਇਕ ਦਿਨ ਫਤਿਹ ਸ਼ਰਾਬ ਦਾ ਡੱਕਿਆ ਹੋਇਆ ਸੀ ਅਤੇ ਆਪੋ ਵਿਚ ਝਗੜਾ ਹੋ ਗਿਆ ਅਤੇ ਉਸ ਨੇ ਕ੍ਰਿਸ਼ਨਾ ਨੂੰ ਸੋਟੀ ਨਾਲ ਕੁੱਟ ਦਿਤਾ। ਉਸ ਦੇ ਮਾਪੇ ਘਰ ਵਿਚ ਨਹੀਂ ਸਨ। ਉਹ ਕਿਸੇ ਰਿਸ਼ਤੇਦਾਰੀ ਵਿਚ ਗਏ ਸਨ। ਕ੍ਰਿਸ਼ਨਾ ਨੇ ਆਪਣਾ ਬਚਾ ਕੀਤਾ ਅਤੇ ਘਰੋਂ ਨਿਕਲ ਪਈ ਅਤੇ ਬੱਸ ਚੜ੍ਹ ਆਪਣੇ ਪੇਕੇ ਘਰ ਆ ਗਈ। ਉਸ ਨੇ ਆਪਣੇ ਘਰ ਆਪਣੀ ਮੰਦੀ ਹਾਲਤ ਬਾਰੇ ਦੱਸਿਆ ਤੇ ਨਾਲੇ ਇਹ ਵੀ ਕਹਿ ਦਿਤਾ ਕਿ ਮੈਂ ਦੁਬਾਰਾ ਉਥੇ ਨਹੀਂ ਜਾਵਾਂਗੀ । ਜੇ ਕਰ ਤੁਸੀਂ ਜਾਣ ਲਈ ਆਖੋਗੇ ਤਾਂ ਮੈਂ ਖੁਦਕਸ਼ੀ ਕਰ ਲਵਾਂਗੀ । ਹੁਣ ਉਸ ਦੇ ਚਾਅ ਮਰ ਚੁਕੇ ਹਨ। ਉਸ ਨੂੰ ਜਾਪਦਾ ਸੀ ਕਿ ਜ਼ਿੰਦਗੀ ਮੇਰੇ ਨਾਲ ਰਸ ਗਈ ਹੈ।

ਕ੍ਰਿਸ਼ਨਾ ਦੇ ਬਾਪ ਤੇ ਵੀਰ ਨੇ ਸਮਝੌਤੇ ਲਈ ਯਤਨ ਕੀਤੇ ਪ੍ਰੰਤੂ ਜਦੋਂ ਫਤਹਿ ਨੇ ਉਨ੍ਹਾਂ ਨਾਲ ਭੈੜਾ ਵਿਵਹਾਰ ਕੀਤਾ ਤਾਂ ਉਨ੍ਹਾਂ ਨੇ ਤਲਾਕ ਲਈ ਯਤਨ ਸ਼ੁਰੂ ਕਰ ਦਿਤੇ। ਕੁਝ ਦੇਰ ਮਸਲਾ ਲਮਕਦਾ ਰਿਹਾ। ਅਖੀਰ ਉਨ੍ਹਾਂ ਦਾ ਤਲਾਕ ਹੋ ਗਿਆ। ਕ੍ਰਿਸ਼ਨਾ ਦੇ ਮਾਪੇ ਬਹੁਤ ਦੁਖੀ ਸਨ ਕਿ ਅਸੀਂ ਕ੍ਰਿਸ਼ਨਾ ਨਾਲ ਧੱਕਾ ਕੀਤਾ ਹੈ ਅਤੇ ਉਹ ਵੀ ਸੁਖੀ ਨਹੀਂ ਵੱਸ ਸਕੀ।

ਕ੍ਰਿਸ਼ਨਾ ਦਾ ਜੀਅ ਲਵਾਉਣ ਲਈ ਕਦੇ ਕਦੇ ਉਹ ਪਾਰਕ ਵਿਚ ਪਿਕਨਿਕ ਲਈ ਜਾਣ ਲਗੇ।

ਕੁਲਜੀਤ ਨੇ ਨੌਕਰੀ ਪ੍ਰਾਪਤ ਕਰ ਲਈ ਸੀ ਉਸ ਦਾ ਦਫਤਰ ਘਰ ਦੇ ਨੇੜੇ ਹੀ ਸੀ। ਉਹ ਰੋਜ਼ਾਨਾ ਸ਼ਾਮ ਨੂੰ ਘਰੇ ਆ ਜਾਇਆ ਕਰਦਾ ਸੀ। ਐਤਵਾਰ ਛੁਟੀ ਹੋਣ ਕਾਰਨ ਉਸ ਦੇ ਪਰਿਵਾਰ ਨੇ ਪਿਕਨਿਕ ਦਾ ਪ੍ਰੋਗਰਾਮ ਬਣਾ ਲਿਆ ਤੇ ਉਹ ਪਾਰਕ ਵਿਚ ਪੁੱਜ ਗਏ। ਕ੍ਰਿਸ਼ਨਾ ਦਾ ਪਰਿਵਾਰ ਵੀ ਪਿਕਨਿਕ ਤੇ ਆਇਆ ਹੋਇਆ ਸੀ। ਸਾਰੇ ਇਕੱਠੇ ਹੋਏ। ਸਭ ਨੇ ਆਪਣੇ ਵਲੋਂ ਕੁਝ ਨਾ ਕੁਝ ਸੁਣਾਇਆ। ਕੁਲਜੀਤ ਨੇ ਕ੍ਰਿਸ਼ਨਾ ਦੇ ਚੇਹਰੇ ਤੇ ਉਦਾਸੀ ਝਲਕਦੀ ਦੇਖ ਲਈ। ਉਸ ਨੇ ਮੌਕਾ ਤਾੜ ਕੇ ਕ੍ਰਿਸ਼ਨਾ ਨੂੰ ਉਦਾਸੀ ਦਾ ਕਾਰਨ ਪੁੱਛਣ ਦਾ ਯਤਨ ਕੀਤਾ। ਪ੍ਰੰਤੂ ਸਿਹਤ ਠੀਕ ਹੋਣ ਦਾ ਬਹਾਨਾ ਕੀਤਾ। ਭਾਵੇਂ ਕੁਲਜੀਤ ਨੂੰ ਯਕੀਨ ਨਾ ਆਇਆ ਪ੍ਰੰਤੂ ਉਹ ਚੁੱਪ ਵੱਟ ਗਿਆ। ਕੁਲਜੀਤ ਨੇ ਪਿਕਨਿਕ ਵਿਚ ਆਪਣੀ ਇਕ ਕਵਿਤਾ ਸੁਣਾਈ। ਸਾਰਿਆਂ ਨੇ ਪਸੰਦ ਕੀਤੀ ਤਾੜੀਆਂ ਵਜੀਆਂ ਪਰ ਕ੍ਰਿਸ਼ਨਾ ਨੇ ਕੁਝ ਖਾਸ ਪ੍ਰਤੀਕਰਮ ਨਾ ਦਿਤਾ। ਕੁਲਜੀਤ ਨੇ ਅੰਦਾਜ਼ਾ ਲੈ ਲਿਆ ਕਿ ਅੰਦਰੂਨੀ ਗੱਲ ਕੁਝ ਹੋਰ ਹੈ ਉਸ ਨੇ ਪਤਾ ਕਰਨ ਦਾ ਮਨ ਬਣਾ ਲਿਆ। ਉਸ ਨੇ ਕ੍ਰਿਸ਼ਨਾ ਦੀ ਸਹੇਲੀ ਕੋਮਲ ਨੂੰ ਕਿਹਾ ਕਿ ਉਹ ਪਤਾ ਕਰੇ ਕਿ ਕ੍ਰਿਸ਼ਨਾ ਕਾਫੀ ਸਮੇਂ ਤੋਂ ਪੇਕੇ ਰਹਿ ਰਹੀ ਹੈ ਕੀ ਕਾਰਨ ਹੈ। ਕੋਮਲ ਰਾਹੀਂ ਉਸ ਨੂੰ ਪਤਾ ਲੱਗਾ ਕਿ ਕ੍ਰਿਸ਼ਨਾ ਦਾ ਤਲਾਕ ਹੋ ਚੁਕਾ ਹੈ ਕਿਓਂਕਿ ਉਸ ਦਾ ਪਤੀ ਨਸ਼ੇ ਕਰਦਾ ਸੀ ਅਤੇ ਉਸ ਨਾਲ ਕੁੱਟ ਮਾਰ ਵੀ ਕਰਦਾ ਸੀ । ਇਹ ਸੁਣ ਕੇ ਕੁਲਜੀਤ ਦੁਖੀ ਹੋਇਆ। ਕੁਲਜੀਤ ਨੇ ਕੋਮਲ ਨੂੰ ਕਿਹਾ ਕਿ ਉਹ ਕ੍ਰਿਸ਼ਨਾ ਨੂੰ ਆਪਣੇ ਨਾਲ ਲਿਜਾ ਕੇ ਕਿਸੇ ਸਾਂਝੀ ਥਾਂ ਤੇ ਸਾਡੇ ਮਿਲਣ ਦਾ ਪ੍ਰਬੰਧ ਕਰੇ। ਕੋਮਲ ਨੇ ਪਹਿਲਾਂ ਤਾਂ ਆਨਾਕਾਨੀ ਕੀਤੀ ਪਰ ਫੇਰ ਕੁਲਜੀਤ ਦੇ ਵਾਰ ਵਾਰ ਕਹਿਣ ਤੇ ਉਹ ਮੰਨ ਗਈ। ਕੋਮਲ ਨੂੰ ਕੁਲਜੀਤ ਅਤੇ ਕ੍ਰਿਸ਼ਨਾ ਦੇ ਆਪਸੀ ਸਬੰਧ ਬਾਰੇ ਗਿਆਨ ਸੀ।

ਕ੍ਰਿਸ਼ਨਾ ਨੂੰ ਕੋਮਲ ਰਾਹੀਂ ਇਹ ਇਲਮ ਸੀ ਕਿ ਕੁਲਜੀਤ ਨੌਕਰੀ ਕਰ ਰਿਹਾ ਹੈ ਪਰ ਹਾਲੇ ਤਕ ਉਸ ਨੇ ਵਿਆਹ ਨਹੀਂ ਕਰਵਾਇਆ ਹੈ। ਕੋਮਲ ਨੇ ਕ੍ਰਿਸ਼ਨਾ ਨੂੰ ਦੱਸਿਆ ਕਿ ਕੁਲਜੀਤ ਤੈਨੂੰ ਮਿਲਣਾ ਚਾਹੁੰਦਾ ਹੈ। ਜੇ ਤੂੰ ਹਾਂ ਕਰੇ ਤਾਂ ਮੈਂ ਤੈਨੂੰ ਬਜ਼ਾਰ ਦਾ ਆਖ ਕੇ ਨਾਲ ਲੈ ਜਾਵਾਂਗੀ ਤੇ ਤੁਸੀਂ ਆਪਿਸ ਵਿਚ ਗੱਲ ਬਾਤ ਕਰ ਲੈਣਾ। ਕ੍ਰਿਸ਼ਨਾ ਨੇ ਹਾਮੀ ਭਰ ਦਿੱਤੀ। ਅਗਲੇ ਐਤਵਾਰ ਉਹ ਤਿੰਨੇ ਇਕੱਠੇ ਸਨ। ਕੁਲਜੀਤ ਨੇ ਕ੍ਰਿਸ਼ਨਾ ਨੂੰ ਕਿਹਾ ਕਿ ਜੇ ਤੇਰੇ ਘਰ ਦੇ ਮੰਨਦੇ ਹਨ ਤਾਂ ਮੇਰੇ ਦਰਵਾਜ਼ੇ ਤੇਰੇ ਲਈ ਖੁਲੇ ਹਨ। ਕ੍ਰਿਸ਼ਨਾ ਨੇ ਆਪਣੇ ਵਲੋਂ ਹਾਂ ਕਰ ਦਿਤੀ ਅਤੇ ਘਰ ਗੱਲ ਕਰਨ ਲਈ ਆਖਿਆ। ਕੋਮਲ ਨੇ ਵੀ ਆਖਿਆ ਕਿ ਮੈਂ ਵੀ ਤੇਰੇ ਘਰ ਦਿਆਂ ਨੂੰ ਮੰਨਾਓਣ ਦਾ ਯਤਨ ਕਰਾਂਗੀ।

ਜਦੋਂ ਕੋਮਲ ਨੇ ਕ੍ਰਿਸ਼ਨਾ ਦੀ ਮਾਂ ਨਾਲ ਗੱਲ ਕੀਤੀ ਤਾਂ ਉਸ ਨੇ ਕ੍ਰਿਸ਼ਨਾ ਦੇ ਬਾਪ ਅਤੇ ਵੀਰ ਨਾਲ ਸਲਾਹ ਕਰ ਕੇ ਦੱਸਣ ਲਈ ਕਿਹਾ। ਜਦੋਂ ਕ੍ਰਿਸ਼ਨਾ ਦੇ ਬਾਪ ਤੇ ਵੀਰ ਨੂੰ ਦੱਸਿਆ ਗਿਆ ਤਾਂ ਉਹ ਵੀ ਕੁਝ ਨਰਮ ਹੋ ਚੁਕੇ ਸਨ। ਕੁਝ ਦੇਰ ਵਿਚਾਰ ਕਰ ਉਨ੍ਹਾਂ ਨੇ ਕੁਲਜੀਤ ਅਤੇ ਉਸ ਦੇ ਮਾਪਿਆਂ ਨੂੰ ਘਰ ਬੁਲਾਇਆ। ਖੁਲ ਕੇ ਵਿਚਾਰ ਕੀਤਾ। ਕ੍ਰਿਸ਼ਨਾ ਦੇ ਤਲਾਕ ਸਬੰਧੀ ਵਿਸਥਾਰ ਨਾਲ ਦੱਸਿਆ। ਇਕੱਠਿਆਂ ਖਾਣਾ ਖਾਧਾ । ਕੁਲਜੀਤ ਤੇ ਉਸ ਦੇ ਮਾਪਿਆਂ ਨੂੰ ਅਰਾਮ ਨਾਲ ਵਿਚਾਰ ਕਰਨ ਲਈ ਕਿਹਾ। ਕੁਲਜੀਤ ਨੇ ਦੱਸਿਆ ਕਿ ਮੈਨੂੰ ਇਸ ਸਾਰੇ ਬਾਰੇ ਪਹਿਲਾਂ ਹੀ ਪਤਾ ਲੱਗ ਚੁੱਕਿਆ ਹੈ ਮੈਂ ਆਪਣੇ ਮਾਪਿਆਂ ਨਾਲ ਸਲਾਹ ਕਰ ਲਈ ਹੈ ਅਤੇ ਮੈਂ ਕ੍ਰਿਸ਼ਨਾ ਨਾਲ ਅਗਲਾ ਜੀਵਨ ਬਿਤਾਉਣ ਲਈ ਰਾਜ਼ੀ ਹਾਂ ਅਤੇ ਮੇਰੇ ਮਾਪਿਆਂ ਨੂੰ ਇਸ ਬਾਰੇ ਕੋਈ ਇਤਰਾਜ਼ ਨਹੀਂ ਹੈ। ਸਾਨੂੰ ਤੁਹਾਡੀ ਯੋਗ ਅਗਵਾਈ ਦੀ ਜ਼ਰੂਰਤ ਹੈ। ਅਸੀਂ ਚਾਹੁੰਦੇ ਹਾਂ ਸਾਡੇ ਸਿਰ ਉਪਰ ਮਾਪਿਆਂ ਦੇ ਸੰਘਣੇ ਰੁੱਖ ਦੀ ਛਾਂ ਬਣੀ ਰਹੇ।

ਸਾਰੀ ਸੋਚ ਵਿਚਾਰ ਤੋਂ ਬਾਅਦ ਦੋਹਾਂ ਦਾ ਵਿਆਹ ਕਰ ਦਿਤਾ ਗਿਆ। ਵਿਆਹ ਵਿਚ ਕੋਮਲ ਵੀ ਹਾਜ਼ਰ ਸੀ। ਕ੍ਰਿਸ਼ਨਾ ਅਤੇ ਕੁਲਜੀਤ ਦੋਵੇਂ ਹੀ ਕੋਮਲ ਦੇ ਧੰਨਵਾਦੀ ਸਨ। ਦੋਵੇਂ ਪਰਿਵਾਰ ਖੁਸ਼ ਹੋਏ। ਕੁਲਜੀਤ ਨੇ ਯਤਨ ਕਰ ਕੇ ਕ੍ਰਿਸ਼ਨਾ ਦੀ ਨੌਕਰੀ ਆਪਣੇ ਦਫਤਰ ਵਿਚ ਲੁਆ ਲਈ । ਦੋਵੇਂ ਇਕੱਠੇ ਦਫਤਰ ਜਾਣ ਲੱਗ ਪਏ। ਹੁਣ ਉਹ ਜ਼ਿੰਦਗੀ ਦੇ ਰੰਗਮੰਚ ਉਪਰ ਆਪਣਾ ਆਪਣਾ ਰੋਲ ਖੇਡ ਰਹੇ ਹਨ।

# 117 ਪ੍ਰੋਫੈਸਰਾਂ ਦੀ ਪੀਐੱਚਡੀ ਡਿਗਰੀ ’ਤੇ ਸ਼ੱਕ

ਚੰਡੀਗੜ੍ਹ- ਹਰਿਆਣਾ ਸੂਬੇ ਦੇ ਸਰਕਾਰੀ ਕਾਲਜਾਂ ਵਿਚ ਤਾਇਨਾਤ ਪ੍ਰੋਫੈਸਰ, ਅਸਿਸਟੈਂਟ ਪ੍ਰੋਫੈਸਰ ਹੁਣ ਸਰਕਾਰ ਦੇ ਨਿਸ਼ਾਨੇ ’ਤੇ ਆ ਗਏ ਹਨ। ਉਨ੍ਹਾਂ ਨੇ ਨੌਕਰੀ ਕਰਦੇ ਹੋਏ ਨਿੱਜੀ ਯੂਨੀਵਰਸਿਟੀਆਂ ਤੋਂ ਪੀਐੱਚਡੀ ਦੀ ਡਿਗਰੀ ਲਈ ਸੀ। ਯੂਜੀਸੀ ਦੇ ਮਾਪਦੰਡਾਂ ’ਤੇ ਇਹ ਡਿਗਰੀਆਂ ਖਰੀਆਂ ਨਹੀਂ ਉਤਰ ਰਹੀਆਂ। ਇਨ੍ਹਾਂ ਡਿਗਰੀਆਂ ਦੇ ਫ਼ਰਜ਼ੀ ਹੋਣ ਦੇ ਖ਼ਦਸ਼ੇ ਦੇ ਚੱਲਦੇ ਜਿੱਥੇ ਸਰਟੀਫਿਕੇਟ ਪ੍ਰਮਾਣਿਕਤਾ ਦੀ ਜਾਂਚ ਭ੍ਰਿਸ਼ਟਾਚਾਰ ਰੋਕੂ ਬਿਊਰੋ (ਏਸੀਬੀ) ਕਰ ਰਿਹਾ ਹੈ, ਉਥੇ ਮਾਮਲੇ ਵਿਚ ਹਾਈ ਕੋਰਟ ਦੀ ਸਖ਼ਤੀ ਤੋਂ ਬਾਅਦ ਉੱਚ ਸਿੱਖਿਆ ਵਿਭਾਗ ਨੇ ਵੀ ਦਸਤਾਵੇਜ਼ਾਂ ਦੀ ਜਾਂਚ ਲਈ ਨਵੀਂ ਕਮੇਟੀ ਗਠਿਤ ਕਰ ਦਿੱਤੀ ਹੈ। ਇਸ ਦੇ ਨਾਲ ਹੀ ਸਬੰਧਤ ਪ੍ਰੋਫੈਸਰਾਂ ਦੀ ਵਿਭਾਗੀ ਤਰੱਕੀ ’ਤੇ ਰੋਕ ਲਗਾ ਦਿੱਤੀ ਹੈ। ਹਾਲਾਂਕਿ ਪ੍ਰੋਫੈਸਰਾਂ ਦਾ ਇਕ ਵਰਗ ਡਿਗਰੀਆਂ ਦੀ ਕਿਸੇ ਨਿਰਪੱਖ ਕੇਂਦਰੀ ਜਾਂਚ ਏਜੰਸੀ ਤੋਂ ਜਾਂਚ ਕਰਵਾਉਣ ਦੀ ਮੰਗ ਕਰ ਰਹੇ ਹਨ ਤਾਂ ਜੋ ਅਸਲੀਅਸ ਸਾਹਮਣੇ ਆ ਸਕੇ। ਪਹਿਲੇ ਗੇੜ ਵਿਚ 8 ਤੋਂ 10 ਜਨਵਰੀ ਤੱਕ ਦਸਤਾਵੇਜ਼ਾਂ ਦੀ ਜਾਂਚ ਕਰ ਚੁੱਕੀ ਉੱਚ ਸਿੱਖਿਆ ਵਿਭਾਗ ਦੀ ਕਮੇਟੀ ਨੇ ਬੁੱਧਵਾਰ ਨੂੰ ਫਿਰ ਤੋਂ ਰਿਕਾਰਡ ਜਾਂਚਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਸਬੰਧਤ ‘ਪ੍ਰੋਫੈਸਰਾਂ’ ਨੂੰ ਪੀਐੱਚਡੀ ਦੇ ਕੋਰਸ ਵਰਕਰ ਸਰਟੀਫਿਕੇਟ, ਲੀਵ ਰਿਕਾਰਡ ਤੇ ਸਬੰਧਤ ਯੂਨੀਵਰਸਿਟੀ ਦੇ ਪੀਐੱਚਡੀ ਆਰਡੀਨੈਂਸ ਸਮੇਤ ਹੋਰ ਰਿਕਾਰਡ ਦੇ ਨਾਲ ਸੱਦਿਆ ਗਿਆ ਹੈ। 16, 17, 20 ਤੋਂ 21 ਜਨਵਰੀ ਨੂੰ ਵੀ ਜਾਂਚ ਕਾਰਜ ਚੱਲੇਗਾ। 22 ਜਨਵਰੀ ਨੂੰ ਹਾਈ ਕੋਰਟ ਵਿਚ ਸੁਣਵਾਈ ਹੋਣੀ ਹੈ, ਜਿਸ ਵਿਚ ਸਰਕਾਰ ਨੂੰ ਦੱਸਣਾ ਪਵੇਗਾ ਕਿ ਏਸੀਬੀ ਨੂੰ ਕਦੋਂ ਜਾਂਚ ਸੌਂਪੀ ਗਈ ਤੇ ਉਸ ਦੀ ਰਿਪੋਰਟ ’ਤੇ ਕੀ ਕਾਰਵਾਈ ਹੋਈ। ਇਸ ਦੇ ਨਾਲ ਹੀ ਵਿਭਾਗੀ ਜਾਂਚ ਕਮੇਟੀ ਦੀ ਰਿਪੋਰਟ ਵੀ ਕੋਰਟ ਵਿਚ ਰੱਖੀ ਜਾਵੇਗੀ। 9 ਦਸੰਬਰ ਨੂੰ ਹੋਈ ਪਿਛਲੀ ਸੁਣਵਾਈ ’ਤੇ ਨਿੱਜੀ ਤੌਰ ’ਤੇ ਪੇਸ਼ ਹੋਏ ਨਿੱਜੀ ਤੌਰ ’ਤੇ ਪੇਸ਼ ਹੋਏ ਉੱਚ ਸਿੱਖਿਆ ਵਿਭਾਗ ਦੇ ਵਧੀਕ ਮੁੱਖ ਸਕੱਤਰ ਵਨੀਤ ਗਰਗ ਤੇ ਡਾਇਰੈਕਟਰ ਰਾਹੁਲ ਹੁੱਡਾ ਨੂੰ ਸਹੁੰ-ਪੱਤਰ ਪੇਸ਼ ਨਾ ਕਰ ਸਕਣ ਲਈ ਮਾਫ਼ੀ ਮੰਗਣੀ ਪਈ ਸੀ। ਇਹੀਓ ਵਜ੍ਹਾ ਹੈ ਕਿ ਅਗਲੀ ਸੁਣਵਾਈ ਤੋਂ ਪਹਿਲਾਂ ਵਿਭਾਗ ਨੇ ਸੰਜੀਦਗੀ ਤੋਂ ਕੰਮ ਲੈਂਦੇ ਹੋਏ ਜਾਂਚ ਸ਼ੁਰੂ ਕਰਵਾ ਦਿੱਤੀ ਹੈ ਤਾਂ ਜੋ ਸਟੀਕ ਰਿਪੋਰਟ ਅਦਾਲਤ ਵਿਚ ਆਇਦ ਕੀਤੀ ਜਾ ਸਕੇ। ਨਿਯਮਾਂ ਮੁਤਾਬਕ ਕਾਲਜਾਂ ਵਿਚ ਲੱਗੇ ਪ੍ਰੋਫੈਸਰ ਤੇ ਅਸਿਸਟੈਂਟ ਪ੍ਰੋਫੈਸਰਾਂ ਨੂੰ ਵਿਭਾਗੀ ਤਰੱਕੀ ਲਈ ਪੀਐੱਚਡੀ ਕਰਨੀ ਪੈਂਦੀ ਹੈ। ਅਜਿਹੇ ਵਿਚ ਵੱਡੀ ਗਿਣਤੀ ਵਿਚ ਪੱਕੇ ਪ੍ਰੋਫੈਸਰਾਂ ਦੇ ਨਾਲ ਹੀ ਠੇਕੇ ’ਤੇ ਰੱਖੇ ਪ੍ਰੋਫੈਸਰ ਵੀ ਨਿੱਜੀ ਯੂਨੀਵਰਸਿਟੀਆਂ ਤੋਂ ਪੀਐੱਚਡੀ ਦੀ ਡਿਗਰੀ ਲੈ ਕੇ ਆ ਗਏ ਸਨ।

# ਅਫ਼ਗਾਨਾਂ ਉੱਤੇ ਸਿੱਖ ਫ਼ੌਜ ਦੀ ਫ਼ਤਹਿ ਦਾ ਪ੍ਰਤੀਕ ਅਟਕ ਦਾ ਕਿਲਾ

ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਤੋਂ 80 ਕਿਲੋਮੀਟਰ ਅਤੇ ਪਿਸ਼ਾਵਰ ਤੋਂ 100 ਕਿਲੋਮੀਟਰ ਦੀ ਦੂਰੀ ’ਤੇ ਅਟਕ ਸ਼ਹਿਰ ਵਿੱਚ ਕਿਲ੍ਹਾ ਅਟਕ ਨੇ ਅੱਜ ਵੀ ਦਰਿਆ ਸਿੰਧ ਦੇ ਪੱਤਣ ’ਤੇ ਮੌਜੂਦ ਆਪਣੀ ਸ਼ਾਨ ਨੂੰ ਕਾਇਮ ਰੱਖਿਆ ਹੋਇਆ ਹੈ। ਦੇਸ਼ ਦੀ ਵੰਡ ਤੋਂ ਬਾਅਦ ਤੋਂ ਇਸ ਵਿੱਚ ਪਾਕਿਸਤਾਨੀ ਸੈਨਾ ਦੀ ਛਾਉਣੀ ਕਾਇਮ ਹੈ, ਜਿਸ ਕਾਰਨ ਕਿਲ੍ਹਾ ਯਾਤਰੀਆਂ ਨੂੰ ਅੰਦਰੋਂ ਵੇਖਣ ਦੀ ਮਨਜ਼ੂਰੀ ਨਹੀਂ ਹੈ। ਰਾਵਲਪਿੰਡੀ ਤੋਂ ਪਿਸ਼ਾਵਰ ਜਾਂਦਿਆਂ ਦਰਿਆ-ਏ-ਸਿੰਧ ਦੇ ਪੁਲ ਤੋਂ ਪੁਰਾਣੀ ਜੀ.ਟੀ. ਰੋਡ ਵਾਲੇ ਪਾਸੇ ਸਥਾਪਿਤ ਇਹ ਕਿਲ੍ਹਾ ਦੂਰੋਂ ਵਿਖਾਈ ਦੇ ਜਾਂਦਾ ਹੈ।





ਅਟਕ ਕਿਲ੍ਹਾ ਮੌਜੂਦਾ ਸਮੇਂ ਅਟਕ ਸ਼ਹਿਰ ਤੋਂ ਕਰੀਬ 34 ਕਿਲੋਮੀਟਰ ਦੀ ਦੂਰੀ ’ਤੇ ਪਿੰਡ ਅਟਕ ਖੁਰਦ ਵਿੱਚ ਮੌਜੂਦ ਹੈ। ਕਿਲ੍ਹੇ ਦੀਆਂ ਲੋਹੇ ਵਰਗੀਆਂ ਮਜ਼ਬੂਤ ਅਤੇ ਵਿਸ਼ਾਲ ਦੀਵਾਰਾਂ ਇਸ ਦੀ ਮਹੱਤਤਾ ਦਾ ਅਹਿਸਾਸ ਕਰਵਾਉਂਦੀਆਂ ਹਨ। ਅਫ਼ਗਾਨੀ ਹਮਲਾਵਰਾਂ ਅਤੇ ਧਾੜਵੀਆਂ ਵੱਲੋਂ ਪੰਜਾਬ ’ਤੇ ਹਮਲਿਆਂ ਲਈ ਸਵਾਗਤੀ ਪ੍ਰਵੇਸ਼ ਦੁਆਰ ਵਜੋਂ ਇਹ ਕਿਲ੍ਹਾ ਇਸਤੇਮਾਲ ਕੀਤਾ ਜਾਂਦਾ ਸੀ ਅਤੇ ਸਿੱਖ ਰਾਜ ਸਮੇਂ ਇਸ ਦੇ ਪ੍ਰਬੰਧ ਅਫ਼ਗਾਨੀ ਹਕੂਮਤ ਦੇ ਸਰਦਾਰ ਜਹਾਨ ਦਾਦ ਖ਼ਾਂ ਦੇ ਅਧੀਨ ਸਨ। ਮਹਾਰਾਜਾ ਰਣਜੀਤ ਸਿੰਘ ਇਹ ਸਮਝ ਚੁੱਕੇ ਸਨ ਕਿ ਜਦੋਂ ਤਕ ਕਿਲ੍ਹਾ ਅਟਕ ’ਤੇ ਅਫ਼ਗਾਨੀ ਹਕੂਮਤ ਦਾ ਕਬਜ਼ਾ ਰਹੇਗਾ, ਉਦੋਂ ਤਕ ਪੰਜਾਬ ਵਿੱਚ ਅਮਨ ਬਹਾਲ ਨਹੀਂ ਕੀਤਾ ਜਾ ਸਕਦਾ। ਅਫ਼ਗਾਨੀਆਂ ਦੇ ਨਿੱਤ ਦੇ ਹਮਲਿਆਂ ਨੂੰ ਰੋਕਣ ਲਈ ਇਸ ਕਿਲ੍ਹੇ ’ਤੇ ਖ਼ਾਲਸਾ ਦਰਬਾਰ ਦਾ ਕਬਜ਼ਾ ਹੋਣਾ ਜ਼ਰੂਰੀ ਸੀ। ਇਸ ਉਦੇਸ਼ ਦੀ ਪੂਰਤੀ ਲਈ ਜੁਲਾਈ 1813 ਵਿੱਚ ਦੀਵਾਨ ਮੋਹਕਮ ਚੰਦ, ਹਰੀ ਸਿੰਘ ਨਲਵਾ, ਜੀਵੰਤ ਸਿੰਘ ਮੋਕਲ ਤੇ ਕੁਝ ਹੋਰਨਾਂ ਸਰਦਾਰਾਂ ਨੂੰ ਫ਼ੌਜ ਸਹਿਤ ਇਸ ਮੁਹਿੰਮ ਲਈ ਰਵਾਨਾ ਕੀਤਾ ਗਿਆ। ਜਹਾਨ ਦਾਦ ਖ਼ਾਂ ਨੂੰ ਇਹ ਖ਼ਬਰ ਮਿਲਣ ’ਤੇ ਉਸ ਨੇ 15000 ਦੇ ਕਰੀਬ ਅਫ਼ਗਾਨੀ ਫ਼ੌਜ ਅਤੇ ਮੁਲਕੀਆ ਲਸ਼ਕਰ ਨਾਲ ਹਜ਼ਰੋ ਨੇੜੇ ਸ਼ਮਸ਼ਾਬਾਦ ਦੇ ਮੈਦਾਨ ਵਿੱਚ ਸਿੱਖ ਫ਼ੌਜ ਦਾ ਰਸਤਾ ਰੋਕਣ ਲਈ ਡੇਰਾ ਲਾ ਲਿਆ। 12 ਜੁਲਾਈ ਦੀ ਸਵੇਰ ਨੂੰ ਸਿੱਖ ਫ਼ੌਜ ਨੇ ਅਫ਼ਗਾਨੀ ਲਸ਼ਕਰ ’ਤੇ ਹਮਲਾ ਬੋਲ ਦਿੱਤਾ। ਰਾਤ ਹੋਣ ਤਕ ਦੋਵਾਂ ਪਾਸਿਆਂ ਦੀਆਂ ਫ਼ੌਜਾਂ ਵਿੱਚ ਘਮਸਾਣ ਯੁੱਧ ਹੋਇਆ ਤੇ ਕਈ ਸੂਰਮਿਆਂ ਨੇ ਆਪਣੇ ਪ੍ਰਾਣ ਗਵਾਏ। ਅਗਲੀ ਸਵੇਰ ਸੂਰਜ ਚੜ੍ਹਦਿਆਂ ਹੀ ਫਿਰ ਗੋਲੀਬਾਰੀ ਸ਼ੁਰੂ ਹੋ ਗਈ। ਦੁਪਹਿਰ ਨੂੰ ਜੀਵੰਤ ਸਿੰਘ ਮੋਕਲ ਦਾ ਟਾਕਰਾ ਦੋਸਤ ਮੁਹੰਮਦ ਖ਼ਾਂ ਨਾਲ ਹੋ ਗਿਆ। ਜੀਵੰਤ ਸਿੰਘ ਨੇ ਤਲਵਾਰ ਨਾਲ ਵਾਰ ਕਰ ਕੇ ਦੋਸਤ ਮੁਹੰਮਦ ਖ਼ਾਂ ਨੂੰ ਧਰਤੀ ’ਤੇ ਸੁੱਟ ਲਿਆ ਅਤੇ ਮਾਰ ਮੁਕਾਇਆ। ਇਹ ਖ਼ਬਰ ਸੁਣ ਕੇ ਅਫ਼ਗਾਨੀ ਫ਼ੌਜ ਵਿੱਚ ਹਲਚਲ ਮਚ ਗਈ ਅਤੇ ਫ਼ੌਜ ਰਣ ਖੇਤਰ ਤੋਂ ਲੋਪ ਹੋਣੀ ਸ਼ੁਰੂ ਹੋ ਗਈ। ਦੀਵਾਨ ਅਮਰ ਨਾਥ ’ਜ਼ਫ਼ਰਨਾਮਾ ਮਹਾਰਾਜਾ ਰਣਜੀਤ ਸਿੰਘ’ ਦੇ ਸਫ਼ਾ 74 ’ਤੇ ਲਿਖਦਾ ਹੈ ਕਿ ਇਸ ਯੁੱਧ ਵਿੱਚ ਦੋ ਹਜ਼ਾਰ ਦੇ ਕਰੀਬ ਅਫ਼ਗਾਨੀ ਮਾਰੇ ਗਏ।


ਸਿੱਖ ਫ਼ੌਜ ਤੋਂ ਵੱਡੀ ਹਾਰ ਖਾਣ ਮਗਰੋਂ ਅਫ਼ਗਾਨੀਆਂ ਵਿੱਚ ਕਿਲ੍ਹਾ ਅਟਕ ਨੂੰ ਬਚਾਉਣ ਦੀ ਹਿੰਮਤ ਨਹੀਂ ਸੀ, ਜਿਸ ’ਤੇ ਸਿੱਖ ਫ਼ੌਜ ਨੇ ਸਹਿਜ ਹੀ ਕਿਲ੍ਹੇ ’ਤੇ ਖ਼ਾਲਸਾਈ ਨਿਸ਼ਾਨ ਚੜ੍ਹਾ ਕੇ ਆਪਣੀ ਫ਼ਤਹਿ ਦਾ ਪ੍ਰਮਾਣ ਦੇ ਦਿੱਤਾ। ਇਸ ਪਿੱਛੋਂ 13 ਜੁਲਾਈ 1813 ਤੋਂ 20 ਮਾਰਚ 1849 ਤਕ ਇਹ ਕਿਲ੍ਹਾ ਸਿੱਖ ਫ਼ੌਜ ਦੇ ਅਧਿਕਾਰ ਅਧੀਨ ਰਿਹਾ।

‘ਅਟਕ’ ਹਿੰਦੀ ਸ਼ਬਦ ਹੈ, ਜਿਸ ਦਾ ਅਰਥ ‘ਰੋਕ’ ਹੁੰਦਾ ਹੈ। ਇਹ ਸ਼ਬਦ ਪਹਿਲੀ ਵਾਰ ਆਈਨ-ਏ-ਅਕਬਰੀ ਵਿੱਚ ਵਰਤਿਆ ਗਿਆ। ਇਸ ਦਰਿਆ ਦਾ ਪੁਰਾਣਾ ਤੇ ਸੰਸਕ੍ਰਿਤ ਨਾਂ ‘ਸਿੰਧੂ’ ਹੈ, ਜਦੋਂਕਿ ਗ੍ਰੀਕ ਹਿਸਟੋਰੀਅਨ ਇਸ ਨੂੰ ‘ਸਿਨਥੂ’ ਨਾਂ ਨਾਲ, ਰੋਮਨ ’’ਸਿੰਧੋਜ਼’ ਨਾਲ, ਚੀਨੀ ‘ਸਿਨਤੂ’, ਇਰਾਨੀ ‘ਆਬ-ਏ-ਸਿੰਧ’ ਅਤੇ ਪਲੀਨੀ ‘ਇੰਡਸ’ ਦੇ ਨਾਂ ਨਾਲ ਸੰਬੋਧਿਤ ਕਰਦੇ ਹਨ। ਮੁਗ਼ਲ ਬਾਦਸ਼ਾਹ ਅਕਬਰ ਨੇ 1581-1583 ਵਿੱਚ ਇਸ ਦਰਿਆ ਦੇ ਖੱਬੇ ਬੰਨ੍ਹੇ ਪੱਤਣ ’ਤੇ ਇੱਕ ਮਜ਼ਬੂਤ ਕਿਲ੍ਹੇ ਦਾ ਨਿਰਮਾਣ ਖ਼ਵਾਜਾ ਸ਼ਮਜ਼ੁਦੀਨ ਖ਼ੁਫ਼ੀ ਦੀ ਨਿਗਰਾਨੀ ਵਿੱਚ ਕਰਵਾਇਆ ਅਤੇ ਇਸ ਦਾ ਨਾਂ ‘ਕਿਲ੍ਹਾ ਅਟਕ’ ਰੱਖਿਆ। ਇਹ ਉੱਚੀ ਜਗ੍ਹਾ ’ਤੇ ਬਣਾਇਆ ਗਿਆ, ਜਿਸ ਨਾਲ ਇਸ ਦਾ ਦਰਿਆ ਦੇ ਪੱਤਣ ’ਤੇ ਪੂਰੀ ਤਰ੍ਹਾਂ ਕਬਜ਼ਾ ਹੋ ਗਿਆ। ਕਿਲ੍ਹਾ ਅਟਕ ਦੀ ਸਫ਼ੈਦ ਪੱਥਰ ਨਾਲ ਬਣੀ ਪੂਰਬ ਵੱਲ ਦੀ ਦੀਵਾਰ ’ਤੇ ਇਸ ਦੇ ਨਿਰਮਾਣ ਦੀ ਤਾਰੀਖ਼ 991 ਹਿਜਰੀ ਫ਼ਾਰਸੀ ਵਿੱਚ ਉੱਕਰੀ ਹੋਈ ਹੈ।

ਸਰ ਅਲੈਗਜ਼ੈਂਡਰ ਬਾਰਨਸ ‘ਕਾਬਲ ਬਾਈ ਬਾਰਨਸ’ ਵਿੱਚ ਲਿਖਦਾ ਹੈ ਕਿ ਉਸ ਨੇ ਪਹਿਲੀ ਵਾਰ ਮਾਰਚ 1832 ਵਿੱਚ ਕਿਲ੍ਹਾ ਅਟਕ ਵੇਖਿਆ। ਉਹ ਲਿਖਦਾ ਹੈ, ’’14 ਮਾਰਚ 1832 ਨੂੰ ਜਦੋਂ ਮੈਂ ਹਰੀ ਸਿੰਘ ਨਲਵਾ ਪਾਸ ਅਟਕ ਪਹੁੰਚਿਆ ਤਾਂ ਉਹ ਮੈਨੂੰ ਬੜੇ ਪਿਆਰ ਨਾਲ ਮਿਲਿਆ। ਜਦੋਂ ਅਸੀਂ ਘੋੜਿਆਂ ’ਤੇ ਦਰਿਆ ਪਾਰ ਕਰਨ ਲੱਗੇ ਤਾਂ ਦਰਿਆ ਦੀਆਂ ਉੱਚੀਆਂ ਉੱਠ ਰਹੀਆਂ ਲਹਿਰਾਂ ਨੂੰ ਵੇਖ ਕੇ ਮੈਂ ਡਰ ਗਿਆ, ਪਰ ਨਲਵਾ ਨੇ ਘੋੜੇ ਨੂੰ ਅੱਡੀ ਲਾ ਕੇ ਠਾਠਾਂ ਮਾਰਦੇ ਦਰਿਆ ਵਿੱਚ ਠੇਲ੍ਹ ਦਿੱਤਾ ਅਤੇ ਸਾਨੂੰ ਵੀ ਉਸ ਦੇ ਪਿੱਛੇ ਜਾਣਾ ਪਿਆ। ਇਸ ਤਰ੍ਹਾਂ ਅਸੀਂ ਦਰਿਆ ਦੀ ਪਹਿਲੀ ਧਾਰ ਸਹੀ-ਸਲਾਮਤ ਪਾਰ ਕਰ ਲਈ। ਜਦੋਂ ਅਸੀਂ ਅਗਲੀ ਧਾਰ ਪਾਰ ਕਰਨ ਲੱਗੇ ਤਾਂ ਕੁਝ ਹੋਰ ਘੋੜਸਵਾਰ ਮੁਸਾਫ਼ਰ ਸਾਨੂੰ ਘੋੜਿਆਂ ’ਤੇ ਪਾਰ ਹੁੰਦਾ ਵੇਖ ਸਾਡੇ ਪਿੱਛੇ-ਪਿੱਛੇ ਦਰਿਆ ਵਿੱਚ ਆ ਵੜੇ। ਉਹ ਅਜੇ ਥੋੜ੍ਹੀ ਅੱਗੇ ਗਏ ਸਨ ਕਿ ਦਰਿਆ ਦੀਆਂ ਉੱਚੀਆਂ ਲਹਿਰਾਂ ਉੱਠੀਆਂ ਅਤੇ ਉਨ੍ਹਾਂ ਨੂੰ ਰੋੜ ਕੇ ਲੈ ਗਈਆਂ। ਇਸ ’ਤੇ ਮੈਂ ਭੈਭੀਤ ਹੋ ਕੇ ਨਲਵਾ ਸਰਦਾਰ ਨੂੰ ਕਿਹਾ ਕਿ ਸਾਨੂੰ ਹੋਰ ਅੱਗੇ ਨਹੀਂ ਜਾਣਾ ਚਾਹੀਦਾ ਅਤੇ ਸਾਡਾ ਪਿੱਛੇ ਪਰਤਣਾ ਹੀ ਚੰਗਾ ਹੈ।

ਮੇਰੀ ਇਸ ਗੱਲ ਨੂੰ ਸੁਣ ਕੇ ਉਹ ਹੱਸਦਾ ਹੋਇਆ ਕਹਿਣ ਲੱਗਾ ਕਿ ’ਸਿੱਖ’ ਬਣਨ ਦਾ ਕੀ ਫਾਇਦਾ, ਜੇ ਸਿੱਖ ਦਰਿਆ ਅਟਕ (ਸਿੰਧ) ਇਸ ਤਰ੍ਹਾਂ ਨਾਲ ਘੋੜੇ ’ਤੇ ਪਾਰ ਹੀ ਨਾ ਕਰ ਸਕੇ? ਉਸ ਦਾ ਭਾਵ ਸੀ ਕਿ ਦਰਿਆ ਅਟਕ ਕਿਸੇ ਸਿੱਖ ਨੂੰ ਨਹੀਂ ਰੋੜ ਸਕਦਾ।’’ ਸਰ ਬਾਰਨਸ ਅਨੁਸਾਰ ਜਦੋਂ ਉਹ ਦੂਜੀ ਵਾਰ ਕਾਬਲ ਜਾਂਦਾ ਹੋਇਆ 1837 ਵਿੱਚ ਅਟਕ ਤੋਂ ਗੁਜ਼ਰਿਆ ਤਾਂ ਦਰਿਆ ਅਟਕ ’ਤੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਬਣਵਾਇਆ ਪੁਲ ਬਣਿਆ ਹੋਇਆ ਸੀ, ਜਿਸ ਵਿੱਚ 30 ਬੇੜੀਆਂ ਜੋੜੀਆਂ ਗਈਆਂ ਸਨ। ਇੱਥੇ ਦਰਿਆ ਅਟਕ ਦੀ ਚੌੜਾਈ 507 ਫੁੱਟ ਅਤੇ ਡੂੰਘਾਈ 72 ਫੁੱਟ ਸੀ। ਉਸ ਸਮੇਂ ਹਰੀ ਸਿੰਘ ਨਲਵਾ ਦੁਆਰਾ ਬਣਾਏ ਅਟਕ ਦੇ ਪੁਲ ਦੇ ਤਿੰਨ ਪਾਏ (ਪਿੱਲਰ) ਦਰਿਆ ਵਿੱਚ ਕਿਲ੍ਹੇ ਦੇ ਨੇੜੇ ਮੌਜੂਦ ਸਨ। ਇਨ੍ਹਾਂ ਵਿੱਚ ਪੁਲ ਦੇ ਰੱਸੇ ਬੰਨ੍ਹਣ ਲਈ ਲੋਹੇ ਦੇ ਭਾਰੀ ਕੜੇ ਤੇ ਹੁੱਕ ਲੱਗੇ ਹੋਏ ਸਨ।

# ਮਹਾਂਮਾਰੀ ਬਣਦੀ ਜਾ ਰਹੀ ਹੈ ਤਣਾਅ (ਡਿਪਰੈਸ਼ਨ) ਦੀ ਬਿਮਾਰੀ



ਡਿਪਰੈਸ਼ਨ ਮਾਨਸਿਕ ਰੋਗ ਹੈ ਜਿਹੜਾ ਅਜੋਕੇ ਸਮੇਂ ਵਿਚ ਵਧ ਰਿਹਾ ਹੈ। ਹਰ ਦਸਵਾਂ ਬੰਦਾ ਇਸ ਦਾ ਸ਼ਿਕਾਰ ਹੈ। ਡਿਪਰੈਸ਼ਨ ਮਨ ਦੀ ਸਥਿਤੀ ਹੈ ਜਿਸ ਵਿਚ ਬੰਦਾ ਗ਼ਲਤ ਗੱਲਾਂ ਬਾਰੇ ਸੋਚਦਾ ਹੈ, ਮਨ ਵਿਚ ਭੈੜੇ ਵਿਚਾਰ ਪੈਦਾ ਹੁੰਦੇ ਹਨ, ਆਪਣੇ ਨਾਲ ਤੇ ਆਪਣੇ ਆਲੇ-ਦੁਆਲੇ ਦੂਜੇ ਲੋਕਾਂ ਵੱਲ ਵਤੀਰਾ ਨਾਕਾਰਤਮਕ ਬਣ ਜਾਂਦਾ ਹੈ। ਉਹ ਢਹਿੰਦੀਆਂ ਕਲਾਂ ਵਿਚ ਰਹਿੰਦਾ ਹੈ। ਇਕ ਪੜਾਅ ’ਤੇ ਆਤਮ-ਹੱਤਿਆ ਦੇ ਵਿਚਾਰ ਵੀ ਆਉਂਦੇ ਹਨ। ਉਸ ਵਿਚ ਅਸਫ਼ਲਤਾ ਦੀਆਂ ਭਾਵਨਾਵਾਂ ਜ਼ਿਆਦਾ ਉਪਜਦੀਆਂ ਹਨ ਅਤੇ ਉਸ ਦੀ ਕਿਸੇ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ।

ਅਜਿਹੇ ਬੰਦੇ ਦੀ ਉਦਾਸੀ ਬਿਨਾਂ ਕਿਸੇ ਕਾਰਨ ਬਹੁਤ ਲੰਬੇ ਸਮੇਂ ਲਈ ਹੁੰਦੀ ਹੈ। ਉਹ ਕੁਝ ਵੀ ਕਰਨ ਦੇ ਯੋਗ ਨਹੀਂ ਹੁੰਦਾ ਅਤੇ ਥੱਕਿਆ ਮਹਿਸੂਸ ਕਰਦਾ ਹੈ। ਉਹ ਬਹੁਤੀਆਂ ਗੱਲਾਂ ਵੀ ਨਹੀਂ ਕਰਦਾ ਅਤੇ ਮਾਨਸਿਕ ਤੌਰ ’ਤੇ ਕਮਜ਼ੋਰ ਹੁੰਦਾ ਹੈ। ਡਿਪਰੈਸ਼ਨ ਦਾ ਰੋਗ ਵਪਾਰ ਵਿਚ ਘਾਟਾ, ਪਿਆਰ ਵਿਚ ਮਾਯੂਸੀ, ਪੜ੍ਹਾਈ ਵਿਚ ਅਸਫ਼ਲਤਾ, ਜ਼ਿੰਦਗੀ ਵਿਚ ਤਰੱਕੀ ਦਾ ਨਾ-ਮਿਲਣਾ ਜਾਂ ਫਿਰ ਕਿੱਤੇ ਵਿਚ ਅਸੰਤੁਸ਼ਟਤਾ ਹੋਣ ਕਰਕੇ ਹੋ ਸਕਦਾ ਹੈ।

ਇਸ ਮਨੋਰੋਗ ਦੇ ਚਿੰਨ੍ਹ ਭਿੰਨ ਪ੍ਰਕਾਰ ਦੇ ਹੁੰਦੇ ਹਨ। ਮੁੱਖ ਚਿੰਨ੍ਹ ਜੋਸ਼ ਤੇ ਉਤੇਜਨਾ ਦੀ ਘਾਟ ਅਤੇ ਸਰੀਰਕ ਤੇ ਮਾਨਸਿਕ ਕਿਰਿਆ ਦੀ ਖੀਣਤਾ ਹੈ। ਰੋਗੀ ਨਿਰਾਸ਼ ਤੇ ਮਾਯੂਸ ਹੋ ਜਾਂਦਾ ਹੈ। ਉਹ ਪਹਿਲ-ਕਦਮੀ ਦੀਆਂ ਭਾਵਨਾਵਾਂ ਤੇ ਤਾਕਤ ਖੋਹ ਬੈਠਦਾ ਹੈ ਅਤੇ ਉਸ ਦਾ ਕਿਸੇ ਚੀਜ਼ ਵੱਲ ਰੁਚੀ ਲਈ ਝੁਕਾਅ ਨਹੀਂ ਰਹਿੰਦਾ।

ਅਜਿਹੇ ਬੰਦੇ ਵਿਚ ਮਾਨਸਿਕ ਕਿਰਿਆ ਦੀ ਰੁਕਾਵਟ ਬਹੁਤ ਹੁੰਦੀ ਹੈ ਅਤੇ ਬਹੁਤ ਸਾਰੇ ਰੋਗੀ ਸ਼ਿਕਾਇਤ ਕਰਦੇ ਹਨ ਕਿ ਉਹ ਨਾ ਤਾਂ ਆਪਣਾ ਧਿਆਨ ਇਕਾਗਰ ਕਰ ਸਕਦੇ ਹਨ ਅਤੇ ਨਾ ਹੀ ਆਪਣੇ ਖ਼ਿਆਲਾਂ ਨੂੰ ਇਕੱਤਰ ਕਰ ਸਕਦੇ ਹਨ। ਉਨ੍ਹਾਂ ਦੀ ਯਾਦਦਾਸ਼ਤ ਫ਼ੇਲ੍ਹ ਹੋ ਜਾਂਦੀ ਹੈ। ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦਾ ਦਿਮਾਗ਼ ਖ਼ਾਲੀ ਹੈ। ਅਜਿਹੇ ਬੰਦਿਆਂ ਨੂੰ ਕੋਈ ਆਸ, ਕੋਈ ਦਿਲਚਸਪੀ ਅਤੇ ਜ਼ਿੰਦਗੀ ਦਾ ਕੋਈ ਜੋਸ਼ ਨਹੀਂ ਰਹਿੰਦਾ। ਉਨ੍ਹਾਂ ਦੀਆਂ ਮਨੋਵਿਗਿਆਨਕ ਅੰਤਰ-ਪ੍ਰੇਰਨਾਵਾਂ ਕਮਜ਼ੋਰ ਹੁੰਦੀਆਂ ਹਨ। ਉਹ ਆਪਣੀਆਂ ਹਰ ਪ੍ਰਕਾਰ ਦੀਆਂ ਗ਼ਲਤੀਆਂ ਲਈ ਆਪਣੇ ਆਪ ਨੂੰ ਕੋਸਦੇ ਹਨ ਅਤੇ ਆਪਣੇ ਆਪ ਹੀ ਉਨ੍ਹਾਂ ਦੇ ਸਿੱਟਿਆਂ ਤੋਂ ਡਰਦੇ ਹਨ। ਉਹ ਆਪਣੇ ਭੂਤਕਾਲ ਦੇ ਕੰਮਾਂ ਲਈ ਹਮੇਸ਼ਾਂ ਪਛਤਾਉਂਦੇ ਹਨ ਅਤੇ ਆਪਣੇ ਭਵਿੱਖ ਲਈ ਕੋਈ ਆਸ ਨਹੀਂ ਰੱਖਦੇ। ਭਾਵਤਮਿਕ ਤੌਰ ’ਤੇ ਉਹ ਅਹਿਲ, ਗਤੀਹੀਣ, ਢਿੱਲੜ, ਆਲਸੀ ਅਤੇ ਕਮਜ਼ੋਰ ਹੁੰਦੇ ਹਨ। ਉਹ ਕਿਸੇ ਸਮਾਜਿਕ ਉਤੇਜਨਾ ਦੀ ਕਿਰਿਆ ਨਹੀਂ ਕਰਦੇ ਅਤੇ ਉਨ੍ਹਾਂ ਵਿਚ ਆਤਮ-ਹੱਤਿਆ ਦੇ ਝੁਕਾਅ ਪੈਦਾ ਹੋ ਜਾਂਦੇ ਹਨ।

**ਡਿਪਰੈਸ਼ਨ ਮਨੋਰੋਗ ਦੀ ਰੋਕਥਾਮ ਤੇ ਇਲਾਜ:** ਡਿਪਰੈਸ਼ਨ ਦੇ ਰੋਗੀ ਨੂੰ ਹਸਪਤਾਲ ਵਿਚ ਦਾਖ਼ਲ ਕਰਾਉਣਾ ਬਹੁਤ ਜ਼ਰੂਰੀ ਹੁੰਦਾ ਹੈ। ਚੰਗੀ ਸਰੀਰਕ ਦੇਖਭਾਲ ਦੇ ਨਾਲ ਹਸਪਤਾਲ ਵਿਚ ਦਾਖ਼ਲ ਕਰਾਉਣ ਨਾਲ ਰੋਗੀਆਂ ਨੂੰ ਦੁਖਦਾਈ ਘਰੇਲੂ ਪ੍ਰਭਾਵਾਂ ਤੋਂ ਦੂਰ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਗ਼ੈਰ-ਜ਼ਿੰਮੇਵਾਰੀ ਵਾਲੇ ਵਿਹਾਰ ਅਤੇ ਆਤਮ-ਹੱਤਿਆ ਦੇ ਵਿਚਾਰਾਂ ਤੋਂ ਵੀ ਬਚਾਇਆ ਜਾ ਸਕਦਾ ਹੈ।


ਅਜਿਹੇ ਰੋਗ ਦੀ ਹਾਲਤ ਵਿਚ ਇਲਾਜ ਲਈ ਇਹ ਜ਼ਰੂਰੀ ਹੈ ਕਿ ਬਾਹਰਲੀ ਉਤੇਜਨਾ ਨੂੰ ਘਟਾਇਆ ਜਾਵੇ ਅਤੇ ਮਰੀਜ਼ ਦਾ ਵਿਸ਼ਵਾਸ ਵਧਾਇਆ ਜਾਵੇ।

ਇਸ ਰੋਗ ਦਾ ਸਹੀ ਇਲਾਜ ਗੈਰ-ਜ਼ਰੂਰੀ ਰੁਕਾਵਟਾਂ ਅਤੇ ਤਣਾਓ ਪੈਦਾ ਕਰਨ ਵਾਲੇ ਸੋਮਿਆਂ ਨੂੰ ਖ਼ਤਮ ਕਰਨ ਵਿਚ ਅਤੇ ਵਾਤਾਵਰਨ ਤੋਂ ਉਤੇਜਨਾ ਭਰਪੂਰ ਕਾਰਕਾਂ ਨੂੰ ਦੂਰ ਕਰਨ ਵਿਚ ਹੁੰਦਾ ਹੈ।

ਕੁਝ ਮਨੋਰੋਗ ਵਿਗਿਆਨੀ ਮਨੋਵਿਗਿਆਨਕ ਇਲਾਜ ਦੀ ਸਿਫ਼ਾਰਸ਼ ਕਰਦੇ ਹਨ ਜਿਸ ਨਾਲ ਰੋਗੀ ਦੀ ਆਤਮ ਸੂਝ ਵਧਦੀ ਹੈ। ਰੋਗੀ ਦੇ ਸਵੈ-ਵਿਸ਼ਵਾਸ ਅਤੇ ਆਸ਼ਾਵਾਦੀ ਵਤੀਰੇ ਰਾਹੀਂ ਸਹਾਇਤਾ ਕੀਤੀ ਜਾ ਸਕਦੀ ਹੈ।

ਹਲਕੇ ਕੇਸਾਂ ਵਿਚ ਰੋਗੀ ਨੂੰ ਆਪਣੀਆਂ ਯਾਦਾਂ ਜਾਂ ਨਿੱਜੀ ਆਤਮ-ਕਥਾਵਾਂ ਲਿਖਣ ਲਈ ਕਿਹਾ ਜਾਵੇ, ਰੋਗੀ ਨੂੰ ਕਿਸੇ ਉੱਘੇ ਚਿਕਿਤਸਕ ਮਨੋਵਿਗਿਆਨੀ ਨੂੰ ਦਿਖਾਇਆ ਜਾਵੇ ਅਤੇ ਉਸ ਨਾਲ ਸਲਾਹ ਮਸ਼ਵਰਾ ਕਰਕੇ ਕੌਂਸਲਿੰਗ ਕਰਵਾਈ ਜਾਵੇ ਤੇ ਮਾਨਸਿਕ ਕਸਰਤਾਂ ਕਰਵਾਈਆਂ ਜਾਣ।

# ਬਾਬਾ ਸੋਹਣ ਸਿੰਘ ਭਕਨਾ- ਸਾਦਗੀ ਨਾਲ ਲੜਨ ਵਾਲਾ ਫ਼ਕੀਰ ਯੋਧਾ



ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਕਾਇਮ ਹੋਏ ਪੰਜਾਬੀ ਰਾਜ ਦੀ ਉਮਰ ਜ਼ਿਆਦਾ ਲੰਮੀ ਨਹੀਂ ਸੀ। ਉਹ ਰਾਜ ਰਣਜੀਤ ਸਿੰਘ ਦੀ ਮੌਤ ਦੇ ਇਕ ਦਹਾਕੇ ਦੇ ਅੰਦਰ ਅੰਦਰ ਭਰਾ ਮਾਰੂ ਜੰਗ ਅਤੇ ਵਜ਼ੀਰਾਂ ਅਤੇ ਅਹਿਲਕਾਰਾਂ ਦੀ ਗ਼ੱਦਾਰੀ ਕਾਰਨ ਖ਼ਤਮ ਹੋ ਗਿਆ। ਦੂਸਰੀਆਂ ਸਿੱਖ ਰਿਆਸਤਾਂ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਕਾਲ ਵਿਚ ਹੀ ਬਿਨਾਂ ਯੁੱਧ ਕੀਤਿਆਂ ਅੰਗਰੇਜ਼ਾਂ ਦੀ ਸ਼ਰਨ ਵਿਚ ਜਾ ਚੁੱਕੀਆਂ ਸਨ। ਜਲਦੀ ਹੀ ਲੋਕਾਂ ਵਿਚ ਬਾਗ਼ੀ ਸੁਰ ਪਨਪਣ ਲੱਗੇ ਅਤੇ 1857 ਵਿਚ ਸਾਰੇ ਦੇਸ਼ ਵਿਚ ਵੱਖ ਵੱਖ ਰਾਜਾਂ ਤੇ ਰਜਵਾੜਿਆਂ ਨੇ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜਫ਼ਰ ਨੂੰ ਆਪਣਾ ਆਗੂ ਮੰਨ ਕੇ ਅੰਗਰੇਜ਼ਾਂ ਵਿਰੁੱਧ ਵਿਦਰੋਹ ਕੀਤਾ। ਇਸ ਵਿਦਰੋਹ ਵਿਚ ਵੱਡੇ ਪੱਧਰ 'ਤੇ ਆਮ ਲੋਕ ਸ਼ਾਮਿਲ ਹੋਏ। ਅੰਗਰੇਜ਼ਾਂ ਨੇ ਇਸ ਨੂੰ ਸਿਪਾਹੀਆਂ ਦੀ ਬਗ਼ਾਵਤ (Sepoy Mutiny) ਕਹਿ ਕੇ ਛੁਟਿਆਉਣ ਦਾ ਯਤਨ ਕੀਤਾ। ਇਸ ਵਿਦਰੋਹ ਨੂੰ ਗ਼ਦਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਪੰਜਾਬ ਵਿਚ ਸਭ ਤੋਂ ਵੱਡੀ ਬਗ਼ਾਵਤੀ ਸੁਰ ਨਾਮਧਾਰੀ ਲਹਿਰ ਦੇ ਰੂਪ ਵਿਚ ਉੱਭਰੀ ਜਿਸ ਵਿਚ ਅੰਗਰੇਜ਼ਾਂ ਨਾਲ ਨਾ ਮਿਲਵਰਤਣ ਦਾ ਝੰਡਾ ਬੁਲੰਦ ਕੀਤਾ ਗਿਆ। ਮਾਲੇਰਕੋਟਲਾ ਵਾਲੀ ਘਟਨਾ ਤੋਂ ਬਾਅਦ ਅੰਗਰੇਜ਼ਾਂ ਨੇ ਨਾਮਧਾਰੀਆਂ 'ਤੇ ਵੱਡੇ ਕਹਿਰ ਢਾਹੇ ਅਤੇ ਕੂਕਿਆਂ ਨੂੰ ਤੋਪਾਂ ਦੇ ਮੂੰਹ ਸਾਹਮਣੇ ਬੰਨ੍ਹ ਕੇ ਉਡਾਇਆ। 1907 ਵਿਚ 'ਪੱਗੜੀ ਸੰਭਾਲ ਜੱਟਾ' ਦੀ ਲਹਿਰ ਉੱਭਰੀ। ਪੰਜਾਬ ਵਿਚ ਆਜ਼ਾਦੀ ਦੀ ਸਭ ਤੋਂ ਵੱਡੀ ਲਹਿਰ ਗ਼ਦਰ ਪਾਰਟੀ ਦੇ ਰੂਪ ਵਿਚ ਉੱਭਰੀ ਜਿਸ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਸਨ। ਗ਼ਦਰ ਲਹਿਰ ਦਾ ਮੁੱਖ ਖਾਸਾ ਇਸ ਦਾ ਲੋਕ-ਪੱਖੀ, ਇਨਕਲਾਬੀ, ਧਰਮ-ਨਿਰਪੱਖ ਤੇ ਸਾਮਰਾਜ ਵਿਰੋਧੀ ਕਿਰਦਾਰ ਸੀ। ਗ਼ਦਰ ਪਾਰਟੀ ਤੋਂ ਪਹਿਲਾਂ ਦੇਸ਼ ਵਿਚ ਛੋਟੇ ਛੋਟੇ ਇਨਕਲਾਬੀ ਟੋਲੇ/ ਗਰੁੱਪ ਸਨ ਜਿਹੜੇ ਅੰਗਰੇਜ਼ਾਂ ਨਾਲ ਸਿੱਧੀ ਟੱਕਰ ਲੈਣਾ ਚਾਹੁੰਦੇ ਸਨ ਪਰ ਐਨੀ ਵੱਡੀ ਪੱਧਰ 'ਤੇ ਹੋਂਦ ਵਿਚ ਆਉਣ ਵਾਲੀ ਪਹਿਲੀ ਪਾਰਟੀ ਗ਼ਦਰ ਪਾਰਟੀ ਹੀ ਸੀ।

ਬਾਬਾ ਸੋਹਣ ਸਿੰਘ ਭਕਨਾ ਦਾ ਜਨਮ 4 ਜਨਵਰੀ 1870 ਨੂੰ ਅੰਮ੍ਰਿਤਸਰ ਦੇ ਪਿੰਡ ਖੁਤਰਾ ਖੁਰਦ (ਨਾਨਕੇ ਘਰ) ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਕਰਮ ਸਿੰਘ ਅਤੇ ਮਾਤਾ ਦਾ ਨਾਂ ਰਾਮ ਕੌਰ ਸੀ। ਉਨ੍ਹਾਂ ਦੀ ਉਮਰ ਮਸਾਂ ਵਰ੍ਹੇ ਕੁ ਦੀ ਸੀ, ਜਦੋਂ ਉਨ੍ਹਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੇ ਪਿੰਡ ਦੀ ਧਰਮਸ਼ਾਲਾ ਵਿਚੋਂ ਗੁਰਮੁਖੀ ਤੇ ਮਦਰੱਸੇ 'ਚੋਂ ਉਰਦੂ ਸਿੱਖੀ। ਜਵਾਨੀ ਵੇਲੇ ਉਨ੍ਹਾਂ 'ਤੇ ਨਾਮਧਾਰੀ ਬਾਬਾ ਕੇਸਰ ਦਾ ਵੱਡਾ ਪ੍ਰਭਾਵ ਪਿਆ। ਸੋਹਣ ਸਿੰਘ ਭਕਨਾ ਬਾਬਾ ਕੇਸਰ ਦੇ ਵਚਨਾਂ ਨੂੰ ਇਉਂ ਯਾਦ ਕਰਦੇ ਹਨ: ''ਹੁਣ ਸੰਸਾਰ ਤੋਂ ਰਾਜਾ ਪਰਜਾ ਦੀ ਮਰਯਾਦਾ ਉੱਠ ਜਾਵੇਗੀ। ਸਾਰੇ ਮਨੁੱਖ ਆਜ਼ਾਦ ਤੇ ਬਰਾਬਰ ਹੋਣਗੇ। ਪਹਿਲਾਂ ਹਰ ਇਕ ਦੇਸ਼ ਵਿਚ ਵੱਖੋ ਵੱਖ ਸੁਤੰਤਰ ਰਾਜ (ਸਵਰਾਜ) ਕਾਇਮ ਹੋਵੇਗਾ ਫੇਰ ਸਾਰੀ ਦੁਨੀਆਂ ਦੀ ਇਕ ਕੇਂਦਰੀ ਪੰਚਾਇਤ ਬਣ ਜਾਵੇਗੀ। ਤੇ ਸੰਸਾਰ ਭਰ ਦੇ ਲੋਕ ਇਕ ਦੂਜੇ ਨੂੰ ਭਾਈ ਭਰਾ ਸਮਝਣ ਲੱਗ ਪੈਣਗੇ। ਕੋਈ ਲੜਾਈ ਝਗੜਾ ਨਹੀਂ ਰਹੇਗਾ। ਹੁਣ ਬਹੁਤ ਛੇਤੀ ਪਰਲੋ (ਕਿਆਮਤ) ਆਉਣ ਵਾਲੀ ਹੈ। ਪਰ ਇਹ ਪਰਲੋ (ਇਨਕਲਾਬ) ਖਿਆਲਾਂ (ਸੁਭਾਵਾਂ) ਦੀ ਪਰਲੋ ਹੋਵੇਗੀ।''

ਬਾਬਾ ਜੀ ਨੇ ਆਪਣੀ ਜੀਵਨੀ 'ਮੇਰੀ ਆਪ ਬੀਤੀ' ਵਿਚ ਲਿਖਿਆ ਹੈ ਕਿ ਮਾਲੀ ਮੁਸ਼ਕਿਲਾਂ ਕਰਕੇ ਉਨ੍ਹਾਂ ਨੇ ਅਮਰੀਕਾ ਜਾਣ ਦਾ ਫ਼ੈਸਲਾ ਕੀਤਾ। ਉਸ ਵੇਲੇ ਅਮਰੀਕਾ ਤੇ ਕੈਨੇਡਾ ਵਿਚ ਪਰਵਾਸੀ ਨਾਲ ਵੱਡਾ ਵਿਤਕਰਾ ਕੀਤਾ ਜਾਂਦਾ ਸੀ। ਬ੍ਰਿਟਿਸ਼ ਕੋਲੰਬੀਆ ਵਿਚ 1907 ਵਿਚ ਏਸ਼ੀਅਨ ਲੋਕਾਂ ਖ਼ਿਲਾਫ਼ ਦੰਗੇ ਹੋਏ ਹਨ। ਬੈਲਿੰਗਮ ਤੇ ਵਾਸ਼ਿੰਗਟਨ ਦੇ ਜੰਗਲੀ ਲੱਕੜੀ ਕੱਟਣ ਵਾਲੇ ਕੈਂਪਾਂ ਵਿਚ ਜਿੱਥੇ ਪੰਜਾਬੀ ਵੱਡੀ ਗਿਣਤੀ ਵਿਚ ਸਨ, ਓਥੇ ਹਮਲੇ ਹੁੰਦੇ ਹਨ। ਆਰੇਗੋਨ ਤੇ ਕੈਲਾਫੋਰਨੀਆ ਵਿਚ ਨਸਲੀ ਜ਼ਹਿਰ ਫੈਲਿਆ ਹੈ। ਐਕਸਕਲੂਜ਼ਨ (ਬਾਹਰਲਿਆਂ ਨੂੰ ਬਾਹਰ ਕੱਢਣ ਦੀ) ਮੂਵਮੈਂਟ ਚੱਲੀ। ਇਸ ਸਾਰੇ ਵਰਤਾਰੇ ਨੇ ਪੰਜਾਬੀ ਪਰਵਾਸੀਆਂ ਨੂੰ ਇਹ ਸੋਚਣ ਲਈ ਮਜ਼ਬੂਰ ਕੀਤਾ ਕਿ ਜੇ ਉਹ ਕਿਸੇ ਆਜ਼ਾਦ ਤੇ ਮਜ਼ਬੂਤ ਦੇਸ਼ ਦੇ ਰਹਿਣ ਵਾਲੇ ਹੁੰਦੇ ਤਾਂ ਉਨ੍ਹਾਂ ਨਾਲ ਏਦਾਂ ਦਾ ਵਰਤਾਅ ਨਹੀਂ ਸੀ ਹੋ ਸਕਦਾ। ਬਾਅਦ ਵਿਚ ਇਕ ਗ਼ਦਰੀ ਕਵੀ ਨੇ ਇਸ ਅਨੁਭਵ ਨੂੰ ਇਉਂ ਦਰਜ ਕੀਤਾ: ''ਕਾਲਾ ਡਰਟੀ ਕਹਿਣ ਸਾਨੂੰ, ਗਏ ਹਿੰਦ ਦੇ ਉਹ ਅਦਬੋ ਸ਼ਾਨ ਕਿੱਥੇ''। 1914 ਜੂਨ ਵਿਚ ਵਿਕਟੋਰੀਆ (ਕੈਨੇਡਾ) ਵਿਚ ਰਹਿਣ ਵਾਲੇ ਕਵੀ ਨੇ ਲਿਖਿਆ: "ਏਸ ਸੂਬੇ ਦੇ ਗੋਰਿਆਂ ਅੱਤ ਚੁੱਕੀ, ਹਿੰਦੀ ਤਕ ਕੇ ਜੀਅੜਾ ਸਾੜਦੇ ਨੇ।'' ਪੰਜਾਬੀ ਕਿਸਾਨ ਦਾ ਅਮਰੀਕਾ ਤੇ ਕੈਨੇਡਾ ਵਿਚ ਜਾ ਕੇ ਮਜ਼ਦੂਰ ਬਣਨਾ ਬਿਲਕੁਲ ਵੱਖਰੀ ਤਰ੍ਹਾਂ ਦਾ ਵਰਤਾਰਾ ਸੀ। ਇਹ ਪ੍ਰਕਿਰਿਆ ਉਸ ਵਰਤਾਰੇ ਤੋਂ ਵੱਖਰੀ ਸੀ ਜਿਸ ਤਹਿਤ ਪੰਜਾਬੀ ਕਿਸਾਨ ਤੇ ਦਲਿਤ ਬਸਤੀਵਾਦੀ ਫ਼ੌਜ ਦਾ ਸੈਨਿਕ ਬਣਿਆ। ਉਸ ਰੂਪ ਵਿਚ ਉਹ ਸਰਕਾਰ ਦਾ ਸਿਪਾਹੀ ਸੀ, ਅੰਗਰੇਜ਼ ਹਕੂਮਤ ਜਲੌਅ ਦੀ ਛੋਟੀ ਮੋਟੀ ਕਣੀ ਉਸ ਨੂੰ, ਨਾ ਸਿਰਫ਼ ਵਰਦੀ ਦੇ ਰੂਪ ਵਿਚ ਮਿਲੀ, ਸਗੋਂ ਉਸ ਦੀ ਪਹਿਚਾਣ ਵੀ ਬਣੀ। ਉਹ ਸਿਪਾਹੀ, ਲਾਂਸ-ਨਾਇਕ, ਨਾਇਕ, ਹਵਾਲਦਾਰ, ਜਮਾਂਦਾਰ, ਰਿਸਾਲਦਾਰ ਆਦਿ ਬਣ ਗਿਆ। ਅਮਰੀਕਾ ਤੇ ਕੈਨੇਡਾ ਦੇ ਮਜ਼ਦੂਰ ਨੂੰ ਬਰਤਾਨਵੀ ਸਾਮਰਾਜ ਦੀ ਇਹ 'ਮਿਹਰ' ਹਾਸਿਲ ਨਹੀਂ ਸੀ। ਉਸਨੇ ਰੇਲ ਪਟੜੀਆਂ ਵਿਛਾਈਆਂ, ਆਰਾ ਮਿੱਲਾਂ, ਖੇਤਾਂ ਤੇ ਕਾਰਖਾਨਿਆਂ ਵਿਚ ਕੰਮ ਕੀਤਾ। ਇਸ ਅਨੁਭਵ ਦੀ ਚਿੱਤਰਕਾਰੀ ਇਕ ਗ਼ਦਰੀ ਕਵੀ ਨੇ ਏਦਾਂ ਕੀਤੀ: ''ਗ੍ਰੇਪ ਤੋੜਦਿਆਂ, ਸੇਲਰੀ ਲਾਉਂਦਿਆਂ ਦੇ, ਸੀਡ ਗੱਡਦਿਆਂ ਦੇ ਗੋਡੇ ਲਾਲ ਹੋ ਗਏ। ਨਾਲ ਫੱਟਿਆਂ ਪਾਟ ਗਏ ਹੱਥ ਸਾਡੇ, ਦਿਨ ਕੱਟਣੇ ਬੜੇ ਮੁਹਾਲ ਹੋ ਗਏ।''

ਇਨ੍ਹਾਂ ਅਨੁਭਵਾਂ ਨੇ ਅਮਰੀਕਾ ਤੇ ਕੈਨੇਡਾ ਵਿਚ ਰਹਿ ਰਹੇ ਪੰਜਾਬੀਆਂ ਵਿਚ ਨਵੀਂ ਰਾਜਸੀ ਚੇਤਨਾ ਪੈਦਾ ਕੀਤੀ ਜਿਸ ਸਦਕਾ ਉਨ੍ਹਾਂ ਨੇ ਕਈ ਜਥੇਬੰਦੀਆਂ ਬਣਾਈਆਂ ਤੇ ਬਾਅਦ ਵਿਚ ਹਿੰਦੀ ਐਸੋਸੀਏਸ਼ਨ ਦੀ ਬੁਨਿਆਦ ਰੱਖੀ ਗਈ। ਇਸ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ, ਮੀਤ ਪ੍ਰਧਾਨ ਭਾਈ ਕੇਸਰ ਸਿੰਘ ਠੱਠਗੜ੍ਹ, ਖਜ਼ਾਨਚੀ ਪੰਡਤ ਕਾਂਸ਼ੀ ਰਾਮ, ਨਾਇਬ ਖ਼ਜ਼ਾਨਚੀ ਹਰਨਾਮ ਸਿੰਘ ਟੁੰਡੀਲਾਟ, ਆਰਗੇਨਾਈਜ਼ਰ ਸਕੱਤਰ ਕਰੀਮ ਬਖਸ਼ ਤੇ ਜੁਆਇੰਟ ਸਕੱਤਰ ਮੁਣਸ਼ੀ ਰਾਮ ਸਨ। ਪਾਰਟੀ ਦੇ ਮੁੱਢਲੇ ਮਤੇ ਵਿਚ ਇਹ ਦੱਸਿਆ ਗਿਆ: ''ਇਹਦਾ ਮਕਸਦ ਹਥਿਆਰਬੰਦ ਇਕਨਲਾਬ ਰਾਹੀਂ ਬ੍ਰਿਟਿਸ਼ ਗੌਰਮਿੰਟ ਦੀ ਗੁਲਾਮੀ ਤੋਂ ਹਿੰਦੋਸਤਾਨ ਨੂੰ ਆਜ਼ਾਦ ਕਰਾਉਣਾ ਅਤੇ ਆਜ਼ਾਦੀ ਤੇ ਬਰਾਬਰੀ ਦੀਆਂ ਨੀਹਾਂ 'ਤੇ ਕੌਮੀ ਜਮਹੂਰੀਅਤ ਕਾਇਮ ਕਰਨਾ ਹੋਵੇਗਾ।'' ਇਕ ਹੋਰ ਮਤੇ ਵਿਚ ਕਿਹਾ ਗਿਆ, ''ਪਾਰਟੀ ਵਿਚ ਮਜ਼ਹਬੀ ਬਹਿਸ-ਮੁਬਾਹਸੇ ਦਾ ਕੋਈ ਦਖ਼ਲ ਨਹੀਂ ਹੋਵੇਗਾ। ਮਜ਼ਹਬ ਦੀ ਹੈਸੀਅਤ ਨਿੱਜੀ ਹੋਵੇਗੀ।'' ਇਸ ਤਰ੍ਹਾਂ ਬਾਬਾ ਭਕਨਾ ਉਸ ਸਿਆਸੀ ਪਾਰਟੀ ਦੇ ਪਹਿਲੇ ਪ੍ਰਧਾਨ ਸਨ ਜਿਸ ਨੂੰ ਬਣਾਉਣ ਵਾਲੇ ਕੁਲੀਨ ਵਰਗਾਂ ਨਾਲ ਸਬੰਧ ਰੱਖਣ ਵਾਲੇ ਪੜ੍ਹੇ ਲਿਖੇ ਇਲੀਟ ਨਹੀਂ ਸਗੋਂ ਪੰਜਾਬ ਦੇ ਕਿਸਾਨ ਸਨ ਜਿਹੜੇ ਪਰਦੇਸਾਂ ਵਿਚ ਜਾ ਕੇ ਮਜ਼ਦੂਰ ਬਣੇ। ਇਸ ਤਰ੍ਹਾਂ ਇਹ ਪਾਰਟੀ ਹਿੰਦੋਸਤਾਨ ਦੇ ਮਜ਼ਦੂਰਾਂ ਤੇ ਕਿਸਾਨਾਂ ਦੀ ਹਥਿਆਰਬੰਦ ਇਨਕਲਾਬ ਲਈ ਪ੍ਰਤੀਬੱਧ ਪਹਿਲੀ ਪਾਰਟੀ ਸੀ। ਇਸ ਨੂੰ ਬਣਾਉਣ ਵਾਲੇ ਲੋਕ ਨਸਲੀ ਵਿਤਕਰੇ, ਸਰਮਾਏਦਾਰੀ ਸ਼ੋਸ਼ਣ, ਗੁਲਾਮੀ ਅਤੇ ਬਸਤੀਵਾਦੀ ਜ਼ੁਲਮ ਦੇ ਸਤਾਏ ਹੋਏ ਲੋਕ ਸਨ।

1857 ਦੇ ਗ਼ਦਰ ਨੂੰ ਯਾਦ ਕਰਦਿਆਂ ਇਸ ਪਾਰਟੀ ਨੇ ਗ਼ਦਰ ਨਾਂ ਦਾ ਅਖ਼ਬਾਰ ਚਲਾਇਆ ਜੋ ਬਾਅਦ ਵਿਚ ਪਾਰਟੀ ਦਾ ਨਾਂ ਬਣ ਗਿਆ ਤੇ ਪਾਰਟੀ ਦੇ ਮੈਂਬਰ ਗ਼ਦਰੀ ਕਹਿ ਕੇ ਬੁਲਾਏ ਜਾਣ ਲੱਗੇ। 1914 ਵਿਚ ਇਨ੍ਹਾਂ ਗ਼ਦਰੀਆਂ ਨੇ ਹਿੰਦੋਸਤਾਨ ਵੱਲ ਚਾਲੇ ਪਾ ਦਿੱਤੇ ਅਤੇ ਵੱਖ ਵੱਖ ਫ਼ੌਜੀ ਰਸਾਲਿਆਂ ਦੀ ਮਦਦ ਨਾਲ ਬਗ਼ਾਵਤ ਕਰਾਉਣ ਦੀ ਕੋਸ਼ਿਸ਼ ਕੀਤੀ ਜਿਹੜੀ ਸਫ਼ਲ ਨਾ ਹੋ ਸਕੀ। ਸੈਂਕੜੇ ਗ਼ਦਰੀ ਗ੍ਰਿਫ਼ਤਾਰ ਕਰ ਲਏ ਗਏ ਅਤੇ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ ਸਮੇਤ ਸੱਤ ਗ਼ਦਰੀਆਂ ਨੂੰ ਫਾਂਸੀ ਹੋਈ। 17 ਹੋਰ ਗ਼ਦਰੀ ਜਿਨ੍ਹਾਂ ਵਿਚ ਬਾਬਾ ਸੋਹਣ ਸਿੰਘ ਭਕਨਾ ਵੀ ਸ਼ਾਮਿਲ ਸਨ, ਨੂੰ ਫਾਂਸੀ ਦੀ ਸਜ਼ਾ ਹੋਈ ਜੋ ਬਦਲ ਕੇ ਕਾਲੇ ਪਾਣੀ ਦੀ ਉਮਰ ਕੈਦ ਵਿਚ ਬਦਲ ਦਿੱਤੀ ਗਈ। ਭਾਈ ਜਵਾਲਾ ਸਿੰਘ, ਭਾਈ ਵਿਸਾਖਾ ਸਿੰਘ ਤੇ 24 ਹੋਰ ਗ਼ਦਰੀਆਂ ਨੂੰ ਉਮਰ ਕੈਦ ਤੇ ਜਾਇਦਾਦ ਜ਼ਬਤੀ ਦੀਆਂ ਸਜ਼ਾਵਾਂ ਹੋਈਆਂ। ਹੋਰ ਗ਼ਦਰੀਆਂ ਨੂੰ ਵੀ ਵੱਖ ਵੱਖ ਵਰ੍ਹਿਆਂ ਲਈ ਕੈਦ ਦੀ ਸਜ਼ਾ ਦਿੱਤੀ ਗਈ। ਬਾਬਾ ਸੋਹਣ ਸਿੰਘ ਭਕਨਾ ਨੇ 1915 ਤੋਂ 1921 ਅੰਡੇਮਾਨ ਕਾਲੇਪਾਣੀ ਵਿਚ ਅਤੇ 1921 ਤੋਂ 1930 ਤਕ ਭਾਰਤ ਦੀਆਂ ਵੱਖ ਵੱਖ ਜੇਲ੍ਹਾਂ ਵਿਚ ਕੈਦ ਕੱਟੀ। ਉਹ ਸਰਬਹਿੰਦ ਕਿਸਾਨ ਸਭਾ ਦੇ ਪ੍ਰਧਾਨ ਬਣੇ ਅਤੇ ਕਿਸਾਨ ਮੋਰਚਿਆਂ ਵਿਚ ਵੀ ਕੈਦ ਕੱਟੀ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਉਨ੍ਹਾਂ ਨੂੰ 1948 ਵਿਚ ਫਿਰ ਕੈਦ ਕਰ ਲਿਆ ਗਿਆ ਅਤੇ ਯੋਲ ਕੈਂਪ (ਕਾਂਗੜੇ ਦੇ ਨਜ਼ਦੀਕ) ਵਿਚ ਰੱਖਿਆ ਗਿਆ। ਉਹ ਕਮਿਊਨਿਸਟ ਪਾਰਟੀ ਵਿਚ ਸ਼ਾਮਿਲ ਹੋ ਗਏ ਅਤੇ ਸਾਰੀ ਉਮਰ ਲੋਕਾਂ ਦੇ ਹੱਕਾਂ ਲਈ ਲੜਦੇ ਰਹੇ।

ਬਾਬਾ ਜੀ ਨੇ ਆਪਣੇ ਜੀਵਨ ਦੀ ਕਹਾਣੀ 'ਜੀਵਨ ਸੰਗਰਾਮ', 'ਮੇਰੀ ਰਾਮ ਕਹਾਣੀ' ਅਤੇ 'ਮੇਰੀ ਆਪ ਬੀਤੀ' ਵਿਚ ਦਰਜ ਕੀਤੀ ਹੈ। ਇਨ੍ਹਾਂ ਆਤਮ ਕਥਾਵਾਂ ਨੂੰ ਪੜ੍ਹ ਕੇ ਬਾਬਾ ਜੀ ਦੀ ਨਿਰਮਾਣਤਾ ਤੇ ਮਹਾਨਤਾ ਦਾ ਪਤਾ ਲੱਗਦਾ ਹੈ। ਇਨ੍ਹਾਂ ਆਤਮ ਕਥਾਵਾਂ ਵਿਚ ਉਨ੍ਹਾਂ ਨੇ ਆਪਣੇ ਜਵਾਨੀ ਵੇਲੇ ਦੀਆਂ ਭੁੱਲਾਂ-ਚੁੱਕਾਂ ਬਾਰੇ ਤਾਂ ਖੁੱਲ੍ਹ ਕੇ ਲਿਖਿਆ ਹੈ, ਪਰ ਆਪਣੀ ਕੁਰਬਾਨੀ ਅਤੇ ਝੱਲੀਆਂ ਦੁਸ਼ਵਾਰੀਆਂ ਬਾਰੇ ਕੋਈ ਜ਼ਿਕਰ ਨਹੀਂ ਕੀਤਾ। 26 ਸਾਲਾਂ ਦੀ ਜੇਲ੍ਹ ਯਾਤਰਾ ਵਿਚ ਉਨ੍ਹਾਂ ਨੇ 9 ਵਾਰ ਭੁੱਖ ਹੜਤਾਲ ਕੀਤੀ। ਅੰਡੇਮਾਨ ਵਿਚ ਅਸਹਿ ਕਸ਼ਟ ਝੱਲੇ ਅਤੇ 2 ਵਾਰ ਭੁੱਖ ਹੜਤਾਲ ਕੀਤੀ। ਯਰਵਦਾ ਜੇਲ੍ਹ ਵਿਚ ਦਸਤਾਰਾਂ ਤੇ ਕਛਹਿਰਿਆਂ ਲਈ, ਲਾਹੌਰ ਜੇਲ੍ਹ ਵਿਚ ਦਲਿਤਾਂ ਦੀ ਬਰਾਬਰੀ ਲਈ ਅਤੇ ਭਗਤ ਸਿੰਘ ਦੀ ਹਮਾਇਤ ਵਿਚ ਭੁੱਖ ਹੜਤਾਲ ਕੀਤੀ। ਯੋਲ ਕੈਂਪ ਵਿਚ ਕੀਤੀ 9ਵੀਂ ਭੁੱਖ ਹੜਤਾਲ ਨੇ ਉਨ੍ਹਾਂ ਦਾ ਸਰੀਰ ਕੁੱਬਾ ਕਰ ਦਿੱਤਾ। 1931 ਵਿਚ ਉਨ੍ਹਾਂ ਨੇ ਕਰਾਚੀ ਵਿਚ ਹੋਈ ਆਲ ਇੰਡੀਆ ਵਰਕਰ ਐਂਡ ਪੀਜ਼ੈਂਟਸ ਤੇ ਤੀਸਰੀ ਕਾਨਫਰੰਸ ਦੀ ਪ੍ਰਧਾਨਗੀ ਕੀਤੀ। 1939 ਵਿਚ ਉਹ ਕੁਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਦੀ ਹੈਸੀਅਤ ਵਿਚ ਗਯਾ, ਬਿਹਾਰ ਵਿਚ ਗ੍ਰਿਫ਼ਤਾਰ ਹੋਏ ਤੇ ਉਨ੍ਹਾਂ ਨੂੰ ਦਿਓਲੀ ਕੈਂਪ ਵਿਚ ਨਜ਼ਰਬੰਦ ਕੀਤਾ ਗਿਆ। ਇਕ ਅਪਰੈਲ 1943 ਨੂੰ ਰਿਹਾਅ ਹੋ ਕੇ ਉਹ ਆਪਣੇ ਪਿੰਡ ਭਕਨੇ ਕੁਲ ਹਿੰਦ ਕਾਨਫਰੰਸ ਦੇ ਇਜਲਾਸ ਦੀ ਪ੍ਰਧਾਨਗੀ ਕਰਨ ਪਹੁੰਚੇ। ਆਪਣੀਆਂ ਆਤਮ ਜੀਵਨੀਆਂ ਵਿਚ ਬਾਬਾ ਜੀ ਇਨ੍ਹਾਂ ਘਟਨਾਵਾਂ ਦਾ ਜ਼ਿਕਰ ਇਉਂ ਕਰਦੇ ਹਨ ਜਿਵੇਂ ਸਭ ਕੁਝ ਬੜੇ ਸਹਿਜ ਸੁਭਾਅ ਨਾਲ ਹੋ ਰਿਹਾ ਹੋਵੇ। ਉਹ ਦੂਸਰੇ ਗ਼ਦਰੀ ਭਾਈਆਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਬਹੁਤ ਸ਼ਰਧਾ ਨਾਲ ਕਰਦੇ ਹਨ। ਉਦਾਹਰਣ ਦੇ ਤੌਰ 'ਤੇ ਬਾਬਾ ਜਵਾਲਾ ਸਿੰਘ ਬਾਰੇ ਲਿਖਦੇ ਹਨ: ''ਭਾਈ ਜਵਾਲਾ ਸਿੰਘ ਜੀ ਦੀ ਇਹ ਉੱਚੀ ਕੌਮੀ ਸੇਵਾ ਅੱਜ ਤਕ ਕਿਸੇ ਰਾਜੇ ਮਹਾਰਾਜੇ ਤੇ ਸੇਠ ਸ਼ਾਹੂਕਾਰ ਨੂੰ ਵੀ ਨਸੀਬ ਨਹੀਂ ਹੋਈ।'' ਇਸੇ ਤਰ੍ਹਾਂ ਕਰਤਾਰ ਸਿੰਘ ਸਰਾਭਾ, ਕੇਸਰ ਸਿੰਘ, ਲਾਲਾ ਹਰਦਿਆਲ, ਭਾਈ ਬੰਤਾ ਸਿੰਘ ਅਤੇ ਹੋਰਨਾਂ ਗ਼ਦਰੀ ਆਗੂਆਂ ਦੀ ਦੇਣ ਦਾ ਜ਼ਿਕਰ ਕਰਦੇ ਤੁਰੇ ਜਾਂਦੇ ਹਨ। ਇਨ੍ਹਾਂ ਆਤਮ ਜੀਵਨੀਆਂ ਵਿਚੋਂ ਲੋਕਾਂ ਲਈ ਸਭ ਕੁਝ ਕੁਰਬਾਨ ਕਰ ਦੇਣ ਵਾਲੀ ਤਿਆਗੀ ਆਤਮਾ ਦੇ ਦੀਦਾਰ ਹੁੰਦੇ ਹਨ। ਕੇਸਰ ਸਿੰਘ ਕੇਸਰ ਨੇ ਬਾਬਾ ਜੀ ਅਤੇ ਹੋਰਨਾਂ ਗ਼ਦਰੀਆਂ ਨੂੰ 'ਦਾਰਸ਼ਨਿਕ ਸੋਚ, ਦੀਦਾ-ਦਲੇਰੀ, ਪਰ ਸੁਆਰਥ, ਭਾਈਚਾਰਕ ਸਾਂਝ, ਤਿਆਗ, ਸੱਚੇ-ਸੁੱਚੇ ਚਰਿੱਤਰ ਤੇ ਕੁਰਬਾਨੀ ਦੇ ਪੁਤਲੇ' ਕਿਹਾ ਹੈ।

ਹਰੀਸ਼ ਪੁਰੀ ਨੇ ਲਿਖਿਆ ਹੈ: ''ਗ਼ਦਰ ਲਹਿਰ ਵਿਚ ਉਨ੍ਹਾਂ ਨਾਲ ਮੁੱਢ ਤੋਂ ਨਾਲ ਰਹੇ ਪ੍ਰਿਥਵੀ ਸਿੰਘ ਆਜ਼ਾਦ ਨੇ ਮੇਰੇ ਕੋਲ ਦਰਜ ਕਰਵਾਏ ਇੰਟਰਵਿਊ ਵਿਚ ਬਾਬਾ ਜੀ ਬਾਰੇ ਤੇ ਭਾਈ ਵਸਾਖਾ ਸਿੰਘ, ਭਾਈ ਜਵਾਲਾ ਸਿੰਘ ਤੇ ਭਾਈ ਸੰਤੋਖ ਸਿੰਘ ਹੁਰਾਂ ਦੀ ਗੱਲ ਕਰਦਿਆਂ ਸਿਰ ਨਿਵਾਂ ਕੇ ਹੌਲੀ ਜਿਹੀ ਆਖਿਆ ਸੀ: 'ਉਹ ਤਪੀਸ਼ਰ ਸਨ। ਇਨਸਾਨੀਅਤ ਦੇ ਲੇਖੇ ਲੱਗੀਆਂ ਨੇਕ ਰੂਹਾਂ'।'' ਸੋਹਨ ਸਿੰਘ ਭਕਨਾ ਅਤੇ ਹੋਰ ਗ਼ਦਰੀ ਸੱਚਮੁੱਚ ਤਪੀਸ਼ਰ ਸਨ, ਫ਼ਕੀਰ ਆਦਮੀ। ਭਾਈ ਨਿਧਾਨ ਸਿੰਘ ਨੇ ਆਪਣੀ ਕਵਿਤਾ ਵਿਚ ਉਨ੍ਹਾਂ ਨੂੰ 'ਜ਼ਿੰਦਾ ਸ਼ਹੀਦ' ਕਹਿੰਦਿਆਂ ਬਿਲਕੁਲ ਠੀਕ ਕਿਹਾ ਸੀ, ''ਵੈਰੀ ਕੰਬਦੇ ਗ਼ਦਰ ਦਾ ਨਾਮ ਸੁਣ ਕੇ, ਸੇਵਾ ਤੁਧ ਦੀ ਬੇਨਜੀਰ ਬਾਬਾK ਵਧਣ ਹੌਸਲੇ ਦੇਖ ਕੇ ਗ਼ਦਰੀਆਂ ਦੇ ਪ੍ਰੇਮ ਏਕਤਾ ਦੀ ਤਸਵੀਰ ਬਾਬਾ/ਆਓ, ਆਓ, ਗ਼ਰੀਬਾਂ ਦੇ ਬਾਦਸ਼ਾਹ ਜੀ, ਕਰੀਏ ਬਿਸਤਰਾ ਗੋਲ ਬਰਤਾਨੀਆਂ ਦਾ/ ਪਹਿਲਾਂ ਵਾਂਗ ਮਨਸੂਰ ਕੁਰਬਾਨ ਹੋਵੇ, ਫੇਰ ਮੁੱਲ ਪੈਂਦਾ ਕੁਰਬਾਨੀਆਂ ਦਾ।'' ਹਾਂ, ਉਹ ਗ਼ਰੀਬਾਂ ਦੇ ਬਾਦਸ਼ਾਹ ਸਨ, ਉਨ੍ਹਾਂ ਦੀ ਕੀਤੀ ਸੇਵਾ ਬੇਨਜ਼ੀਰ ਹੈ। ਹਜਾਰਾ ਸਿੰਘ 'ਹਮਦਮ' ਨੇ ਬਾਬਾ ਜੀ ਦੀ ਤੁਲਨਾ ਭਗਤ ਪ੍ਰਲਾਹਦ ਨਾਲ ਕਰਦਿਆਂ ਕਿਹਾ, ''ਅਰਸ਼ ਫਰਸ਼ ਕੰਬੇ ਤੇਰੇ ਦੁੱਖ ਸੁਣਕੇ/ ਯਾਦ ਆਵੰਦਾ ਭਗਤ ਪ੍ਰਲਾਦ ਬਾਬਾ/ਹਮਦਮ ਤੇਰੀਆਂ ਉੱਚ ਕੁਰਬਾਨੀਆਂ ਨੇ, ਕਰਨਾ ਦੇਸ਼ ਨੂੰ ਝੱਟ ਆਜ਼ਾਦ ਬਾਬਾ।'' ਮਸ਼ਹੂਰ ਕਵੀ ਰਿਲਕੇ ਨੇ ਆਪਣੀ ਇਕ ਕਵਿਤਾ ਵਿਚ ਆਪਣੇ ਮੋਏ ਮਿੱਤਰ ਨੂੰ ਏਦਾਂ ਯਾਦ ਕੀਤਾ ਹੈ:

ਮੇਰੇ ਆਪਣੇ ਜਿਹੜੇ ਮਰ ਚੁੱਕੇ ਨੇ, ਮੇਰੇ ਕੋਲ ਹਨ
ਮੈਂ ਉਨ੍ਹਾਂ ਨੂੰ ਜਾਣ ਦਿੱਤਾ
ਤੇ ਹੈਰਾਨ ਰਹਿ ਗਿਆ
ਉਹ ਮਰ ਕੇ ਕਿੰਨੇ ਸ਼ਾਂਤ ਹੋ ਗਏ
ਕਿੰਨੇ ਖੁਸ਼।
ਉਨ੍ਹਾਂ ਦੀ ਫਿਤਰਤ ਏਦਾਂ ਦੀ ਤੇ ਨਹੀਂ ਸੀ।
ਸਿਰਫ਼ ਤੂੰ,
ਤੂੰ ਵਾਪਸ ਆਉਂਦਾ ਏਂ
ਮੈਨੂੰ ਛੂਹ ਕੇ ਲੰਘਦਾ ਏਂ
ਏਧਰ ਉਧਰ ਘੁੰਮਦਾ
ਚੀਜ਼ਾਂ ਤੇ ਦਸਤਕ ਦਿੰਦਾ
ਆਵਾਜ਼ ਨਾਲ ਤੇਰੇ ਹੋਣ ਦਾ ਪਤਾ ਲੱਗਦਾ ਏ।

# ਇਜ਼ਰਾਈਲ ਤੇ ਹਮਾਸ ਵਿਚਕਾਰ 15 ਮਹੀਨਿਆਂ ਤੋਂ ਚੱਲੀ ਰਹੀ ਜੰਗ ਦਾ ਅੰਤ

ਇਜ਼ਰਾਈਲ ਅਤੇ ਹਮਾਸ ਵਿਚਕਾਰ ਜੰਗਬੰਦੀ 'ਤੇ ਸਮਝੌਤਾ ਹੋ ਗਿਆ ਹੈ। ਇਸ ਦੇ ਨਾਲ ਗਾਜ਼ਾ ਵਿੱਚ 15 ਮਹੀਨਿਆਂ ਤੋਂ ਚੱਲ ਰਹੇ ਯੁੱਧ ਦਾ ਅੰਤ ਵੀ ਹੋ ਗਿਆ ਹੈ। ਨਿਊਜ਼ ਏਜੰਸੀ ਰਾਇਟਰਜ਼ ਨੇ ਇੱਕ ਅਧਿਕਾਰੀ ਦੇ ਹਵਾਲੇ ਨਾਲ ਰਿਪੋਰਟ ਦਿੱਤੀ ਹੈ ਕਿ ਇਜ਼ਰਾਈਲ ਅਤੇ ਹਮਾਸ ਵਿਚਕਾਰ ਇੱਕ ਜੰਗਬੰਦੀ ਸਮਝੌਤਾ ਹੋ ਗਿਆ ਹੈ, ਜੋ ਗਾਜ਼ਾ ਵਿੱਚ 15 ਮਹੀ-ਨਿਆਂ ਤੋਂ ਚੱਲ ਰਹੇ ਯੁੱਧ ਵਿੱਚ ਉਲਝੇ ਹੋਏ ਹਨ। ਮੁੱਖ ਵਿਚੋਲੇ ਕਤਰ ਨੇ ਬੁੱਧਵਾਰ ਨੂੰ ਕਿਹਾ ਕਿ ਗਾਜ਼ਾ ਵਿੱਚ ਹਮਾਸ ਦੁਆਰਾ ਬੰਧਕ ਬਣਾਏ ਗਏ 33 ਬੰਧਕਾਂ ਨੂੰ ਫਲਸਤੀਨੀ ਖੇਤਰ ਵਿੱਚ ਯੁੱਧ ਖ਼ਤਮ ਕਰਨ ਦੇ ਉਦੇਸ਼ ਨਾਲ ਇੱਕ ਜੰਗਬੰਦੀ ਸਮਝੌਤੇ ਦੇ ਪਹਿਲੇ ਪੜਾਅ ਵਿੱਚ ਰਿਹਾਅ ਕੀਤਾ ਜਾਵੇਗਾ। ਹਮਾਸ ਦੇ ਕਰੀਬੀ ਦੋ ਸੂਤਰਾਂ ਨੇ ਪਹਿਲਾਂ ਏਐਫਪੀ ਨੂੰ ਦੱਸਿਆ ਸੀ ਕਿ ਇਜ਼ਰਾਈਲ ਲਗਪਗ 1,000 ਫਲਸਤੀਨੀ ਕੈਦੀਆਂ ਨੂੰ ਰਿਹਾਅ ਕਰੇਗਾ, ਜਦੋਂ ਕਿ ਇਜ਼ਰ-ਾਈਲੀ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਸੈਂਕੜੇ ਲੋਕਾਂ ਨੂੰ ਰਿਹਾਅ ਕੀਤਾ ਜਾਵੇਗਾ। ਕਤਰ, ਅਮਰੀਕਾ, ਇਜ਼ਰਾਈਲੀ ਅਤੇ ਫਲਸਤੀਨੀ ਅਧਿਕਾਰੀਆਂ ਅਤੇ ਮੀਡੀਆ ਰਿਪੋਰਟਾਂ ਦੇ ਅਨੁਸਾਰ, ਸਮਝੌਤੇ ਦੇ ਸੰਭਾਵਿਤ ਸ਼ੁਰੂਆਤੀ ਪੜਾਅ ਦੇ ਮੁੱਖ ਵੇਰਵੇ ਹੇਠਾਂ ਦਿੱਤੇ ਗਏ ਹਨ।

### ਕੈਦੀ-ਬੰਦੀਆਂ ਦੀ ਅਦਲਾ-ਬਦਲੀ

ਕਤਰ ਨੇ ਬੁੱਧਵਾਰ ਨੂੰ ਕਿਹਾ ਕਿ ਇਜ਼ਰਾਈਲ ਅਤੇ ਹਮਾਸ 15 ਮਹੀਨਿਆਂ ਦੀ ਜੰਗ ਤੋਂ ਬਾਅਦ ਐਤਵਾਰ ਤੋਂ ਗਾਜ਼ਾ ਵਿੱਚ ਜੰਗਬੰਦੀ ਅਤੇ ਬੰਧਕਾਂ ਅਤੇ ਕੈਦੀਆਂ ਦੇ ਆਦਾਨ-ਪ੍ਰਦਾਨ ਲਈ ਸਹਿਮਤ ਹੋ ਗਏ ਹਨ। ਕਤਰ ਦੇ ਪ੍ਰਧਾਨ ਮੰਤਰੀ ਸ਼ੇਖ ਮੁਹੰਮਦ ਬਿਨ ਅਬਦੁਲਰਹਿਮਾਨ ਬਿਨ ਜਾਸਿਮ ਅਲ-ਥਾਨੀ ਨੇ ਕਿਹਾ ਕਿ ਸੌਦੇ ਦੇ ਪਹਿਲੇ, 42 ਦਿਨਾਂ ਦੇ ਪੜਾਅ ਵਿੱਚ 33 ਇਜ਼ਰਾਈਲੀ ਬੰਧਕਾਂ ਨੂੰ ਰਿਹਾਅ ਕੀਤਾ ਜਾਵੇਗਾ, ਜਿਸ ਨਾਲ "ਸਥਾਈ ਜੰਗਬੰਦੀ" ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾਂ ਰਿਹਾਅ ਕੀਤੇ ਜਾਣ ਵਾ-ਲਿਆਂ ਵਿੱਚ "ਨਾਗਰਿਕ ਔਰਤਾਂ ਅਤੇ ਮਹਿਲਾ ਰੰਗਰੂਟ, ਨਾਲ ਹੀ ਬੱਚੇ, ਬਜ਼ੁਰਗ ਲੋਕ ।।। ਬਿਮਾਰ ਨਾਗਰਿਕ ਅਤੇ ਜ਼ਖਮੀ ਲੋਕ ਸ਼ਾਮਲ ਹੋਣਗੇ।" ਇੱਕ ਅਣਜਾਣ ਇਜ਼ਰਾਈਲੀ ਅਧਿਕਾਰੀ ਨੇ ਕਿਹਾ ਕਿ ਬੰਧਕਾਂ ਦੇ ਬਦਲੇ "ਕਈ ਸੌ ਅੱਤਵਾਦੀਆਂ" ਨੂੰ ਰਿਹਾਅ ਕੀਤਾ ਜਾਵੇਗਾ, ਜਿਸਦੀ ਅੰਤਿਮ ਗਿਣਤੀ ਇਸ ਗੱਲ 'ਤੇ ਨਿਰਭਰ ਕਰੇਗੀ ਕਿ 33 ਬੰਧਕਾਂ ਵਿੱਚੋਂ ਕਿੰਨੇ ਜ਼ਿੰਦਾ ਬਚੇ ਹਨ। ਹਮਾਸ ਦੇ ਕਰੀਬੀ ਦੋ ਸੂਤਰਾਂ ਨੇ ਏਐਫਪੀ ਨੂੰ ਦੱਸਿਆ ਕਿ ਇਜ਼ਰਾਈਲ ਲਗਪਗ 1,000 ਫਲਸਤੀਨੀ ਕੈਦੀਆਂ ਨੂੰ ਰਿਹਾਅ ਕਰੇਗਾ, ਜਿਨ੍ਹਾਂ ਵਿੱਚ "ਲੰ-ਬੀਆਂ ਸਜ਼ਾਵਾਂ" ਵਾਲੇ ਕੈਦੀ ਵੀ ਸ਼ਾਮਲ ਹਨ।

ਸ਼ੇਖ ਮੁਹੰਮਦ ਨੇ ਕਿਹਾ ਕਿ ਦੂਜੇ ਅਤੇ ਤੀਜੇ ਪੜਾਅ ਵਿੱਚ ਇਜ਼ਰਾਈਲੀ ਬੰਧਕਾਂ ਦੇ ਬਦਲੇ ਰਿਹਾਅ ਕੀਤੇ ਜਾਣ ਵਾਲੇ ਫਲਸਤੀਨੀ ਕੈਦੀਆਂ ਦੀ ਗਿਣਤੀ ਨੂੰ ਸ਼ੁਰੂਆਤੀ 42 ਦਿਨਾਂ ਦੌਰਾਨ "ਅੰਤਮ ਰੂਪ" ਦਿੱਤਾ ਜਾਵੇਗਾ। ਇਹ 33 ਲੋਕ ਉਨ੍ਹਾਂ 94 ਬੰਧਕਾਂ ਵਿੱਚੋਂ ਹਨ ਜਿਨ੍ਹਾਂ ਨੂੰ ਹਮਾਸ ਨੇ 7 ਅਕਤੂਬਰ, 2023 ਨੂੰ ਇਜ਼ਰਾਈਲ 'ਤੇ ਹਮਲਾ ਕਰਨ ਤੋਂ ਬਾਅਦ ਗਾਜ਼ਾ ਵਿੱਚ ਰੱਖਿਆ ਹੋਇਆ ਹੈ, ਜਿਸ ਨਾਲ ਯੁੱਧ ਸ਼ੁਰੂ ਹੋਇਆ ਸੀ। ਬੰਧਕਾਂ ਦੀ ਕੁੱਲ ਗਿਣਤੀ ਵਿੱਚ 34 ਲੋਕ ਸ਼ਾਮਲ ਹਨ ਜਿਨ੍ਹਾਂ ਨੂੰ ਇਜ਼ਰਾਈਲੀ ਫੌਜ ਨੇ ਮ੍ਰਿਤਕ ਐਲਾਨ ਦਿੱਤਾ ਹੈ। ਟਾਈਮਜ਼ ਆਫ਼ ਇਜ਼ਰਾਈਲ ਦੇ ਅਨੁਸਾਰ, ਇਜ਼ਰਾਈਲੀ ਅਧਿਕਾਰੀਆਂ ਦਾ ਮੰਨਣਾ ਹੈ ਕਿ 33 ਬੰਧਕ ਜ਼ਿੰਦਾ ਹਨ, ਹਾਲਾਂਕਿ ਹਮਾਸ ਦੁਆਰਾ ਇਸਦੀ ਪੁਸ਼ਟੀ ਅਜੇ ਤੱਕ ਨਹੀਂ ਕੀਤੀ ਗਈ ਹੈ।

### ਗਾਜ਼ਾ ਵਿੱਚ ਇਜ਼ਰਾਈਲੀ ਸਥਿਤੀ

ਕਤਰ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਜ਼ਰਾਈਲੀ ਫੌਜਾਂ 42 ਦਿਨਾਂ ਦੀ ਸ਼ੁਰੂਆਤੀ ਜੰਗਬੰਦੀ ਦੌਰਾਨ ਗਾਜ਼ਾ ਦੇ ਸੰਘਣੀ ਆਬਾਦੀ ਵਾਲੇ ਇਲਾਕਿਆਂ ਤੋਂ ਪਿੱਛੇ ਹਟ ਜਾਣਗੀਆਂ "ਤਾਂ ਜੋ ਕੈਦੀਆਂ ਦੇ ਆਦਾਨ-ਪ੍ਰਦਾਨ ਦੇ ਨਾਲ-ਨਾਲ ਅਵਸ਼ੇਸ਼ਾਂ ਦੇ ਆਦਾਨ-ਪ੍ਰਦਾਨ ਅਤੇ ਵਿਸਥਾਪਿਤ ਲੋਕਾਂ ਦੀ ਵਾਪਸੀ ਹੋ ਸਕੇ।" ਇੱਕ ਇਜ਼ਰਾਈਲੀ ਅਧਿਕਾਰੀ ਨੇ ਕਿਹਾ ਕਿ ਦੂਜੇ ਪੜਾਅ ਲਈ ਗੱਲਬਾਤ ਪਹਿਲੇ ਪੜਾਅ ਦੇ ਲਾਗੂ ਹੋਣ ਦੇ "16ਵੇਂ ਦਿਨ" ਸ਼ੁਰੂ ਹੋਵੇਗੀ। ਟਾਈਮਜ਼ ਆਫ਼ ਇਜ਼ਰਾਈਲ ਦੀ ਰਿਪੋਰਟ ਦੇ ਅਨੁਸਾਰ, ਇਸ ਪੜਾਅ ਵਿੱਚ ਬਾਕੀ ਬਚੇ ਨਜ਼ਰਬੰਦਾਂ ਦੀ ਰਿਹਾਈ ਸ਼ਾਮਲ ਹੋਵੇਗੀ, ਜਿਸ ਵਿੱਚ "ਪੁਰਸ਼ ਸਿਪਾਹੀ, ਫੌਜੀ ਉਮਰ ਦੇ ਆਦਮੀ ਅਤੇ ਮਾਰੇ ਗਏ ਬੰਧਕਾਂ ਦੀਆਂ ਲਾਸ਼ਾਂ" ਸ਼ਾਮਲ ਹਨ। ਇਜ਼ਰਾਈਲੀ ਮੀਡੀਆ ਨੇ ਰਿਪੋਰਟ ਦਿੱਤੀ ਕਿ ਪ੍ਰਸਤਾਵਿਤ ਸਮਝੌਤੇ ਦੇ ਤਹਿਤ, ਇਜ਼ਰਾਈਲ ਪਹਿਲੇ ਪੜਾਅ ਦੌਰਾਨ ਗਾਜ਼ਾ ਦੇ ਅੰਦਰ ਇੱਕ ਬਫਰ ਜ਼ੋਨ ਬਣਾਈ ਰੱਖੇਗਾ। ਹਮਾਸ ਦੇ ਨਜ਼ਦੀਕੀ ਸੂਤਰ ਦੇ ਅਨੁਸਾਰ, ਇਜ਼ਰਾਈਲੀ ਫੌਜਾਂ ਦੇ "ਦੱਖਣ ਵਿੱਚ ਰਫਾਹ ਤੋਂ ਉੱਤਰ ਵਿੱਚ ਬੇਤ ਹਾਨੂਨ ਤੱਕ ਗਾਜ਼ਾ ਦੇ ਅੰਦਰ 800 ਮੀਟਰ (ਗਜ਼) ਤੱਕ" ਹੋਣ ਦੀ ਉਮੀਦ ਸੀ। ਇਜ਼ਰਾਈਲੀ ਅਧਿਕਾਰੀ ਨੇ ਕਿਹਾ ਕਿ ਇਜ਼ਰਾਈਲੀ ਫੌਜਾਂ ਗਾਜ਼ਾ ਤੋਂ ਪੂਰੀ ਤਰ੍ਹਾਂ ਪਿੱਛੇ ਨਹੀਂ ਹਟਣਗੀਆਂ ਜਦੋਂ ਤੱਕ "ਸਾਰੇ ਬੰਧਕਾਂ ਨੂੰ ਵਾਪਸ ਨਹੀਂ ਕਰ ਦਿੱਤਾ ਜਾਂਦਾ"। ਇਜ਼ਰਾਈਲ ਦੱਖਣੀ ਗਾਜ਼ਾ ਦੇ ਵਸਨੀਕਾਂ ਨੂੰ ਉੱਤਰ ਵੱਲ ਜਾਣ ਦੀ ਆਗਿਆ ਦੇਵੇਗਾ।

Eden's Liquor &
NEW YORK
PIZZA
Phone:- 510-582-3333
1086 A ST, Hayward
HOME OF THE 30" SUPER KING KONG PIZZA
ADD Fries to any deal for $2.99

Slice Deal
1 Topping Slice
1 Bag of Chips
1 Can of Soda
$8.99 *
Upgrade to 2 Toppings for a $1 more

Everyday Special
1 Large 14" Toppings Pizza
$21.99 *
FREE 2LT SODA

Best Deal
1X-Large 18" 1 Topping Pizza
$22.99 *
FREE 2LT SODA

King Kong Deal
1 King Kong 2 Toppings PIZZA
$37.99 *
FREE 2LT SODA

* Minimum Delivery $30.00
* Price subject to change without notice
* Taxes applied on all prices and deals

Sun - Thu 11AM - 10PM
Fri - Sat 11AM - 11PM
EdensLiquorandPizza.com

Padam Builders Inc.
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Harpreet Singh Padam 510-695-6435
Gurpreet Singh Padam 510-962-2593
email: padambuilders@gmail.com
Licensed # 1019803


Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ


Harpreet Singh Padam

3143 ARDEN ROAD, HAYWARD, CA- 94545

Sale
Store Closing Soon
Sale
50 ਤੋਂ 70 ਫੀਸਦੀ ਤੱਕ ਛੋਟ
PREET FABRICS & APPLIANCE
Every Thing Must Go

APPLIANCES & PARKER PENS, OSTER BLENDERS
Watches (Seiko, Citizen & Swistar)
Shavers & Trimmers Cellular Phones
and OSTER BLENDERS

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ। ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



556 MOWRY AVE. FREMONT. CA 94538
Tel- 510-797-7111